Digitized by Arya Samaj Foundation Chennai and eGangotri

ਮਹਾਂਬਲੀ
ਬੰਦਾ ਸਿੰਘ ਬਹਾਦਰ

ਪਿਆਰਾ ਸਿੰਘ ਦਾਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਂ ਬਲੀ
ਬੰਦਾ ਸਿੰਘ ਬਹਾਦਰ

Forwarded with compliments from
the Department of Education
Govt

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਂ ਬਲੀ -

ਬੰਦਾ ਸਿੰਘ ਬਹਾਦਰ

DONATION

ਪਿਆਰਾ ਸਿੰਘ 'ਦਾਤਾ'

ਨੈਸ਼ਨਲ ਬੁਕ ਸ਼ਾਪ

ਪਲੱਈਅਰ ਗਾਰਡਨ ਮਾਰਕੀਟ, ਚਾਂਦਨੀ ਚੌਕ, ਦਿੱਲੀ-110006

ਮੁਲ : 30 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

MAHABALI
BANDA SINGH BAHADUR

by : Piara Singh Data

Published by—
NATIONAL BOOK SHOP
32-B, Pleasure Garden Market,
Chandni Chowk, Delhi-6

ਨਵੀਂ ਐਡੀਸ਼ਨ ਅਗਸਤ 1987

ਨੈਸ਼ਨਲ ਬੁਕ ਸ਼ਾਪ ਦਿਲੀ ਨੇ ਜੀ. ਪੀ. ਆਫਸੈਟ ਪ੍ਰਿੰਟਰਜ਼, ਸ਼ਹਿਜ਼ਾਦਾ ਬਾਗ਼ ਐਕਸ:,
ਦਿਲੀ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6 — ਮੁਖ ਸ਼ਬਦ
9 — ਬੰਦਾ ਸਿੰਘ ਬਹਾਦਰ
10 — ਗੁਰੂ ਤੇਗ਼ ਬਹਾਦਰ ਜੀ
15 — ਗੁਰੂ ਗੋਬਿੰਦ ਸਿੰਘ ਜੀ
34 — ਬੰਦਾ ਬਹਾਦਰ ਦਾ ਮੁਢਲਾ ਜੀਵਨ
42 — ਬੰਦਾ ਬਹਾਦਰ ਪੰਜਾਬ ਵਲ
48 — ਬੰਦੇ ਦੀਆਂ ਜਿੱਤਾਂ—1
51 — ਗੁਰੂ ਮਾਰੀ ਸਰਹੰਦ
56 — ਬੰਦੇ ਦੀਆਂ ਜਿੱਤਾਂ—2
75 — ਮੁਗ਼ਲ ਫ਼ੌਜ ਦਾ ਕਿਲ੍ਹੇ ਵਿਚ ਦਾਖ਼ਲਾ
77 — ਬੰਦਾ ਬਹਾਦਰ ਮੁੜ ਮੈਦਾਨ ਵਿਚ
80 — ਦਿੱਲੀ ਤਖ਼ਤ ਲਈ ਝਗੜੇ
85 — ਸ਼ਾਹੀ ਫ਼ੌਜ ਨਾਲ ਟੱਕਰ
89 — ਬੰਦਾ—ਗੁਰਦਾਸ ਨੰਗਲ ਦੇ ਕਿਲ੍ਹੇ ਵਿਚ
91 — ਬੰਦਾ ਬਹਾਦਰ ਕਿਲ੍ਹੇ ਵਿਚ ਬੰਦ
93 — ਬੰਦਾ ਬਹਾਦਰ ਦੀ ਗ੍ਰਿਫ਼ਤਾਰੀ ਤੇ ਸ਼ਹਾਦਤ

ਅੰਤਿਕਾ

97 — ਬੰਦਾ ਬਹਾਦਰ ਤੋਂ ਪਹਿਲਾਂ ਤੇ ਪਿਛੋਂ—1
104 — ਬੰਦਾ ਬਹਾਦਰ ਤੋਂ ਪਹਿਲਾਂ ਤੇ ਪਿਛੋਂ—2
113 — ਬੰਦਾ ਸਿੰਘ ਬਹਾਦਰ ਬਾਰੇ ਇਤਿਹਾਸਕਾਰਾਂ ਦੀ ਰਾਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਖ ਸ਼ਬਦ

ਸੂਰਬੀਰ ਬੰਦਾ ਸਿੰਘ ਬਹਾਦਰ ਇਕ ਮਾਮੂਲੀ ਕਿਸਾਨ ਦੇ ਘਰ ਪੈਦਾ ਹੋਇਆ। ਮਾਪਿਆਂ ਨੇ ਉਸਦਾ ਨਾਂ ਮਾਧੋ ਦਾਸ ਰਖਿਆ। ਮਾਧੋ ਦਾਸ ਦਾ ਬਚਪਨ ਆਮ ਗ਼ਰੀਬ ਬਾਲਕਾਂ ਵਾਂਗ ਬੀਤਿਆ। ਜਵਾਨੀ ਵਿੱਚ ਉਹ ਇਕ ਤਕੜਾ ਸ਼ਿਕਾਰੀ ਬਣ ਗਿਆ, ਪਰ ਇਕ ਮਾਮੂਲੀ ਜੇਹੇ ਹਾਦਸੇ ਨੇ ਸ਼ਿਕਾਰੀ ਦੀ ਕਾਇਆਂ ਹੀ ਪਲਟ ਦਿੱਤੀ, ਤੇ ਉਹ ਸ਼ਿਕਾਰੀ ਦੀ ਥਾਂ ਬੈਰਾਗੀ ਬਣ ਗਿਆ। ਬੈਰਾਗੀ ਮਾਧੋ ਦਾਸ, ਜੰਮੂ ਦਾ ਜੰਮ-ਪਲ ਸੀ, ਪਰ ਪ੍ਰਸਿਧ ਇਤਿਹਾਸਕਾਰ ਹਰੀ ਰਾਮ ਗੁਪਤਾ ਦੀ ਖੋਜ ਮੁਤਾਬਕ ਉਹ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਇਲਾਕੇ ਵਿੱਚ ਪੈਦਾ ਹੋਇਆ, ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡ ਕੇ ਪੌਂਟੇ ਸਾਹਿਬ ਆ ਗਏ, ਤਾਂ ਮਾਧੋ ਦਾਸ ਦੀ ਉਨ੍ਹਾਂ ਨਾਲ ਮੁਲਾਕਾਤ ਹੋਈ। ਉਸ ਇਲਾਕੇ ਵਿੱਚ ਇਕ ਦੂਜੇ ਨਾਲ ਉਨ੍ਹਾਂ ਦਾ ਸੰਪਰਕ ਬਣਿਆ ਰਿਹਾ। ਉਸ ਸਮੇਂ ਬੈਰਾਗੀ ਮਾਧੋ ਦਾਸ, ਗੁਰੂ ਜੀ ਦਾ ਮਹਾਂਪੁਰਸ਼ਾਂ ਨਿਆਈਂ ਪੂਰਨ ਇੱਜ਼ਤ ਸਤਿਕਾਰ ਕਰਦਾ ਸੀ। ਇਸ ਪਿਛੋਂ ਗੁਰੂ ਜੀ, ਅਨੰਦਪੁਰ ਸਾਹਿਬ ਚਲੇ ਗਏ, ਤੇ ਉਨ੍ਹਾਂ ਦਾ ਬਾਕੀ ਦਾ ਜੀਵਨ ਪਹਾੜੀ ਰਾਜਿਆਂ ਤੇ ਮੁਗ਼ਲ ਹਕੂਮਤ ਨਾਲ ਲੜਾਈਆਂ ਵਿੱਚ ਹੀ ਬੀਤਿਆ। ਇਸ ਅਰਸੇ ਵਿੱਚ ਉਨ੍ਹਾਂ ਦੀ ਮਾਧੋ ਦਾਸ ਨਾਲ ਮੁੜ ਮੁਲਾਕਾਤ ਨਾਂਹ ਹੋਈ।

ਅਨੰਦਪੁਰ ਛੱਡਣ ਮਗਰੋਂ ਗੁਰੂ ਜੀ ਕਾਫ਼ੀ ਸੰਘਰਸ਼ਾਂ 'ਚੋਂ ਲੰਘਦੇ ਹੋਏ, ਜਦੋਂ ਨਾਂਦੇੜ ਪੁਜੇ, ਤਾਂ ਕਿਸੇ ਨੇ ਉਨ੍ਹਾਂ ਨੂੰ ਲਛਮਣ ਦਾਸ ਬੈਰਾਗੀ ਦੀ ਦਸ ਪਾਈ। ਉਦੋਂ ਮਾਧੋ ਦਾਸ ਤੋਂ ਲਛਮਣ ਦਾਸ ਬਣ ਉਹ ਨਾਂਦੇੜ ਦੇ ਨੇੜੇ ਹੀ ਆਪਣੇ ਆਸ਼ਰਮ ਵਿੱਚ ਡੇਰਾ ਲਾਈ ਬੈਠਾ ਸੀ। ਹੁਣ ਉਹ ਬੜੀਆਂ ਰਿਧੀਆਂ ਸਿਧੀਆਂ ਦਾ ਮਾਲਕ ਤੇ ਭੂਤ ਪ੍ਰੇਤਾਂ ਨੂੰ ਵਸ ਕਰਨ ਵਾਲਾ ਜਾਦੂਗਰ ਲਛਮਣ ਦਾਸ ਬੈਰਾਗੀ ਦੇ ਨਾਂ ਨਾਲ ਪ੍ਰਸਿਧ ਸੀ। ਜਦੋਂ ਗੁਰੂ ਜੀ ਉਸਦੇ ਆਸ਼ਰਮ ਪੁਜੇ ਤਾਂ ਬੰਦਾ ਬਹਾਦਰ ਉਨ੍ਹਾਂ ਨੂੰ ਪਛਾਣ ਨਾਂਹ ਸਕਿਆ। ਉਹ ਆਪਣਾ ਸਾਰਾ ਤਾਣ ਲਗਾਣ ਦੇ ਬਾਵਜੂਦ ਵੀ ਜਦੋਂ ਬਾਕੀ ਸਾਧੂ ਸੰਤਾਂ ਤੇ ਪੀਰਾਂ ਫ਼ਕੀਰਾਂ ਵਾਂਗ ਗੁਰੂ ਜੀ ਨੂੰ ਪਲੰਘ ਤੋਂ ਹੇਠਾਂ ਨਾਂਹ ਡੇਗ ਸਕਿਆ, ਤਾਂ ਉਹ ਬੜਾ ਹੈਰਾਨ ਹੋਇਆ। ਜਦ ਉਸਨੂੰ ਪਤਾ ਲੱਗਾ, ਕਿ ਇਹ ਮਹਾਂਪੁਰਸ਼ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਉਸਦੇ ਪਲੰਘ 'ਤੇ ਆਸਣ ਜਮਾਈ ਬੈਠੇ ਹਨ, ਤਾਂ ਉਹ ਆਪਣਾ ਮਾਣ ਹੰਕਾਰ ਤੇ ਅਭਿਮਾਨ ਤਿਆਗ ਗੁਰੂ ਜੀ ਦੀ ਚਰਨੀਂ ਡਿਗ ਪਿਆ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਅਚਾਨਕ ਉਸਦੇ ਮੂੰਹੋਂ ਨਿਕਲਿਆ, "ਮੈਂ ਆਪ ਦਾ ਬੰਦਾ ਹਾਂ।" ਇਸਦੇ ਉੱਤਰ ਵਿੱਚ ਗੁਰੂ ਜੀ ਨੇ ਕਿਹਾ, "ਜੇ ਤੂੰ ਸਾਡਾ ਬੰਦਾ ਏਂ, ਤਾਂ ਬੰਦਿਆਂ ਵਾਲੇ ਕੰਮ ਕਰ।"

ਬਸ ਉਸ ਦਿਨ ਤੋਂ ਲਛਮਣ ਦਾਸ ਬੈਰਾਗੀ ਦਾ ਨਾਂ "ਬੰਦਾ" ਪੈ ਗਿਆ, ਤੇ ਮਗਰੋਂ ਅੰਮ੍ਰਿਤ ਛਕ ਕੇ ਉਹ ਬੰਦਾ ਸਿੰਘ ਬਹਾਦਰ ਬਣ ਗਿਆ। ਗੁਰੂ ਜੀ ਦੀ ਆਗਿਆ ਅਨੁਸਾਰ ਬੰਦਾ ਸਿੰਘ ਬਹਾਦਰ, ਉਨ੍ਹਾਂ ਤੋਂ ਅਸੀਸਾਂ ਪ੍ਰਾਪਤ ਕਰ, ਗਿਣਤੀ ਦੇ ਹਥਿਆਰ ਤੇ ਚੋਣਵੇਂ ਬਹਾਦਰ ਯੋਧੇ ਲੈ ਪੰਜਾਬ ਵਲ ਰਵਾਨਾ ਹੋ ਗਿਆ। ਸੰਨ 1708 ਤੋਂ 1716 ਈ: ਤੀਕ ਪੂਰੇ ਅੱਠ ਸਾਲ ਤੀਕ ਪੰਜਾਬ ਦੀ ਚੱਪਾ ਚੱਪਾ ਧਰਤੀ ਬੰਦੇ ਦੇ ਨਾਂ ਤੋਂ ਕੰਬਦੀ ਰਹੀ। ਚੁਪਾਸੀਂ ਉਸਦੀ ਬਹਾਦਰੀ ਦਾ ਡੰਕਾ ਵਜ ਗਿਆ। ਬੰਦੇ ਨੇ ਪਿਛਲੇ ਇਤਿਹਾਸ ਨੂੰ ਅਜਿਹਾ ਮੋੜ ਦਿੱਤਾ, ਕਿ ਮੁੜ ਕੇ ਮੁਗਲਾਂ ਦੇ ਪੈਰ ਪੰਜਾਬ ਦੀ ਧਰਤੀ ਤੇ ਚੰਗੀ ਤਰ੍ਹਾਂ ਕਦੀ ਵੀ ਨਾਂਹ ਜੰਮ ਸਕੇ।

ਕਈ ਇਤਿਹਾਸਕਾਰਾਂ ਨੇ ਬੰਦੇ ਨੂੰ ਬੜਾ ਜ਼ਾਲਮ ਤੇ ਪੱਥਰ-ਦਿਲ ਦਰਸਾਇਆ ਹੈ। ਬੰਦੇ ਦਾ ਇਤਿਹਾਸ ਪੜ੍ਹਦਿਆਂ ਸਾਨੂੰ ਸਮੇਂ ਦੀ ਹਕੂਮਤ ਦੇ ਕਾਲੇ ਕਾਰਨਾਮੇ ਨਹੀਂ ਭੁਲਣੇ ਚਾਹੀਦੇ, ਤੇ ਇਹ ਗੱਲ ਵੀ ਮੁਖ ਰਖਣੀ ਚਾਹੀਦੀ ਹੈ ਕਿ ਬੰਦੇ ਦੀ ਫ਼ੌਜ ਨਾਲ ਬੇਅੰਤ ਲੁਟੇਰੇ ਤੇ ਧਾੜਵੀ ਹਮੇਸ਼ਾਂ ਹੁੰਦੇ ਸਨ, ਜਿਨ੍ਹਾਂ ਦਾ ਕੰਮ ਸਿਰਫ਼ ਲੁਟ-ਮਾਰ ਕਰਨਾ ਤੇ ਆਪਣੇ ਵਿਰੋਧੀਆਂ ਪਾਸੋਂ ਬਦਲੇ ਲੈਣੇ ਹੁੰਦਾ ਸੀ। ਉਹਨਾਂ ਦੀਆਂ ਅਜਿਹੀਆਂ ਕਾਰਵਾਈਆਂ ਨੂੰ ਕਿਸੇ ਹਾਲਤ ਵਿੱਚ ਵੀ ਬੰਦੇ ਦੇ ਕੰਮਾਂ ਨਾਲ ਮਿਲਾਣਾ ਨਹੀਂ ਚਾਹੀਦਾ। ਸਰਹੰਦ ਦੀ ਜੋ ਹਾਲਤ ਬੰਦੇ ਨੇ ਕੀਤੀ, ਉਸ ਤੋਂ ਵੀ ਉਸਦੇ ਕਰਦਾਰ ਦਾ ਪੂਰਨ ਤੌਰ ਤੇ ਅੰਦਾਜ਼ਾ ਨਹੀਂ ਲਾਉਣਾ ਚਾਹੀਦਾਂ। ਸਰਹੰਦ ਦੇ ਨਵਾਬ ਨੇ ਬੰਦੇ ਤੇ ਸਿੱਖਾਂ ਦੇ ਦਸਵੇਂ ਗੁਰੂ ਜੀ ਦੇ ਬੱਚਿਆਂ ਨੂੰ ਨਿਹਾਇਤ ਬੁਰੀ ਤਰ੍ਹਾਂ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਸੀ। ਗੁਰੂ ਜੀ ਦੇ ਪਰਮ ਮਿੱਤਰ ਸੱਯਦ ਬੁਧੂ ਸ਼ਾਹ 'ਫ਼ਕੀਰ', ਜਿਸਨੇ ਗੁਰੂ ਜੀ ਦੀ ਸਹਾਇਤਾ ਲਈ ਆਪਣਾ ਸਰਬੰਸ ਵਾਰ ਦਿਤਾ ਸੀ, ਨੂੰ ਜ਼ਾਲਮਾਂ ਨੇ ਇਸੇ ਦੋਸ਼ ਵਿੱਚ ਕਤਲ ਕਰ ਦਿਤਾ ਸੀ, ਕਿ ਉਸਨੇ ਭੰਗਾਣੀ ਦੇ ਯੁਧ ਵਿੱਚ ਗੁਰੂ ਜੀ ਦੀ ਸਹਾਇਤਾ ਕਿਉਂ ਕੀਤੀ ਸੀ ? ਤਾਂ, ਕੀ ਉਹਨਾਂ ਮਾਸੂਮ ਜਿੰਦਾਂ ਤੇ ਬੇਗੁਨਾਹ ਸੱਯਦ ਜੀ ਦੇ ਕਤਲ ਦਾ ਬਦਲਾ ਸਬੰਧਤ ਜ਼ਾਲਮਾਂ ਤੋਂ ਲੈਣਾ ਜ਼ਰੂਰੀ ਨਹੀਂ ਸੀ ?

ਬੰਦੇ ਦੀ ਸ਼ਹਾਦਤ ਪਿਛੋਂ ਬੰਦਈ ਤੇ ਤੱਤ ਖ਼ਾਲਸੇ ਵਿਚਕਾਰ ਕਈ ਝੜਪਾਂ ਹੋਈਆਂ ਤੇ ਦਿਨ-ਬ-ਦਿਨ ਇਹ ਵਿਰੋਧਤਾ ਵਧਦੀ ਹੀ ਗਈ, ਪਰ ਬੰਦੇ ਦੇ ਜੀਊਂਦਿਆਂ ਜੀਅ ਇਸ ਵਿਤਕਰੇ ਦਾ ਨਾਂ-ਨਿਸ਼ਾਨ ਨਹੀਂ ਸੀ।

ਕਈ ਇਤਿਹਾਸਕਾਰ ਬੰਦੇ ਦੀ ਮੌਤ ਬਾਰੇ ਵਖੋ ਵਖ ਰਾਵਾਂ ਰਖਦੇ ਹਨ। ਕਈਆਂ ਦਾ ਖ਼ਿਆਲ ਹੈ, ਕਿ ਉਸਨੂੰ ਦਿੱਲੀ ਸ਼ਹੀਦ ਕਰ ਦਿਤਾ ਗਿਆ ਤੇ ਕੁਝ ਦਾ ਇਹ ਵਿਚਾਰ ਹੈ, ਕਿ ਜਦੋਂ ਬੰਦੇ ਨੂੰ ਸ਼ਹੀਦ ਕਰਕੇ ਜਮਨਾ ਕਿਨਾਰੇ ਸੁਟ ਦਿਤਾ ਗਿਆ, ਤਾਂ ਉਥੋਂ ਇਕ ਸਾਧੂ ਉਸਨੂੰ ਆਪਣੀ ਕੁਟੀਆ ਵਿੱਚ ਲੈ ਗਿਆ। ਕਾਫ਼ੀ ਦਿਨਾਂ ਦੇ ਇਲਾਜ ਮਗਰੋਂ ਉਹ ਰਾਜ਼ੀ ਹੋ ਗਿਆ ਅਤੇ ਉਥੋਂ ਬੰਦਾ ਸਿੰਘ ਬਚ ਕੇ ਪੰਜਾਬ ਆ ਗਿਆ, ਪਰ ਇਥੇ ਹਾਲਾਤ ਮੁਆਫ਼ਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਂਹ ਹੋਣ ਕਾਰਣ, ਉਹ ਜੰਮੂ ਦੀਆਂ ਪਹਾੜੀਆਂ ਵਿੱਚ ਇਕਾਂਤ ਹੋ ਕੇ ਜਾ ਬੈਠਾ। ਸੋ ਯਕੀਨੀ ਤੌਰ ਤੇ ਕਿਹਾ ਜਾਣਾ ਮੁਸ਼ਕਿਲ ਹੈ ਕਿ ਅਸਲੀਅਤ ਕੀ ਸੀ ?

ਆਪਣੀ ਵਲੋਂ ਹਿੰਦੁਸਤਾਨ ਦੀ ਜ਼ਾਲਮ ਹਕੂਮਤ ਨੇ ਬੰਦੇ ਨੂੰ ਸ਼ਹੀਦ ਕਰ ਦਿਤਾ ਸੀ, ਪਰ ਜੋ ਭਾਂਬੜ ਉਹ ਪੰਜਾਬੀਆਂ ਦੇ ਦਿਲਾਂ ਵਿੱਚ ਬਾਲ ਗਿਆ ਸੀ, ਅੰਤ ਉਹ 'ਪੰਜਾਬੀਆਂ ਦੇ ਆਪਣੇ ਪੰਚਾਇਤੀ ਰਾਜ' ਦੀ ਸ਼ਕਲ ਵਿੱਚ ਦੁਨੀਆਂ ਦੇ ਸਾਹਮਣੇ ਆਇਆ। ਬੰਦਾ ਸਿੰਘ ਬਹਾਦਰ ਸੰਸਾਰ ਤੋਂ ਕੂਚ ਕਰ ਗਿਆ, ਪਰ ਉਸਦਾ ਨਾਂ ਸਦਾ ਲਈ ਅਮਰ ਰਹੇਗਾ।

ਬੰਦਾ ਬਹਾਦਰ ਦੇ ਜੀਵਨ ਬਾਰੇ ਹਾਲੀਂ ਖੋਜ ਜਾਰੀ ਹੈ। 'ਮਹਾਂਬਲੀ ਬੰਦਾ ਸਿੰਘ ਬਹਾਦਰ' ਰਾਹੀਂ ਅਸੀਂ ਉਸ ਸੂਰਬੀਰ ਦੀ ਸੰਖੇਪ ਜੀਵਨੀ ਪਾਠਕਾਂ ਸਾਹਮਣੇ ਰੱਖਣ ਦਾ ਯਤਨ ਕੀਤਾ ਹੈ, ਜਿਸਦੇ ਸ਼ਾਨਦਾਰ ਕਾਰਨਾਮਿਆਂ ਨੇ ਉਸਨੂੰ ਸੰਸਾਰ ਪ੍ਰਸਿਧ ਜਰਨੈਲਾਂ ਦੀ ਕਤਾਰ ਵਿੱਚ ਲਿਆ ਖੜਾ ਕੀਤਾ ਹੈ।

—ਪਿਆਰਾ ਸਿੰਘ 'ਦਾਤਾ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਸਿੰਘ ਬਹਾਦਰ

ਸੂਰਬੀਰ ਬੰਦਾ ਸਿੰਘ ਬਹਾਦਰ, ਦੁਨੀਆਂ ਦੇ ਗਿਣਤੀ ਦੇ ਚੋਣਵੇਂ ਜਰਨੈਲਾਂ ਵਿਚ ਗਿਣਿਆ ਜਾਂਦਾ ਹੈ। ਉਸਨੇ ਕੇਵਲ ਅੱਠਾਂ ਸਾਲਾਂ ਵਿਚ ਸੰਨ 1708 ਤੋਂ 1716 ਈ: ਤੀਕ ਵੈਰੀਆਂ ਦੇ ਛੱਕੇ ਛੁੜਾ ਦਿਤੇ। ਜਿਸ ਗੁਮਨਾਮ ਬੰਦੇ ਦਾ ਪਹਿਲਾਂ ਕੋਈ ਨਾਂ ਵੀ ਨਹੀਂ ਸੀ ਜਾਣਦਾ, ਉਸਦੀ ਆਮਦ ਦੀ ਖ਼ਬਰ ਸੁਣ ਵੈਰੀਆਂ ਦੀਆਂ ਸਫ਼ਾਂ ਵਿਚ ਤਰਥੱਲੀ ਮਚ ਜਾਂਦੀ, ਤੇ ਬੜੇ ਬੜੇ ਨਾਢੂ ਖ਼ਾਨਾਂ ਦੇ ਹੌਸਲੇ ਪਸਤ ਹੋ ਜਾਂਦੇ ਸਨ। ਬੰਦੇ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਜ਼ਬਰਦਸਤ ਝੜਪਾਂ, ਉਸ ਦੀਆਂ ਜਿੱਤਾਂ ਤੇ ਹਾਰਾਂ ਦੇ ਵਿਸਥਾਰ ਪੂਰਬਕ ਇਤਿਹਾਸ ਤੋਂ ਪਹਿਲਾਂ ਸਿੱਖਾਂ ਦੇ ਨਾਵੇਂ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਤੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਸੰਖੇਪ ਜੀਵਨੀਆਂ ਤੇ ਕਾਰਗੁਜ਼ਾਰੀਆਂ ਦਾ ਪਾਠਕਾਂ ਪ੍ਰਤੀ ਦਰਸਾਣਾ ਜ਼ਰੂਰੀ ਹੈ। ਇਸ ਤੋਂ ਭਲੀ-ਭਾਂਤ ਉਨ੍ਹਾਂ ਹਾਲਾਤ ਦਾ ਪਤਾ ਲੱਗ ਜਾਵੇਗਾ, ਜਿਨ੍ਹਾਂ ਤੋਂ ਪ੍ਰਭਾਵਤ ਹੋ ਇਕ ਬੈਰਾਗੀ, ਵੈਸ਼ਨੋ ਸਾਧੂ, ਮਾਧੋ ਦਾਸ ਨੂੰ ਇੱਡੀ ਵਿਸ਼ਾਲ ਤੇ ਮਜ਼ਬੂਤ ਹਕੂਮਤ ਵਿਰੁਧ ਤਲਵਾਰ ਚੁਕਣੀ ਪਈ।

ਬੰਦਾ ਬਹਾਦਰ ਦੇ ਵਾਰ ਵਾਰ ਦੇ ਤੂਫ਼ਾਨੀ ਹੱਲਿਆਂ ਨੇ ਸੱਤ ਸਦੀਆਂ ਪੁਰਾਣੀ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਹਿਲਾ ਦਿਤੀਆਂ, ਤੇ ਨਤੀਜੇ ਦੇ ਤੌਰ ਤੇ ਬੰਦੇ ਬਹਾਦਰ ਦੀ ਸ਼ਹਾਦਤ (ਸੰਨ 1616 ਈ:) ਤੋਂ ਕੇਵਲ ਅੱਧੀ ਸਦੀ ਮਗਰੋਂ (ਸੰਨ 1764 ਈ:) ਵਿਚ ਸਿੱਖ ਮਿਸਲਾਂ ਦੀ ਸਥਾਪਨਾ ਹੋ ਗਈ ਤੇ ਮੁਗ਼ਲ ਹਕੂਮਤ ਦੇ ਪੰਜਾਬ ਵਿਚਲੇ ਮਜ਼ਬੂਤ ਗੜ੍ਹ, ਲਾਹੌਰ—ਨੂੰ ਮਹਾਰਾਜਾ ਰਣਜੀਤ ਸਿੰਘ ਨੇ 6 ਜੁਲਾਈ, ਸੰਨ 1799 ਈ: ਵਿਚ ਫ਼ਤਹਿ ਕਰਕੇ ਸਿੱਖ ਰਾਜ ਦੀ ਕਾਇਮੀ ਦਾ ਐਲਾਨ ਕਰ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਤੇਗ਼ ਬਹਾਦਰ ਜੀ

[1622—1675 ਈ:]

ਗੁਰੂ ਤੇਗ਼ ਬਹਾਦਰ ਜੀ, ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਭਰ ਜਵਾਨੀ ਸਮੇਂ ਉਹ ਪ੍ਰਭੂ ਦੀ ਯਾਦ ਵਿਚ ਲੀਨ ਰਿਹਾ ਕਰਦੇ ਸਨ। ਸਿੱਖਾਂ ਦੇ ਅਠਵੇਂ ਗੁਰੂ—ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਅੰਤ ਸਮੇਂ ਇਹ ਸ਼ਬਦ ਉਚਾਰੇ "ਗੁਰੂ ਬਾਬਾ ਬਕਾਲੇ"। ਉਸ ਸਮੇਂ ਗੁਰੂ ਤੇਗ਼ ਬਹਾਦਰ ਜੀ ਬਕਾਲੇ ਵਿਖੇ ਇਕਾਂਤ ਵਿਚ ਬੈਠ ਪ੍ਰਭੂ ਭਗਤੀ ਵਿਚ ਦਿਨ ਰਾਤ ਲੀਨ ਰਿਹਾ ਕਰਦੇ ਸਨ। ਬਕਾਲੇ ਵਿਖੇ ਹੀ 22 ਭੇਖੀ ਗੁਰੂ ਆਪਣੇ ਆਪ ਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਵਾਰਸ ਦਰਸਾਂਦੇ ਹੋਏ, ਸਿੱਖਾਂ ਤੋਂ ਧਨ ਇਕੱਠਾ ਕਰ ਰਹੇ ਸਨ।[1]

ਗੁਰੂ ਘਰ ਦੇ ਇਕ ਸਿਦਕੀ ਸਿੱਖ ਮਖਣ ਸ਼ਾਹ ਲੁਬਾਣਾ ਨੇ ਬਕਾਲੇ ਪਹੁੰਚ ਗੁਰੂ ਜੀ ਨੂੰ ਢੂੰਡ ਕੇ ਢੰਡੋਰਾ ਦੇ ਦਿਤਾ, "ਗੁਰੂ ਲਾਧੋ ਰੇ—ਗੁਰੂ ਲਾਧੋ ਰੇ"। ਇਸ ਤਰ੍ਹਾਂ ਗੁਰੂ ਜੀ ਦੇ ਗੱਦੀ ਤੇ ਬੈਠਣ ਸਮੇਂ ਬਹੁਤ ਸਾਰੀ ਵਿਰੋਧਤਾ ਹੋਈ। ਬਹੁਤ ਸਾਰੇ ਮਨਮਤੀ ਗੁਰੂਆਂ ਦੀਆਂ ਗੱਦੀਆਂ ਖੁਸ ਗਈਆਂ ਸਨ। ਬਕਾਲੇ ਤੋਂ ਗੁਰੂ ਜੀ, ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ, ਦਰਸ਼ਨਾਂ ਲਈ ਗਏ। ਉਹ ਇਸ਼ਨਾਨ ਕਰਕੇ ਜਦੋਂ ਹਰੀ ਮੰਦਰ ਦਾਖ਼ਲ ਹੋਣ ਲੱਗੇ, ਤਾਂ ਉਸ ਸਮੇਂ ਦੇ ਸੋਢੀ ਪ੍ਰਬੰਧਕਾਂ ਨੇ ਹਰੀ ਮੰਦਰ ਦੇ ਦਰ, ਉਨ੍ਹਾਂ ਲਈ ਬੰਦ ਕਰ ਦਿਤੇ, ਤੇ ਉਨ੍ਹਾਂ ਨੂੰ ਦਰਸ਼ਨਾਂ ਦੀ ਆਗਿਆ ਨਾਂਹ ਦਿਤੀ।

ਗੁਰੂ ਜੀ ਬਕਾਲੇ ਵਾਪਸ ਆ ਗਏ। ਉਥੋਂ ਉਹ ਕੀਰਤਪੁਰ ਚਲੇ ਗਏ। ਗੁਰੂ ਦੇ ਸਿੰਘਾਂ ਨੇ ਧੀਰਮਲੀਆਂ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਖੋਹ ਲਈ, ਪਰ ਗੁਰੂ ਜੀ ਦੇ ਹੁਕਮ ਤੇ ਉਹ ਬੀੜ ਦਰਿਆ ਪ੍ਰਵਾਹ ਕਰ ਦਿਤੀ ਗਈ, ਜਿਥੋਂ ਧੀਰ ਮਲੀਆਂ ਨੇ ਬੀੜ ਮੁੜ ਪ੍ਰਾਪਤ ਕਰ ਲਈ। ਇਹ ਬੀੜ ਅੱਜ ਵੀ ਕਰਤਾਰਪੁਰ ਦੇ ਸੋਢੀਆਂ ਪਾਸ ਮੌਜੂਦ ਹੈ। ਇਨ੍ਹਾਂ ਝਗੜੇ ਝਾਂਜਿਆਂ ਵਿਚ ਨਾਂਹ ਪੈਂਦਿਆਂ ਹੋਇਆਂ ਗੁਰੂ ਜੀ ਨੇ ਕੀਰਤਪੁਰ ਦੀ ਥਾਂ ਸੰਨ 1665 ਈ: ਵਿਚ ਚਕ ਨਾਨਕੀ (ਅਨੰਦਪੁਰ ਸਾਹਿਬ) ਜੋ ਰਿਆਸਤ ਕੋਲੂਰ ਵਿਚ ਵਾਕਿਆ ਸੀ, ਵਿਚ ਰਹਿਣ ਦਾ

---

1. ਭੇਖੀ ਗੁਰੂ 22 ਨਹੀਂ, ਸਗੋਂ ਕੇਵਲ ਦੋ ਸਨ, ਤੇ ਉਹ ਸਨ ਧੀਰ ਮਲ ਤੇ ਰਾਮ ਰਾਏ।
—ਭਾਈ ਵੀਰ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫ਼ੈਸਲਾ ਕੀਤਾ। ਇਸ ਤਰ੍ਹਾਂ ਅਨੰਦਪੁਰ ਸਾਹਿਬ ਦੀ ਧਰਤੀ ਗੁਰੂ ਸਾਹਿਬ ਨੇ ਕੋਹਲੂਰ ਦੇ ਰਾਜੇ ਪਾਸੋਂ ਖ਼ਰੀਦ ਲਈ।

ਅਗਲੇ ਸਾਲ ਗੁਰੂ ਤੇਗ਼ ਬਹਾਦਰ ਜੀ ਆਪਣੇ ਪ੍ਰਵਾਰ ਤੇ ਕੁਝ ਸਿਦਕੀ ਸਿੱਖਾਂ ਨੂੰ ਨਾਲ ਲੈ ਕੇ ਧਰਮ ਪ੍ਰਚਾਰ ਲਈ ਨਿਕਲ ਤੁਰੇ। ਆਪਣੇ ਇਸ ਦੌਰੇ ਸਮੇਂ ਉਨ੍ਹਾਂ ਕੁਰਕਸ਼ੇਤਰ, ਆਗਰਾ, ਇਟਾਵਾ ਤੇ ਪ੍ਰਯਾਗ ਆਦਿ ਥਾਵਾਂ ਦੀ ਯਾਤਰਾ ਕੀਤੀ। ਬਾਹਰੋਂ ਜੋ ਮਾਇਆ ਗੁਰੂ ਜੀ ਨੂੰ ਭੇਟ ਕੀਤੀ ਜਾਂਦੀ, ਉਸ ਨਾਲ ਲੰਗਰ ਤਿਆਰ ਕੀਤਾ ਜਾਂਦਾ, ਤੇ ਲੋੜਵੰਦਾਂ, ਗ਼ਰੀਬ ਗੁਰਬੇ ਤੇ ਦੁਖੀ ਵਿਅਕਤੀਆਂ ਨੂੰ ਛਕਾ ਦਿਤਾ ਜਾਂਦਾ।

ਇਸ ਤਰ੍ਹਾਂ ਗੁਰੂ ਜੀ ਧਰਮ ਪ੍ਰਚਾਰ ਕਰਦੇ ਹੋਏ ਪਟਨੇ ਜਾ ਪਹੁੰਚੇ। ਪਟਨੇ ਵਿਖੇ ਉਹ ਆਪਣੇ ਪ੍ਰਵਾਰ ਨੂੰ ਮਾਤਾ ਗੁਜਰੀ ਜੀ ਦੇ ਵੀਰ ਕਿਰਪਾਲ ਜੀ ਦੀ ਨਿਗਰਾਨੀ ਵਿਚ ਛੱਡ ਕੇ ਆਪ ਪ੍ਰਚਾਰ ਲਈ ਅੱਗੇ ਤੁਰ ਪਏ। ਗੁਰੂ ਜੀ ਨੂੰ 22 ਦਸੰਬਰ, ਸੰਨ 1666 ਨੂੰ ਇਹ ਸ਼ੁਭ ਖ਼ਬਰ ਪਹੁੰਚੀ, ਕਿ ਉਹਨਾਂ ਦੇ ਘਰ ਬਾਲ ਗੋਬਿੰਦ ਰਾਏ ਨੇ ਜਨਮ ਲਿਆ ਹੈ। ਉਹ ਅਸਾਮ ਦਾ ਦੌਰਾ ਕਰਕੇ ਲਗਪਗ ਤਿੰਨ ਸਾਲਾਂ ਮਗਰੋਂ ਸੰਨ 1669-70 ਨੂੰ ਪਟਨੇ ਪਹੁੰਚੇ। ਪਟਨੇ ਵਿਚ ਉਹ ਤਿੰਨ ਕੁ ਸਾਲ ਠਹਿਰੇ। ਪਟਨੇ ਵਿਖੇ ਉਨ੍ਹਾਂ ਦੀ ਯਾਦ ਵਿਚ ਅੱਧੀ ਕੁ ਦਰਜਨ ਗੁਰ-ਅਸਥਾਨ ਮੌਜੂਦ ਹਨ। ਪਟਨਾ ਵਿਖੇ ਹੀ ਬਾਲ ਗੋਬਿੰਦ ਰਾਏ ਨੇ ਘੋੜ ਸਵਾਰੀ, ਤੀਰ ਅੰਦਾਜ਼ੀ ਆਦਿ ਕਰਤਬ ਸਿਖੇ, ਤੇ ਇਥੇ ਹੀ ਗੁਰ-ਇਤਿਹਾਸ, ਗੁਰਬਾਣੀ ਤੋਂ ਇਲਾਵਾ ਫ਼ਾਰਸੀ ਤੇ ਸੰਸਕ੍ਰਿਤ ਵੀ ਸਿਖ ਲਈ।

ਗੁਰੂ ਤੇਗ਼ ਬਹਾਦਰ ਜੀ ਸੰਨ 1671 ਈ: ਦੇ ਕਰੀਬ ਅਨੰਦਪੁਰ ਸਾਹਿਬ ਵਾਪਸ ਆ ਗਏ। ਇਥੇ ਦੂਰੋਂ ਨੇੜਿਉਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਆਂਦੀਆਂ। ਕੀਰਤਨ ਦਰਬਾਰ ਹੁੰਦੇ। ਗੁਰੂ ਕੇ ਲੰਗਰ ਦਿਨ ਰਾਤ ਚਲਦੇ ਰਹਿੰਦੇ। ਲੋਕੀਂ ਅਨੰਦਪੁਰ ਆ ਕੇ ਵਸਣ ਲੱਗ ਪਏ। ਹੁਣ ਅਨੰਦਪੁਰ ਰੌਣਕ ਭਰਿਆ ਸ਼ਹਿਰ ਬਣ ਗਿਆ।

ਔਰੰਗਜ਼ੇਬ ਆਪਣੇ ਪਿਤਾ, ਸ਼ਾਹਜਹਾਨ ਨੂੰ ਕੈਦ ਕਰਕੇ ਤੇ ਆਪਣੇ ਭਰਾਵਾਂ ਨੂੰ ਕਤਲ ਕਰਕੇ ਸੰਨ 1657 ਵਿਚ ਦਿੱਲੀ ਦੇ ਤਖ਼ਤ ਤੇ ਬੈਠਾ। ਉਸਨੇ ਇਸਲਾਮ ਦੇ ਨਾਂ ਤੇ ਰਜ ਕੇ ਜ਼ੁਲਮ ਕੀਤੇ। ਉਸਨੇ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਦੇ ਝੰਡੇ ਹੇਠਾਂ ਲਿਆਣ ਦੀ ਮੁਹਿੰਮ ਜਾਰੀ ਰਖੀ। ਹਜ਼ਾਰਾਂ ਹਿੰਦੂ, ਇਸਲਾਮ ਦੇ ਨਾਂ ਤੇ ਕਤਲ ਕਰ ਦਿਤੇ ਗਏ। ਉਸਨੇ ਬਹੁਤ ਸਾਰੇ ਮੁਸਲਮ ਫ਼ਕੀਰਾਂ ਨਾਲ ਵੀ ਉਹੀ ਸਲੂਕ ਕੀਤਾ, ਜੋ ਉਹਦੀ ਵਿਰੋਧਤਾ ਕਰਦੇ ਸਨ।

ਉਸਦੇ ਫ਼ੁਰਮਾਨ ਮੁਤਾਬਕ ਬਹੁਤ ਸਾਰੀਆਂ ਕੀਮਤੀ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਮੰਦਰਾਂ ਤੋਂ ਹਟਾ ਕੇ ਆਗਰੇ ਦੀ ਬੇਗਮ ਮਸਜਦ ਦੀਆਂ ਸੀੜ੍ਹੀਆਂ ਵਿਚ ਰਖਵਾ ਦਿਤੀਆਂ ਗਈਆਂ, ਤਾਂ ਜੋ ਨਮਾਜ਼ੀ ਉਨ੍ਹਾਂ ਮੂਰਤੀਆਂ ਨੂੰ ਪੈਰਾਂ ਹੇਠ ਰੋਂਦ ਕੇ ਸੀੜ੍ਹੀਆਂ ਤੇ ਚੜ੍ਹਨ। ਜੋਧਪੁਰ ਦੇ ਮੰਦਰਾਂ 'ਚੋਂ ਵੀ ਮੂਰਤੀਆਂ ਉਠਵਾ ਕੇ ਜਾਮਾ ਮਸਜਦ ਦੀਆਂ ਸੀੜ੍ਹੀਆਂ ਤੇ ਟਿਕਾ ਦਿਤੀਆਂ ਗਈਆਂ। ਨਵੰਬਰ 1665 ਈ: ਨੂੰ ਦੀਵਾਲੀ ਤੇ ਹੋਲੀ ਦੇ ਤਿਉਹਾਰ ਮਨਾਣ ਦੀ ਸਾਰੇ ਗੁਜਰਾਤ ਵਿਚ ਮਨਾਹੀ ਕਰ ਦਿਤੀ ਗਈ। ਸੰਨ 1671 ਵਿਚ ਸ਼ਾਹੀ ਫ਼ੁਰਮਾਨ ਜਾਰੀ ਕੀਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਿਆ, ਕਿ ਟੈਕਸ ਇਕੱਠਾ ਕਰਨ ਵਾਲੇ ਸਾਰੇ ਹਿੰਦੂ ਅਫ਼ਸਰਾਂ ਪਾਸੋਂ ਇਹ ਅਹੁਦੇ ਖੋਹ ਲਏ ਜਾਣ। ਸਾਰੇ ਦਫ਼ਤਰਾਂ 'ਚੋਂ ਹਿੰਦੂ ਕਲਰਕ ਕਢ ਦਿਤੇ ਗਏ। ਸੰਨ 1674 ਵਿਚ ਗੁਜਰਾਤ ਵਿਚ ਜਿੰਨੀ ਜ਼ਮੀਨ, ਧਾਰਮਕ ਅਸਥਾਨਾਂ ਨੂੰ ਸਰਕਾਰ ਵਲੋਂ ਦਿਤੀ ਗਈ ਸੀ, ਉਹ ਸਭ ਜ਼ਬਤ ਕਰ ਲਈ ਗਈ।

ਇਕ ਹੋਰ ਫ਼ੁਰਮਾਨ ਜਾਰੀ ਹੋਇਆ, "ਸਭ ਸਿੱਖ ਧਰਮ ਅਸਥਾਨਾਂ ਨੂੰ ਬਰਬਾਦ ਕਰ ਦਿਤਾ ਜਾਏ ਤੇ ਗੁਰੂਆਂ ਦੇ ਥਾਪੇ ਮਸੰਦਾਂ ਨੂੰ, ਜੋ ਸਿੱਖ ਸ਼ਰਧਾਲੂਆਂ ਤੋਂ ਗੁਰੂਆਂ ਲਈ ਮਾਇਆ ਤੇ ਹੋਰ ਭੇਟਾਵਾਂ ਇਕੱਤਰ ਕਰਦੇ ਸਨ, ਸ਼ਹਿਰੋਂ ਬਾਹਿਰ ਕਢ ਦਿਤਾ ਜਾਵੇ।"

ਇਨ੍ਹਾਂ ਸਰਕਾਰੀ ਫ਼ਰਮਾਨਾਂ ਤੋਂ ਦੁਖੀ ਹੋ ਕੇ ਸੰਨ 1669 ਈ: ਵਿਚ ਆਗਰਾ ਤੇ ਮਥਰਾ ਦੇ ਹਿੰਦੂ ਜਾਟਾਂ ਨੇ ਬਗ਼ਾਵਤ ਕਰ ਦਿਤੀ, ਜਿਸਨੂੰ ਸਖ਼ਤੀ ਨਾਲ ਕੁਚਲ ਦਿਤਾ ਗਿਆ। ਇਸ ਬਗ਼ਾਵਤ ਵਿਚ 5,000 ਜਾਟ ਮਾਰੇ ਗਏ ਤੇ 7,000 ਨੂੰ ਜਬਰੀ ਮੁਸਲਮਾਨ ਬਣਾ ਲਿਆ ਗਿਆ।

ਸਤਨਾਮੀ ਹਿੰਦੂਆਂ ਨੇ ਜ਼ਾਲਮ ਹਕੂਮਤ ਹਥੋਂ ਤੰਗ ਆ ਕੇ ਮਈ, 1672 ਈ: ਵਿਚ ਹਕੂਮਤ ਵਿਰੁਧ ਬਗ਼ਾਵਤ ਕਰ ਦਿਤੀ। ਉਹ ਵੀ ਸਖ਼ਤੀ ਨਾਲ ਦਬਾ ਦਿਤੀ ਗਈ। ਰਾਜਪੂਤ ਤੇ ਮਰਹੱਟੇ ਵੀ ਹਕੂਮਤ ਵਿਰੁਧ ਕਈ ਵਾਰ ਹਥਿਆਰਬੰਦ ਬਗ਼ਾਵਤਾਂ ਕਰ ਚੁਕੇ ਸਨ। ਇਸ ਤਰ੍ਹਾਂ ਦੀਆਂ ਬਗ਼ਾਵਤਾਂ ਨੂੰ—ਔਰੰਗਜ਼ੇਬ ਤੋਂ ਪਹਿਲਾਂ ਜੋਧਪੁਰ ਦੇ ਰਾਜਾ ਜਸਵੰਤ ਸਿੰਘ, ਤੇ ਅੰਬਰ (ਜੈਪੁਰ) ਦੇ ਰਾਜਾ ਜੈ ਸਿੰਘ ਨੇ ਮੁਗ਼ਲਾਂ ਦੀ ਹਕੂਮਤ ਦਾ ਸਾਥ ਦੇ ਕੇ ਦਬਾ ਦਿਤੀਆਂ ਸਨ, ਪਰ ਮੁਗ਼ਲ ਹਕੂਮਤ ਦੇ ਇਨ੍ਹਾਂ ਵਫ਼ਾਦਾਰ ਰਾਜਿਆਂ ਦੀ ਵੀ ਔਰੰਗਜ਼ੇਬ ਹਥੋਂ ਬੇਪਤੀ ਕੀਤੀ ਗਈ। ਸਾਰੇ ਭਾਰਤ ਵਿਚ ਹੀ ਹਿੰਦੂਆਂ ਤੇ ਬੜੇ ਜ਼ੁਲਮ ਢਾਹੇ ਗਏ।

ਕਸ਼ਮੀਰੀ ਪੰਡਤ ਅਨੰਦਪੁਰ ਸਾਹਿਬ ਵਿਖੇ

ਕਸ਼ਮੀਰੀ ਪੰਡਤਾਂ ਨੂੰ ਜਬਰੀ ਇਸਲਾਮ ਕਬੂਲਣ ਲਈ ਹੁਕਮ ਦਿਤਾ ਗਿਆ। ਇਸ ਮੁਸੀਬਤ ਸਮੇਂ 500 ਕਸ਼ਮੀਰੀ ਪੰਡਤਾਂ ਨੇ ਕਿਰਪਾ ਰਾਮ[1] ਦੀ ਅਗਵਾਈ ਹੇਠ ਹਕੂਮਤ ਦੇ ਤੁਅੱਸਬ ਭਰਪੂਰ ਸਲੂਕ ਤੋਂ ਤੰਗ ਪੈ ਕੇ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆ ਪੁਕਾਰ ਕੀਤੀ। ਉਨ੍ਹਾਂ ਦੀ ਦਰਦ ਭਰੀ ਕਹਾਣੀ ਸੁਣ ਗੁਰੂ ਜੀ ਸੋਚੀਂ ਪੈ ਗਏ। ਉਸ ਸਮੇਂ ਬਾਲ ਗੋਬਿੰਦ ਰਾਏ ਵੀ ਦਰਬਾਰ ਵਿਚ ਬੈਠੇ ਸਨ। ਉਨ੍ਹਾਂ ਪਿਤਾ ਜੀ ਤੋਂ ਪੁਛਿਆ "ਪਿਤਾ ਜੀ! ਅੱਜ ਆਪ ਕਿਨ੍ਹਾਂ ਸੋਚਾਂ ਵਿਚ ਡੁੱਬੇ ਹੋਏ ਹੋ?"

ਗੁਰੂ ਜੀ ਬੋਲੇ, "ਇਸ ਬਿਪਤਾ ਸਮੇਂ ਕਿਸੇ ਮਹਾਨ ਵਿਅੱਕਤੀ ਦੀ ਕੁਰਬਾਨੀ ਦੀ ਲੋੜ ਹੈ, ਜੋ ਇਸ ਜ਼ੁਲਮ ਵਿਰੁੱਧ ਅਵਾਜ਼ ਬਲੰਦ ਕਰਕੇ ਹਿੰਦੂ ਧਰਮ ਦੀ ਰੱਖਿਆ ਕਰ ਸਕੇ।"

---

1. ਇਹੀ ਕਿਰਪਾ ਰਾਮ, ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸੰਸਕ੍ਰਿਤ ਪੜ੍ਹਾਂਦਾ ਰਿਹਾ ਤੇ ਖ਼ਾਲਸਾ ਪੰਥ ਦੀ ਸਾਜਨਾ ਸਮੇਂ ਸਿੰਘ ਸਜ ਗਿਆ। ਅੰਤ ਮੁਗ਼ਲਾਂ ਨਾਲ ਲੜਦਿਆਂ ਹੋਇਆਂ ਉਸਨੇ ਸ਼ਹਾਦਤ ਪਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਲ ਗੋਬਿੰਦ ਰਾਇ ਜੀ ਬੋਲ, "ਪਿਤਾ ਜੀ ! ਇਸ ਸਮੇਂ ਆਪ ਤੋਂ ਵਧ ਮਹਾਨ ਵਿਅਕਤੀ ਕੌਣ ਹੋ ਸਕਦੇ ? ਤੁਸੀਂ ਹੀ ਇਹ ਕਾਰਜ ਕਰੋ, ਜਿਸ ਨਾਲ ਹਿੰਦੂ ਧਰਮ ਦੀ ਰੱਖਿਆ ਹੋ ਸਕੇ ।"

ਇਹ ਉਤਸ਼ਾਹ ਭਰਪੂਰ ਸ਼ਬਦ ਬਾਲ ਗੋਬਿੰਦ ਰਾਏ ਦੇ ਮੂੰਹੋਂ ਸੁਣ ਗੁਰੂ ਜੀ ਨੇ ਕਿਰਪਾ ਰਾਮ ਨੂੰ ਕਿਹਾ, "ਤੁਸੀਂ ਹਕੂਮਤ ਨੂੰ ਸਾਡਾ ਇਹ ਸੁਨੇਹਾ ਪੁਚਾ ਦਿਉ, ਕਿ ਜੇ ਸਿੱਖਾਂ ਦੇ ਗੁਰੂ, ਤੇਗ ਬਹਾਦਰ ਇਸਲਾਮ ਕਬੂਲ ਲੈਣ, ਤਾਂ ਅਸੀਂ ਸਭ ਮੁਸਲਮਾਨ ਬਣਨ ਨੂੰ ਤਿਆਰ ਹਾਂ ।"

ਸੋ ਗੁਰੂ ਜੀ ਦਾ ਇਹ ਸੁਨੇਹਾ ਬਾਦਸ਼ਾਹ ਔਰੰਗਜ਼ੇਬ ਨੂੰ ਪਹੁੰਚਾ ਦਿਤਾ ਗਿਆ । ਔਰੰਗਜ਼ੇਬ ਇਹ ਸੁਣ ਕੇ ਅੱਗ ਭਬੂਕਾ ਹੋ ਗਿਆ । ਉਸਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਜਾਰੀ ਕਰ ਦਿਤਾ । ਦਿੱਲੀ ਜਾਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੇ, ਬਾਲ ਗੋਬਿੰਦ ਰਾਏ ਨੂੰ ਗੁਰੂ ਹਰਗੋਬਿੰਦ ਸਾਹਿਬ ਦੀ ਤਲਵਾਰ ਭੇਟ ਕੀਤੀ ਤੇ ਕੇਵਲ 9 ਸਾਲ ਦੀ ਉਮਰ ਦੇ ਬਾਲ ਨੂੰ ਗੁਰਗੱਦੀ ਬਖਸ਼ ਕੇ ਓਹ ਆਪ ਦਿੱਲੀ ਵਲ ਤੁਰ ਪਏ ।

ਗ੍ਰਿਫ਼ਤਾਰੀ ਤੇ ਸ਼ਹਾਦਤ

ਗ੍ਰਿਫਤਾਰੀ ਦਾ ਹੁਕਮ ਸੁਣ ਗੁਰੂ ਤੇਗ ਬਹਾਦਰ ਜੀ ਸਭ ਤੋਂ ਪਹਿਲਾਂ ਪੰਜਾਬ ਤੇ ਹਰਿਆਣੇ ਵਲ ਪ੍ਰਚਾਰ ਲਈ ਨਿਕਲ ਗਏ । ਉਨ੍ਹਾਂ ਦੇ ਉਪਦੇਸ਼ ਸੁਣ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਤੇ ਮੁਸਲਮਾਨ ਇਕੱਠੇ ਹੋਣ ਲੱਗ ਪਏ । ਲੋਕੀਂ ਗੁਰੂ ਜੀ ਨੂੰ "ਸੱਚਾ ਪਾਤਸ਼ਾਹ" ਦੇ ਨਾਂ ਨਾਲ ਯਾਦ ਕਰਦੇ ਸਨ । ਇਹ ਸਾਰੀਆਂ ਖ਼ਬਰਾਂ ਦਿੱਲੀ ਪਹੁੰਚ ਰਹੀਆਂ ਸਨ ।. ਜਦੋਂ ਗੁਰੂ ਜੀ ਆਪਣੇ ਸੇਵਕਾਂ ਨਾਲ ਦਿੱਲੀ ਪੁਜੇ, ਤਾਂ ਉਨ੍ਹਾਂ ਨੂੰ "ਸੱਚਾ ਪਾਤਸ਼ਾਹ" ਹੋਣ ਦੇ ਨਾਤੇ ਕੋਈ ਕਰਾਮਾਤ ਕਰ ਵਿਖਾਣ ਲਈ ਕਿਹਾ ਗਿਆ । ਪਰ ਗੁਰੂ ਜੀ ਨੇ ਇਹ ਕਹਿੰਦਿਆਂ ਹੋਇਆਂ ਇਨਕਾਰ ਕਰ ਦਿਤਾ ਕਿ ਗੁਰੂ ਘਰ ਵਿਚ ਕਰਾਮਾਤਾਂ ਵਿਖਾਣ ਦੀ ਆਗਿਆ ਨਹੀਂ ।[1]

ਆਗਰੇ ਤੇ ਹੋਰ ਸ਼ਹਿਰਾਂ ਵਿਚ ਗੁਰੂ ਜੀ ਵਲੋਂ ਕੀਤੇ ਜਾ ਰਹੇ ਪ੍ਰਚਾਰ ਨੂੰ ਬਗਾਵਤ ਕਰਾਰ ਦੇ ਕੇ ਔਰੰਗਜ਼ੇਬ ਨੇ ਹੁਕਮ ਦਿਤਾ, ਕਿ ਗੁਰੂ ਤੇਗ ਬਹਾਦਰ ਨੂੰ ਦਿੱਲੀ ਦਰਬਾਰ ਵਿਚ ਫ਼ੌਰੀ ਹਾਜ਼ਰ ਕੀਤਾ ਜਾਵੇ । ਪਰ ਗੁਰੂ ਜੀ ਨੇ ਇਹ ਹੁਕਮ ਮੰਨਣੋਂ ਇਨਕਾਰ ਕਰ ਦਿਤਾ । ਦਿੱਲੀ ਦਰਬਾਰ ਵਿਖੇ ਹਾਜ਼ਰ ਹੋਣ ਦੀ ਥਾਂ ਉਹ ਦੇਸ਼ ਦੇ ਵਖੋ-ਵਖ ਹਿੱਸਿਆਂ ਵਿਚ ਪ੍ਰਚਾਰ ਲਈ ਨਿਕਲ ਤੁਰੇ । ਇਹ ਖ਼ਬਰ ਸੁਣ ਔਰੰਗਜ਼ੇਬ ਨੇ ਅੱਲਾ ਖ਼ਾਂ ਨਾਂ ਦੇ ਪਠਾਣ ਨੂੰ ਗੁਰੂ ਜੀ ਨੂੰ ਫੜ ਕੇ ਲਿਆਣ ਲਈ ਘਲਿਆ, ਜੋ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਦਿੱਲੀ ਲੈ ਆਇਆ ।

---

1. ਗੁਰੂ ਨਾਨਕ ਦੀ ਸੰਪਰਦਾਇ ਦੇ ਇਕ ਸੰਤ (ਗੁਰੂ ਤੇਗ ਬਹਾਦਰ ਜੀ) ਹਜ਼ਾਰਾਂ ਖਤਰੀਆਂ ਤੇ ਬ੍ਰਾਹਮਣਾਂ ਦੇ ਗੁਰੂ ਬਣ ਗਏ । ਇਸ ਤਰ੍ਹਾਂ ਬ੍ਰਾਹਮਣ ਭਾਈਚਾਰੇ, ਹਿੰਦੂ ਨੇਤਾਵਾਂ ਤੇ ਕਾਜ਼ੀਆਂ ਨੇ ਮਿਲ ਕੇ ਦਿੱਲੀ ਦਰਬਾਰ ਨੂੰ ਸ਼ਕਾਇਤਾਂ ਘਲੀਆਂ, ਕਿ ਇਹ ਵਿਅੱਕਤੀ ਕਿਸੇ ਧਰਮ ਦਾ ਅਨੁਆਈ ਨਹੀਂ. ਤੇ ਸਾਰੇ ਦੇਸ਼ ਵਿਚ ਇਸਲਾਮ ਤੇ ਦੂਜੇ ਧਰਮਾਂ ਵਿਰੁੱਧ ਬਗਾਵਤ ਫੈਲਾ ਰਿਹਾ ਹੈ । —ਖ਼ਾਫ਼ੀ ਖ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਮਗਰੋਂ ਔਰਗਜ਼ੇਬ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦਿਤਾ, ਤੇ ਰਾਜਾ ਰਾਮ ਸਿੰਘ ਦੀ ਜ਼ਮਾਨਤ ਤੇ ਉਨ੍ਹਾਂ ਨੂੰ ਉਸ ਦੇ ਸਪੁਰਦ ਕਰ ਦਿਤਾ ।[1]

ਦਿੱਲੀ ਪਹੁੰਚਣ ਸਮੇਂ ਗੁਰੂ ਜੀ ਦੇ ਨਾਲ ਉਨ੍ਹਾਂ ਦੇ ਤਿੰਨ ਸਿਦਕੀ ਸਿੱਖ ਵੀ ਮੌਜੂਦ ਸਨ । ਉਨ੍ਹਾਂ 'ਚੋਂ ਭਾਈ ਮਤੀ ਦਾਸ ਨੂੰ ਜੀਂਦਿਆਂ ਜੀਅ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ । ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿਚ ਪਾ ਕੇ ਉਬਾਲਿਆ ਗਿਆ, ਤੀਜੇ ਸਿੱਖ ਭਾਈ ਸਤੀ ਦਾਸ ਨੂੰ ਤਲਵਾਰ ਦੇ ਘਾਟ ਉਤਾਰ ਦਿਤਾ ਗਿਆ । ਇਨ੍ਹਾਂ ਤਿੰਨਾਂ ਸਿੱਖਾਂ ਨੂੰ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ ਗਿਆ, ਤਾਂ ਜੋ ਗੁਰੂ ਜੀ ਇਹ ਭਿਆਨਕ ਦ੍ਰਿਸ਼ ਦੇਖ ਕੇ ਡਰ ਜਾਣ ਤੇ ਇਸਲਾਮ ਕਬੂਲ ਕਰ ਲੈਣ ।

ਗੁਰੂ ਜੀ ਨੂੰ ਇਸਲਾਮ ਕਬੂਲ ਕਰਨ ਲਈ ਆਖ਼ਰੀ ਵਾਰੀ ਫਿਰ ਮੌਕਹਿ ਦਿਤਾ ਗਿਆ । ਉਨ੍ਹਾਂ ਦੇ ਇਨਕਾਰ ਤੇ ਚਾਂਦਨੀ ਚੌਕ ਦਿੱਲੀ ਵਿਖੇ 11 ਨਵੰਬਰ 1675 ਈ: ਨੂੰ ਉਨ੍ਹਾਂ ਨੂੰ ਸ਼ਹੀਦ ਕਰ ਦਿਤਾ ਗਿਆ । ਹੁਣ ਇਸ ਥਾਂ ਗੁਰਦੁਆਰਾ ਸੀਸ ਗੰਜ ਬਣਿਆ ਹੋਇਆ ਹੈ । ਜਿਥੇ ਉਨ੍ਹਾਂ ਦੇ ਸਰੀਰ ਦਾ ਸਸਕਾਰ ਕੀਤਾ ਗਿਆ, ਉਸਦਾ ਨਾਂ ਗੁਰਦੁਆਰਾ ਰਕਾਬ ਗੰਜ ਹੈ ।

---

1. ਕੁਝ ਚਿਰ ਮਗਰੋਂ ਨਾਨਕ ਪੰਥੀ ਗੁਰੂ ਹਰਾਸਤ 'ਚੋਂ ਨਠ ਗਿਆ, ਜਿਸ ਤੇ ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਤੋਂ ਇਸਦੀ ਜਵਾਬ-ਤਲਬੀ ਕੀਤੀ । ਉੱਤਰ ਵਿਚ ਰਾਜੇ ਨੇ ਕਿਹਾ, "ਹਜ਼ੂਰ ! ਹਰਾਸਤ 'ਚੋਂ ਨੱਠਾ ਵਿਅੱਕਤੀ ਕੋਈ ਨਵਾਬ ਜਾਂ ਰਾਜਾ ਨਹੀਂ, ਉਹ ਤਾਂ ਇਕ ਫ਼ਕੀਰ ਹੈ ।" —ਐਸ. ਕੇ. ਭੁਈਆਨ, ਪੰਨਾ 163 (ਅਸਾਮੀ ਤੋਂ ਅਨੁਵਾਦ)
ਉਪ੍ਰੋਕਤ ਗੱਲ ਇਤਿਹਾਸਕ ਤੱਥਾਂ ਤੋਂ ਦੂਰ ਲੱਗਦੀ ਹੈ । ਗੁਰੂ ਤੇਗ਼ ਬਹਾਦਰ ਜੀ ਤਾਂ ਔਰੰਗਜ਼ੇਬ ਦੇ ਹੁਕਮ ਨਾਲ ਦਿੱਲੀ ਵਿਖੇ ਸ਼ਹੀਦ ਹੋ ਗਏ ਸਨ । ਸਿੱਖ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ "ਗੁਰੂ ਜੀ ਨੂੰ ਆਗਰੇ ਵਿਖੇ ਗ੍ਰਿਫ਼ਤਾਰ ਕਰ ਲਿਆ ਗਿਆ, ਤੇ ਉਨ੍ਹਾਂ ਨੂੰ ਫ਼ੌਜੀ ਹਿਰਾਸਤ ਹੇਠ ਦਿੱਲੀ ਪੁਚਾਇਆ ਗਿਆ" (ਭਾਈ ਸੰਤੋਖ ਸਿੰਘ ਤੇ ਗਿਆਨ ਸਿੰਘ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਗੋਬਿੰਦ ਸਿੰਘ ਜੀ

[1666—1708 ਈ:]

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਪਟਨਾ ਵਿਖੇ ਸੰਨ 1666 ਈ: ਵਿਚ ਜਨਮ ਹੋਇਆ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਆਯੂ ਕੇਵਲ ਨੌਂ ਸਾਲ ਸੀ। ਉਹ ਬਚਪਨ ਵਿਚ ਹੀ ਮਾਤਾ ਗੁਜਰੀ ਤੇ ਮਾਮਾ ਕਿਰਪਾਲ ਦਾਸ ਨਾਲ ਪਟਨਾ ਛੱਡ ਕੇ ਅਨੰਦਪੁਰ ਆ ਗਏ ਸਨ। ਇਹ ਥਾਂ ਗੁਰੂ ਤੇਗ਼ ਬਹਾਦਰ ਜੀ ਨੇ ਕੁਝ ਚਿਰ ਪਹਿਲਾਂ ਹੀ ਪਹਾੜੀ ਰਾਜੇ ਕੋਹਲੂਰ ਤੋਂ ਖ਼ਰੀਦੀ ਸੀ।

ਕੇਵਲ ਨੌਂ ਸਾਲ ਦੀ ਆਯੂ ਵਿਚ ਦਸਮ ਗੁਰੂ ਜੀ, ਗੁਰਗੱਦੀ ਤੇ ਬਿਰਾਜਮਾਨ ਹੋ ਗਏ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਮਗਰੋਂ ਗੁਰੂ ਗੋਗਿੰਦ ਸਿੰਘ ਜੀ ਨੇ ਬਾਲ ਅਵਸਥਾ ਵਿਚ ਹੀ ਫ਼ੌਜੀ ਸਿਖਲਾਈ ਪ੍ਰਾਪਤ ਕਰ ਲਈ ਤੇ ਨਾਲ ਹੀ ਹਿੰਦੀ, ਸੰਸਕ੍ਰਿਤ, ਫ਼ਾਰਸੀ, ਅਰਬੀ ਤੇ ਪੰਜਾਬੀ ਦਾ ਅਧਿਐਨ ਵੀ ਜਾਰੀ ਰਖਿਆ।

ਉਸ ਸਮੇਂ ਅਨੰਦਪੁਰ ਦੇ ਚੁਪਾਸੀਂ ਪਹਾੜੀ ਹਿੰਦੂ ਰਾਜਿਆਂ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਸਨ। ਅਰੰਭ ਵਿਚ ਤਾਂ ਰਾਜੇ ਖ਼ਾਮੋਸ਼ ਰਹੇ, ਪਰ ਜਦ ਗੁਰੂ ਜੀ ਦੇ ਦਰਬਾਰ ਵਿਚ ਮਾਇਆ ਦੇ ਖੁਲ੍ਹੇ ਗਫਿਆਂ ਦੇ ਨਾਲ ਹੀ ਫ਼ੌਜੀ ਹਥਿਆਰ ਵੀ ਆਉਣੇ ਸ਼ੁਰੂ ਹੋ ਗਏ, ਤੇ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਫ਼ੌਜੀ ਸਿਖਲਾਈ ਦੇਣੀ ਵੀ ਅਰੰਭ ਦਿਤੀ। ਸਵੇਰੇ ਸ਼ਾਮੀਂ ਦੋਵੇਂ ਵੇਲੇ ਰਣਜੀਤ ਨਗਾਰੇ ਦੀ ਚੋਟ ਨਾਲ ਚੁਪਾਸੀਂ ਪਹਾੜੀਆਂ ਗੂੰਜ ਉਠਦੀਆਂ, ਤੇ ਰਾਜਿਆਂ ਨੂੰ ਚਿੰਤਾ ਲੱਗ ਗਈ ਕਿ ਗੁਰੂ ਜੀ ਦੀ ਦਿਨ-ਬਦਿਨ ਵਧ ਰਹੀ ਤਾਕਤ ਕਿਧਰੇ ਉਨ੍ਹਾਂ ਦੀਆਂ ਰਿਆਸਤਾਂ ਲਈ ਖ਼ਤਰਾ ਨਾ ਬਣ ਜਾਏ। ਸੋ ਉਹ ਚੇਤੰਨ ਹੋ ਗਏ।

ਉਸ ਸਮੇਂ ਨਾਨਕ ਨਾਮ-ਲੇਵਾ ਹਜ਼ਾਰਾਂ ਸਿੱਖ ਰੋਜ਼ਾਨਾ ਅਨੰਦਪੁਰ ਸਾਹਿਬ ਵਿਖੇ ਦਰਸ਼ਨਾਂ ਲਈ ਆਉਂਦੇ, ਤੇ ਮਾਇਆ ਦੇ ਨਾਲ ਹੀ ਬੰਦੂਕਾਂ, ਤਲਵਾਰਾਂ, ਢਾਲਾਂ, ਨੇਜ਼ੇ, ਤੀਰ ਕਮਾਨ ਆਦਿ ਵੀ ਭੇਟ ਕਰਦੇ। ਅਨੰਦਪੁਰ ਵਿਚ ਦੋਵੇਂ ਵੇਲੇ ਰਣਜੀਤ ਨਗਾਰੇ ਦੀ ਪਹਿਲੀ ਚੋਟ ਤੇ ਦੀਵਾਨ ਸਜਦੇ, ਕੀਰਤਨ ਹੁੰਦਾ, ਕਥਾ ਹੁੰਦੀ ਤੇ ਗੁਰੂ ਘਰ ਦਾ ਪ੍ਰਚਾਰ ਹੁੰਦਾ। ਉਸ ਸਮੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਵਖੋ-ਵਖ ਸਾਜ਼ਾਂ ਦੇ ਵਜਾਣ, ਤੇ ਰਾਗਾਂ ਦੇ ਉੱਚਾਰਣ ਨੂੰ ਹੁਕਮਨ ਬੰਦ ਕਰ ਦਿਤਾ ਸੀ। ਸਦੀਆਂ ਤੋਂ ਜਿਨ੍ਹਾਂ ਸਾਜ਼ਿੰਦਿਆਂ ਨੇ ਆਪਣੀ ਉਪਜੀਵਕਾ ਲਈ ਇਹ ਕਿੱਤਾ ਅਪਣਾਇਆ ਸੀ, ਉਹ ਭੁਖੇ ਮਰਨ ਲੱਗੇ। ਉਹੀ ਸਾਜ਼ਿੰਦੇ ਮੁਗ਼ਲ ਬਾਦਸ਼ਾਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਵਤੀਰੇ ਤੋਂ ਦੁਖੀ ਹੋ ਗੁਰ-ਦਰਬਾਰ ਵਿਚ ਅਨੰਦਪੁਰ ਆ ਪੁਜੇ। ਉਨ੍ਹਾਂ ਕਲਾਕਾਰਾਂ ਦੀ ਗੁਰੂ ਜੀ ਕਦਰ ਕਰਨ ਲੱਗੇ। ਗੁਰ-ਦਰਬਾਰ ਵਿਚ ਦੇਸ ਦੇ ਪ੍ਰਸਿਧ ਤੇ ਨਾਮੀ ਗਰਾਮੀ ਸ਼ਾਇਰ ਵੀ ਇਕੱਠੇ ਹੋ ਗਏ, ਜਿਨ੍ਹਾਂ ਦੀ ਗਿਣਤੀ 52 ਸੀ। ਗੁਰੂ ਜੀ ਕਵੀਆਂ ਤੇ ਸੰਗੀਤਕਾਰਾਂ ਦਾ ਗਾਇਨ ਸੁਣ ਕੇ ਮੁਗਧ ਹੋ ਜਾਂਦੇ। ਉਹ, ਇਨ੍ਹਾਂ ਕਲਾਕਾਰਾਂ ਦੀ ਬੜੀ ਕਦਰ ਕਰਦੇ। ਕਈ ਵਾਰ ਤਾਂ ਉਹ ਚੁਪ-ਚੁਪੀਤੇ ਰਾਗੀਆਂ, ਕਵੀਆਂ, ਗੀਤਕਾਰਾਂ ਤੇ ਸੰਗੀਤਕਾਰਾਂ ਦੇ ਸੁਤਿਆਂ ਪਿਆਂ ਉਨ੍ਹਾਂ ਦੇ ਸਿਰਹਾਣੇ ਮੋਹਰਾਂ ਰਖਵਾ ਦੇਂਦੇ, ਤਾਂ ਜੋ ਉਹ ਮਹਿਸੂਸ ਨਾ ਕਰਨ। ਜਦੋਂ ਕੋਈ ਰਾਗੀ ਜਾਂ ਕਵੀ ਗੁਰੂ ਜੀ ਤੋਂ ਸਦਾ ਲਈ ਛੁੱਟੀ ਤੇ ਜਾਣਾ ਚਾਹੁੰਦਾ, ਤਾਂ ਕਲਾ ਦੇ ਕਦਰਦਾਨ, ਗੁਰੂ ਜੀ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਤੋਹਫ਼ਿਆਂ ਤੇ ਮੋਹਰਾਂ ਨਾਲ ਨਿਹਾਲ ਕਰ ਦੇਂਦੇ।

ਗੁਰੂ ਜੀ ਆਪ ਵੀ ਕਈ ਸਾਜ਼ਾਂ ਦੇ ਮਾਹਿਰ ਸਨ। ਉਹ ਸਿਰੰਦਾ, ਮਿਰਦੰਗ ਤੇ ਢੋਲਕ ਬਹੁਤ ਵਧੀਆ ਵਜਾਂਦੇ ਸਨ। ਉਨ੍ਹੀਂ ਦਿਨੀਂ ਗੁਰੂ ਜੀ ਆਪਣੇ ਚੋਣਵੇਂ ਸਿੱਖਾਂ ਨਾਲ ਸ਼ਿਕਾਰ ਖੇਡਣ ਵੀ ਦੂਰ-ਦੁਰਾਡੇ ਜੰਗਲਾਂ ਵਿਚ ਨਿਕਲ ਜਾਂਦੇ ਸਨ। ਉਹ ਨਵੀਨ ਹਥਿਆਰਾਂ ਦੀ ਸਿਖਲਾਈ ਵੀ ਸਿੱਖਾਂ ਨੂੰ ਕਰਾਂਦੇ ਸਨ। ਉਸ ਸਮੇਂ ਗੁਰੂ ਜੀ ਭਰ-ਜਵਾਨ ਸਨ। ਬੜੇ ਖ਼ੂਬਸੂਰਤ, ਚੰਗਾ ਕੱਦ ਕਾਠ, ਚਮਕਦੀਆਂ ਅੱਖਾਂ, ਚੌੜੀ ਛਾਤੀ ਤੇ ਚੇਹਰੇ ਤੇ ਰੱਬੀ ਜਲਾਲ ਟਪਕਦਾ ਸੀ।

ਛੇਤੀ ਹੀ ਗੁਰੂ ਜੀ ਦੀ ਸ਼ੋਹਰਤ ਦੂਰ ਨੇੜੇ ਜਾ ਪਹੁੰਚੀ। ਪਹਾੜੀ ਰਾਜੇ ਬੜੇ ਚਿੰਤਾਤੁਰ ਹੋਏ। ਰਣਜੀਤ ਨਗਾਰਾ ਵੱਜਣ ਨਾਲ ਉਨ੍ਹਾਂ ਦੇ ਦਿਲ ਬੈਠਣ ਲੱਗ ਜਾਂਦੇ। ਕਹਿਲੂਰ (ਬਿਲਾਸਪੁਰ) ਦਾ ਰਾਜਾ ਭੀਮ ਚੰਦ ਗੁਰੂ ਜੀ ਦੇ ਇਨ੍ਹਾਂ ਕਾਰਜਾਂ ਨੂੰ ਜੰਗੀ ਤਿਆਰੀਆਂ ਸਮਝਣ ਲੱਗ ਪਿਆ। ਪਹਾੜੀ ਰਾਜਿਆਂ ਦੀ ਨਰਾਜ਼ਗੀ ਦੇ ਡਰ ਕਾਰਣ ਮਸੰਦਾਂ ਨੇ ਮਾਤਾ ਗੁਜਰੀ ਨੂੰ, ਗੁਰੂ ਜੀ ਦੇ ਇਨ੍ਹਾਂ ਕੰਮਾਂ ਨੂੰ ਫ਼ੌਰੀ ਬੰਦ ਕਰਨ ਲਈ ਬੇਨਤੀ ਕੀਤੀ। ਮਾਤਾ ਜੀ ਨੇ ਆਪਣੇ ਬੇਟੇ ਨੂੰ ਇਹ ਕੰਮ ਬੰਦ ਕਰਕੇ ਆਪਣੀ ਸਾਰੀ ਰੁਚੀ ਧਾਰਮਕ ਕਾਰਜਾਂ ਤੇ ਲਾਣ ਲਈ ਕਿਹਾ, ਪਰ ਗੁਰੂ ਜੀ ਪਹਿਲਾਂ ਵਾਂਗ ਹੀ ਆਪਣੀਆਂ ਸਰਗਰਮੀਆਂ ਵਿਚ ਜੁਟੇ ਰਹੇ।

ਉਨ੍ਹੀਂ ਦਿਨੀਂ ਅਸਾਮ ਦੇ ਹਿੰਦੂ ਰਾਜੇ, ਰਾਜਾ ਰਾਮ ਦਾ ਸ਼ਹਿਜ਼ਾਦਾ ਰਤਨ ਰਾਏ ਗੁਰ-ਦਰਸ਼ਨਾਂ ਲਈ ਅਨੰਦਪੁਰ ਸਾਹਿਬ ਆਇਆ। ਉਹ ਆਪਣੇ ਨਾਲ ਭੇਟਾ ਵਜੋਂ ਬਹੁਤ ਸਾਰੇ ਕੀਮਤੀ ਤੋਹਫ਼ੇ ਲਿਆਇਆ, ਜਿਨ੍ਹਾਂ ਵਿਚ ਇਕ ਬੜਾ ਪਿਆਰਾ ਤੇ ਸਿਖਿਆ ਸਿਖਾਇਆ ਹਾਥੀ ਵੀ ਸੀ।[1]

---

1. ਕਈ ਇਤਿਹਾਸਕਾਰਾਂ ਦਾ ਵਿਚਾਰ ਹੈ, ਕਿ ਅਸਲ ਵਿਚ ਇਹ ਹਾਥੀ, ਲੜਾਈ ਦੇ ਸਾਰੇ ਢੰਗ ਸਿਖਿਆ ਹੋਇਆ ਸੀ, ਤੇ ਚਿਟਾਗਾਂਵ (ਹੁਣ ਬੰਗਲਾ ਦੇਸ਼) ਦੇ ਰਾਜੇ ਮਾਨਕ ਰਾਏ ਵਲੋਂ ਸਿੱਖ ਸੰਗਤ ਢਾਕਾ ਰਾਹੀਂ ਗੁਰੂ ਜੀ ਨੂੰ ਭੇਟਾ ਵਜੋਂ ਘਲਿਆ ਗਿਆ ਸੀ। ਗੁਰੂ ਜੀ ਵਲੋਂ ਇਸ ਹਾਥੀ ਤੇ ਹੋਰ ਤੋਹਫ਼ਿਆਂ ਦੀ ਪਹੁੰਚ ਦੀ ਚਿੱਠੀ ਅੱਜ ਵੀ ਢਾਕੇ ਦ ਗੁਰਦੁਆਰਾ ਸਾਹਿਬ ਵਿਚ ਮੌਜੂਦ ਦੱਸੀ ਜਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨ੍ਹਾਂ ਭੇਟਾਵਾਂ ਵਿਚ ਹੋਰ ਨਵੀਨ ਹਥਿਆਰ ਵੀ ਸਨ, ਜੋ ਇੱਕੋ ਸਮੇਂ ਪੰਜ ਵੱਖੋ-ਵੱਖ ਹਥਿਆਰਾਂ ਦੀ ਸ਼ਕਲ ਵਿਚ ਤਬਦੀਲ ਹੋ ਜਾਂਦਾ ਸੀ। ਪੰਜ ਬੜੇ ਖ਼ੂਬਸੂਰਤ ਘੋੜੇ, ਜਿਨ੍ਹਾਂ ਦੀਆਂ ਕਾਠੀਆਂ ਨਾਲ ਕੀਮਤੀ ਹੀਰੇ ਮੋਤੀ ਜੜ੍ਹੇ ਹੋਏ ਸਨ, ਇਕ ਸੁੰਦਰ ਸ਼ਾਹੀ ਤਖ਼ਤ ਤੇ ਨਾਲ ਹੀ ਕਈ ਤਰ੍ਹਾਂ ਦੇ ਕੀਮਤੀ ਹੀਰੇ ਜਵਾਹਰਾਤ। ਗੁਰੂ ਜੀ ਸ਼ਹਿਜ਼ਾਦੇ ਦੀਆਂ ਇਹ ਕੀਮਤੀ ਭੇਟਾਂ ਵੇਖ ਕੇ ਬੜੇ ਪ੍ਰਸੰਨ ਹੋਏ। ਰਾਜਾ ਰਾਮ ਨੇ ਆਪਣੇ ਬੇਟੇ ਸ਼ਹਿਜ਼ਾਦੇ ਰਤਨ ਰਾਏ ਰਾਹੀਂ ਇਹ ਕੀਮਤੀ ਤੋਹਫ਼ੇ ਗੁਰੂ ਜੀ ਨੂੰ ਘਲੇ ਸਨ। ਗੁਰੂ ਜੀ ਦੇ ਚਰਨੀਂ ਲੱਗ ਸ਼ਹਿਜ਼ਾਦੇ ਨੇ ਗੁਰੂ ਘਰ ਦੀਆਂ ਖ਼ੁਸ਼ੀਆਂ ਤੇ ਅਸ਼ੀਰਵਾਦ ਪ੍ਰਾਪਤ ਕੀਤੇ।[1]

ਉਨ੍ਹੀਂ ਦਿਨੀਂ ਹੀ ਰਾਜਾ ਕਾਹਲੂਰ (ਭੀਮ ਚੰਦ) ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਗੁਰ-ਦਰਬਾਰ ਦੀ ਇੰਨੀ ਸ਼ਾਨ-ਸ਼ੌਕਤ, ਕੀਮਤੀ ਹਥਿਆਰ ਤੇ ਰੋਜ਼ਾਨਾ ਨੌਜਵਾਨਾਂ ਦੀ ਫ਼ੌਜੀ ਸਿਖਲਾਈ ਵੇਖ ਸੜ ਬਲ ਗਿਆ। ਉਸਨੇ ਇਹ ਸਾਰੇ ਕੀਮਤੀ ਤੋਹਫ਼ੇ ਹਥਿਆਣ ਲਈ ਇਕ ਖੜਯੰਤਰ ਰਚਿਆ। ਆਪਣੀ ਰਿਆਸਤ ਵਿਚ ਪਹੁੰਚ ਉਸਨੇ ਆਪਣਾ ਦੀਵਾਨ ਗੁਰੂ ਜੀ ਦੀ ਸੇਵਾ ਵਿਚ ਘਲਿਆ. ਕਿ ਉਸਦੇ ਬੇਟੇ ਦੀ ਸ਼ਾਦੀ ਰਾਜਾ ਫ਼ਤਹਿ ਸ਼ਾਹ ਸ੍ਰੀਨਗਰ (ਗੜ੍ਹਵਾਲ) ਦੀ ਪੁਤਰੀ ਨਾਲ ਹੋ ਰਹੀ ਹੈ, ਇਸ ਲਈ ਅਸਾਮ ਤੋਂ ਪ੍ਰਾਪਤ ਹੋਏ ਤੋਹਫ਼ੇ ਕੁਝ ਦਿਨਾਂ ਲਈ ਉਸਨੂੰ ਉਧਾਰ ਦੇ ਦਿਤੇ ਜਾਣ। ਇਸ ਨਾਲ ਸ਼ਾਦੀ ਦੇ ਸਮਾਗਮ ਦੀ ਸ਼ਾਨ ਦੂਣ-ਸਵਾਈ ਹੋ ਜਾਵੇਗੀ। ਉਸ ਮਗਰੋਂ ਇਹ ਤੋਹਫ਼ੇ ਵਾਪਸ ਕਰ ਦਿਤੇ ਜਾਣਗੇ।

ਗੁਰੂ ਜੀ ਰਾਜੇ ਦੀ ਇਸ ਚਾਲ ਨੂੰ ਫ਼ੌਰਨ ਤਾੜ ਗਏ। ਉਨ੍ਹਾਂ ਇਹ ਕਹਿ ਕੇ ਤੋਹਫ਼ੇ ਦੇਣੋਂ ਇਨਕਾਰ ਕਰ ਦਿਤਾ, "ਇਹ ਅਮੋਲਕ ਵਸਤੂਆਂ ਸੰਗਤਾਂ ਵਲੋਂ ਭੇਟ ਹੋਈਆਂ ਹਨ, ਇਸ ਲਈ ਸੰਗਤਾਂ ਲਈ ਹੀ ਰਾਖਵੀਆਂ ਹਨ। ਉਹ ਕਿਸੇ ਹੋਰ ਵਿਅਕਤੀ ਨੂੰ ਦਿਤੀਆਂ ਨਹੀਂ ਜਾ ਸਕਦੀਆਂ।"

ਗੁਰੂ ਜੀ ਦਾ ਇਹ ਉੱਤਰ ਸੁਣ ਰਾਜੇ ਨੇ ਆਪਣਾ ਦੂਜਾ ਏਲਚੀ ਭੇਜਿਆ, ਕਿ ਜੇ ਇਹ ਚੀਜ਼ਾਂ ਸਾਨੂੰ ਨਾਂਹ ਦਿਤੀਆਂ ਗਈਆਂ, ਤਾਂ ਰਾਜੇ ਦੀ ਸ਼ਕਤੀ ਸ਼ਾਲੀ ਫ਼ੌਜ ਜ਼ਬਰਦਸਤੀ ਇਹ ਵਸਤਾਂ ਗੁਰੂ ਜੀ ਤੋਂ ਖੋਹ ਲਵੇਗੀ। ਇਸ ਧਮਕੀ ਦੇ ਬਾਵਜੂਦ ਗੁਰੂ ਜੀ ਨੇ ਇਹ ਚੀਜ਼ਾਂ ਦੇਣ ਤੋਂ ਇਨਕਾਰ ਕਰ ਦਿਤਾ। ਇਹ ਸੁਣ ਰਾਜੇ ਨੇ ਗੁਰੂ ਜੀ ਨਾਲ ਲੜਾਈ ਦੇ ਦੋ ਹੱਥ ਕਰਨ ਦਾ ਦੋ ਟੂਕ ਫ਼ੈਸਲਾ ਕਰ ਲਿਆ।

ਪਾਉਂਟਾ ਸਾਹਿਬ ਵਿਖੇ

ਉਨ੍ਹੀਂ ਦਿਨੀਂ ਨਾਹਨ ਦੇ ਰਾਜੇ ਨੇ ਗੁਰੂ ਜੀ ਨੂੰ ਨਾਹਨ ਆਉਣ ਲਈ ਬੇਨਤੀ ਕੀਤੀ।

---

1. ਸ਼ਹਿਜ਼ਾਦਾ ਰਤਨ ਰਾਏ, ਰਾਜਾ ਰਾਮ ਦਾ ਬੇਟਾ ਸੀ। ਰਾਜਾ ਰਾਮ, ਗੁਰੂ ਤੇਗ਼ ਬਹਾਦਰ ਜੀ ਦਾ ਸੇਵਕ ਸੀ। ਉਸਦੇ ਘਰ ਔਲਾਦ ਨਹੀਂ ਹੁੰਦੀ ਸੀ। ਉਸਨੇ ਗੁਰੂ ਤੇਗ਼ ਬਹਾਦਰ ਜੀ ਨੂੰ ਬਿਨੈ ਕੀਤੀ। ਗੁਰੂ ਜੀ ਦੀ ਆਸ਼ੀਰਵਾਦ ਨਾਲ ਸ਼ਹਿਜ਼ਾਦਾ ਰਤਨ ਰਾਏ ਪੈਦਾ ਹੋਇਆ ਸੀ, ਜੋ ਇੰਨੇ ਕੀਮਤੀ ਤੋਹਫ਼ੇ ਲੈ ਕੇ ਅਨੰਦਪੁਰ ਪਹੁੰਚਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਸੱਦਾ ਆਉਣ ਤੇ ਗੁਰੂ ਜੀ ਆਪਣੇ 500 ਉਦਾਸੀ ਫ਼ੌਜੀਆਂ, ਤੇ ਪ੍ਰਵਾਰ ਸਣੇ ਨਾਹਨ ਵਲ ਤੁਰ ਪਏ । ਅਨੰਦਪੁਰ ਸਾਹਿਬ ਦੀ ਹਿਫ਼ਾਜ਼ਤ ਲਈ ਕੁਝ ਫ਼ੌਜੀ ਸਿੱਖਾਂ ਨੂੰ ਛੱਡ ਦਿਤਾ ਗਿਆ । ਦੂਨ-ਵੈਲੀ ਵਿਚ ਪਹੁੰਚ ਗੁਰੂ ਜੀ ਨੂੰ ਇਨ੍ਹਾਂ ਪਹਾੜੀਆਂ ਦੇ ਮਨ-ਮੋਹਕ ਦ੍ਰਿਸ਼ ਬੜੇ ਪਿਆਰੇ ਲੱਗੇ, ਤੇ ਉਨ੍ਹਾਂ ਨੇ ਆਪਣਾ ਕੈਂਪ ਦਰਿਆ ਜਮਨਾ ਦੇ ਕੰਢੇ, ਪਿੰਡ ਪੌਂਟਾ ਪਾਸ ਲਗਾ ਲਿਆ । ਰਾਜਾ ਨਾਹਨ ਗੁਰੂ ਜੀ ਦੇ ਫ਼ੌਜੀ ਸਿੱਖਾਂ ਦੀ ਸਿਖਲਾਈ, ਗੁਰੂ ਦਰਬਾਰ ਵਿਚ ਦੋਵੇਂ ਵਕਤ ਧਾਰਮਕ ਦੀਵਾਨ, ਤੇ ਫ਼ੌਜੀ ਡਿਸਪਲਨ ਵੇਖ ਬਹੁਤ ਪ੍ਰਭਾਵਤ ਹੋਇਆ । ਗੁਰੂ ਜੀ ਦੀ ਆਮਦ ਦਾ ਸ੍ਰੀਨਗਰ ਦੇ ਰਾਜੇ ਫ਼ਤਹਿ ਸ਼ਾਹ ਨੂੰ ਪਤਾ ਲੱਗਾ, ਤਾਂ ਉਹ ਵੀ ਦਰਸ਼ਨਾਂ ਲਈ ਪੌਂਟੇ ਪਹੁੰਚ ਗਿਆ । ਉਨ੍ਹੀਂ ਦਿਨੀਂ ਨਾਹਨ ਤੇ ਸ੍ਰੀਨਗਰ ਦੇ ਰਾਜਿਆਂ ਦੇ ਸਬੰਧ ਦਿਨ-ਬਦਿਨ ਵਿਗੜਦੇ ਜਾ ਰਹੇ ਸਨ । ਇਧਰ ਇਹ ਦੋਵੇਂ ਰਾਜੇ ਗੁਰੂ ਜੀ ਦੀ ਸਿਫ਼ਤ-ਸਲਾਹ ਕਰਦੇ ਨਹੀਂ ਸਨ ਥਕਦੇ । ਸੋ ਗੁਰੂ ਜੀ ਨੇ ਦੋਹਾਂ ਨੂੰ ਸਮਝਾ ਬੁਝਾ ਕੇ ਉਨ੍ਹਾਂ ਦੀ ਸੁਲਾਹ ਕਰਵਾ ਦਿਤੀ । ਇਸੇ ਥਾਂ ਲੱਖਾਂ ਮੁਸਲਮਾਨਾਂ ਦੇ ਪੀਰ ਸੱਯਦ ਬਦਰ ਦੀਨ (ਪੀਰ ਬੁਧੂ ਸ਼ਾਹ) ਨਾਲ ਗੁਰੂ ਜੀ ਦੀ ਪਹਿਲੀ ਮੁਲਾਕਾਤ ਹੋਈ । ਇਹ ਪਹਿਲੀ ਮਿਲਣੀ ਪਿਆਰ ਵਿਚ ਬਦਲ ਗਈ, ਜੋ ਜੀਵਨ ਭਰ ਦੋਸਤੀ ਦੀ ਸ਼ਕਲ ਵਿਚ ਨਿਭਦੀ ਗਈ ।

ਪੌਂਟਾ ਸਾਹਿਬ ਵਿਖੇ ਹੀ ਗੁਰੂ ਜੀ ਨੇ ਬਹੁਤ ਸਾਰੇ ਸਾਹਿੱਤ ਦੀ ਰਚਨਾ ਕੀਤੀ । ਇਥੇ 52 ਕਵੀ ਆਪਣੀਆਂ ਰਚਨਾਵਾਂ ਸੁਣਾ ਕੇ ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਸਨ । ਦਸਮ ਗ੍ਰੰਥ ਵੀ ਇਥੇ ਹੀ ਸੰਪੂਰਨ ਹੋਇਆ । ਗੁਰੂ ਜੀ ਦੀ ਸ੍ਵੈ-ਜੀਵਨੀ (ਬਚਿਤ੍ਰ ਨਾਟਕ) ਵੀ ਇਥੇ ਲਿਖੀ ਗਈ ।

ਭੰਗਾਣੀ ਦੀ ਲੜਾਈ

ਗੁਰੂ ਜੀ ਦੇ ਅਨਨ ਸੇਵਕ ਰਾਜਾ ਫ਼ਤਹਿ ਸ਼ਾਹ ਦੀ ਬੇਟੀ ਦੀ ਸ਼ਾਦੀ ਦੀ ਤਰੀਕ ਨੇੜੇ ਆ ਗਈ । ਉਸਨੇ ਸ਼ਾਦੀ ਵਿਚ ਸ਼ਾਮਲ ਹੋਣ ਲਈ ਗੁਰੂ ਜੀ ਨੂੰ ਬੇਨਤੀ ਕੀਤੀ । ਗੁਰੂ ਜੀ ਨੇ ਪ੍ਰਵਾਨਗੀ ਘਲ ਦਿਤੀ । ਉਨ੍ਹਾਂ ਆਪਣੇ ਸੇਵਕ ਨੰਦ ਚੰਦ ਨੂੰ ਬਹੁਤ ਸਾਰੇ ਕੀਮਤੀ ਤੋਹਫ਼ੇ ਦੇ ਕੇ ਪੰਜ ਸੌ ਘੋੜ-ਚੜ੍ਹੇ ਸਵਾਰਾਂ ਸਹਿਤ ਸ੍ਰੀ ਨਗਰ ਘਲ ਦਿਤਾ । ਉਧਰ ਰਾਜਾ ਭੀਮ ਚੰਦ ਆਪਣੇ ਬੇਟੇ ਦੀ ਬਰਾਤ ਲੈ ਕੇ ਬੜੀ ਧੂਮ ਧਾਮ ਨਾਲ ਪੌਂਟੇ ਦੇ ਨੇੜੇ ਆਣ ਪਹੁੰਚਿਆ । ਰਾਹ ਵਿਚ ਗੁਰੂ ਜੀ ਦੇ ਫ਼ੌਜੀ ਕੈਂਪ ਨੂੰ ਗਡਿਆ ਵੇਖ ਉਹ ਘਬਰਾ ਗਿਆ । ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ, ਕਿ ਬਰਾਤ ਨੂੰ ਇਸ ਰਾਹੋਂ ਲੰਘਣ ਦੀ ਆਗਿਆ ਦਿਤੀ ਜਾਏ । ਗੁਰੂ ਜੀ ਨੇ ਲਾੜ੍ਹੇ ਤੇ ਉਸਦੇ ਕੁਝ ਸਾਥੀਆਂ ਨੂੰ ਲੰਘ ਜਾਣ ਦੀ ਆਗਿਆ ਦੇ ਦਿਤੀ, ਪਰ ਰਾਜੇ ਤੇ ਉਸਦੇ ਫ਼ੌਜੀਆਂ ਨੂੰ ਕਿਸੇ ਹੋਰ ਰਾਹੋਂ ਲੰਘਣ ਲਈ ਕਿਹਾ । ਗੁਰੂ ਜੀ ਦਾ ਇਹ ਸੁਝਾਅ ਸੁਣ ਰਾਜਾ ਸੜ ਬਲ ਗਿਆ । ਅੰਤ ਕੋਈ ਚਾਰਾ ਚਲਦਾ ਨਾ ਵੇਖ ਉਸਨੇ ਗੁਰੂ ਜੀ ਦੀ ਸਲਾਹ ਮੰਨ ਲਈ, ਪਰ ਆਪਣੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਆਪਣੇ ਦਿਲ ਵਿਚ ਪੱਕਾ ਫ਼ੈਸਲਾ ਕਰ ਲਿਆ ।

ਜਦ ਬਰਾਤ ਸ੍ਰੀ ਨਗਰ ਪੁਜੀ ਤਾਂ ਰਾਜਾ ਭੀਮ ਚੰਦ, ਗੁਰੂ ਜੀ ਵਲੋਂ ਘਲੇ ਗਏ ਇੰਨੇ ਕੀਮਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਹਫ਼ੇ ਵੇਖ ਸੜ ਬਲ ਗਿਆ। ਉਸਨੇ ਉਸੇ ਘੜੀ ਐਲਾਨ ਕਰ ਦਿਤਾ, "ਗੁਰੂ ਜੀ ਵਲੋਂ ਘਲੇ ਗਏ ਸਾਰੇ ਤੋਹਫ਼ੇ ਫ਼ੌਰਨ ਵਾਪਸ ਕਰ ਦਿਤੇ ਜਾਣ। ਇਸਦੇ ਨਾਲ ਹੀ ਗੁਰੂ ਜੀ ਨਾਲ ਲੜਾਈ ਵਿਚ ਦੋ ਹੱਥ ਕਰਨ ਲਈ ਰਾਜਾ ਫ਼ਤੇਹ ਸ਼ਾਹ, ਉਸਦਾ ਸਾਥ ਦੇਵੇ, ਤਾਂ ਹੀ ਇਹ ਸ਼ਾਦੀ ਹੋਵੇਗੀ, ਵਰਨਾ ਬਰਾਤ ਵਾਪਸ ਪਰਤ ਜਾਵੇਗੀ।"

ਇਸ ਐਲਾਨ ਨਾਲ ਰਾਜਾ ਫ਼ਤੇ ਸ਼ਾਹ ਦੇ ਮਹੱਲਾਂ ਵਿਚ ਥਲਕਾ ਮਚ ਗਿਆ। ਰਾਜੇ ਫ਼ਤੇ ਸ਼ਾਹ ਨੇ ਰਾਜੇ ਭੀਮ ਚੰਦ ਦੀ ਮਿੰਨਤ ਸਮਾਜਤ ਕੀਤੀ। ਬਾਕੀ ਰਾਜਿਆ ਤੋਂ ਵੀ ਅਖਵਾਇਆ, ਪਰ ਉਹ ਆਪਣੇ ਫ਼ੈਸਲੇ ਤੇ ਡਟਿਆ ਹੋਇਆ ਸੀ। ਅਖ਼ੀਰ ਮਜਬੂਰ ਹੋ ਕੇ ਰਾਜਾ ਫ਼ਤੇ ਸ਼ਾਹ ਨੇ ਗੁਰੂ ਜੀ ਵਲੋਂ ਘਲਿਆ 'ਤੰਬੋਲ' ਵਾਪਸ ਕਰ ਦਿਤਾ ਤੇ ਰਾਜੇ ਭੀਮ ਚੰਦ ਦਾ ਸਾਥ ਦੇਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਵਲੋਂ ਘਲਿਆ ਨੰਦ ਚੰਦ ਕੀਮਤੀ ਤੋਹਫ਼ੇ ਸਮੇਟ ਪੌਂਟੇ ਵਲ ਤੁਰ ਪਿਆ। ਰਾਹ ਵਿਚ ਭੀਮ ਚੰਦ ਦੇ ਫ਼ੌਜੀ ਦਸਤੇ ਨਾਲ ਉਸਦੀ ਤਕੜੀ ਝੜਪ ਹੋਈ, ਪਰ ਨੰਦ ਚੰਦ, ਭੀਮ ਚੰਦ ਦੀ ਫ਼ੌਜ ਨਾਲ ਟੱਕਰ ਲੈਂਦਾ, ਆਪਣਾ ਸਾਰਾ ਸਮਾਨ ਤੇ ਫ਼ੌਜ ਬਚਾ ਕੇ ਪੌਂਟੇ ਆਣ ਪੁਜਿਆ। ਉਸਨੇ ਗੁਰੂ ਜੀ ਨੂੰ ਸਾਰੇ ਹਾਲਾਤ ਦੀ ਖ਼ਬਰ ਦਿਤੀ। ਨਾਲ ਹੀ ਦੱਸਿਆ, ਕਿ ਸ਼ਾਦੀ ਦੇ ਸਮਾਗਮ ਮਗਰੋਂ ਪਹਾੜੀ ਰਾਜਿਆਂ ਦੀ ਸਮੁੱਚੀ ਫ਼ੌਜ ਵਲੋਂ ਗੁਰੂ ਜੀ ਤੇ ਹਮਲਾ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਹਨ।

ਉਸ ਸਮੇਂ ਗੁਰੂ ਜੀ ਪਾਸ ਔਰੰਗਜ਼ੇਬ ਦੀ ਫ਼ੌਜ 'ਚੋਂ ਕਢੇ 500 ਪਠਾਣ, ਜਿਨ੍ਹਾਂ ਨੂੰ ਸੱਯਦ ਬੁਧੂ ਸ਼ਾਹ, ਗੁਰੂ ਜੀ ਪਾਸ ਭਰਤੀ ਕਰਾ ਗਏ ਸਨ, ਤੇ ਪੰਜ ਸੌ ਦੇ ਲਗਪਗ ਉਦਾਸੀ ਸਨ। ਕੁਝ ਦਿਨਾਂ ਮਗਰੋਂ ਪਹਾੜੀ ਰਾਜਿਆਂ ਦੀ ਫ਼ੌਜ ਹਥਿਆਰਾਂ ਨਾਲ ਲੈਸ ਹੋ ਕੇ ਗੁਰੂ ਜੀ ਤੇ ਹੱਲਾ ਬੋਲਣ ਲਈ ਸਿਰ ਤੇ ਆ ਪਹੁੰਚੀ। ਇਧਰ ਗੁਰੂ ਜੀ ਨੇ ਵੀ ਆਪਣੇ ਸਿੱਖਾਂ ਨੂੰ ਕੱਠਾ ਕਰਕੇ ਲੜਾਈ ਦਾ ਬਿਗਲ ਵਜਾ ਦਿਤਾ, ਤੇ ਰਾਜਿਆਂ ਦੀ ਫ਼ੌਜ ਨੂੰ ਰਾਹ ਵਿਚ ਮਿਲਣ ਲਈ ਉਨ੍ਹਾਂ ਪੌਂਟਾ ਸਾਹਿਬ ਤੋਂ 6 ਮੀਲ ਦੀ ਦੂਰੀ ਤੇ ਭੰਗਾਣੀ ਵਿਖੇ ਇਕ ਉੱਚੀ ਪਹਾੜੀ ਤੇ ਜਾ ਮੋਰਚੇ ਗੱਡੇ।

ਲੜਾਈ ਹੋਣ ਤੋਂ ਪਹਿਲਾਂ ਹੀ ਚਾਰ ਸੌ ਪਠਾਣ ਤੇ ਬਹੁਤ ਸਾਰੇ ਉਦਾਸੀ ਗੁਰੂ ਜੀ ਨੂੰ ਪਿੱਠ ਦੇ ਕੇ ਦੁਸ਼ਮਣ ਨਾਲ ਜਾ ਮਿਲੇ। ਉਦਾਸੀਆਂ ਦਾ ਨੇਤਾ ਕ੍ਰਿਪਾਲ ਦਾਸ, ਅਪਣੇ ਸੇਵਕਾਂ ਦੀ ਗ਼ਦਾਰੀ ਤੇ ਬੜਾ ਦੁਖੀ ਹੋਇਆ ਤੇ ਉਹ ਆਪਣੇ ਮੋਟੇ ਸੋਟੇ ਨੂੰ ਉਲਾਰਦਾ ਹੋਇਆ ਗੁਰੂ ਜੀ ਦਾ ਨਾਂ ਲੈ ਇਕੱਲਾ ਹੀ ਮੈਦਾਨ ਵਿਚ ਆਣ ਗਜਿਆ।

ਗੁਰੂ ਜੀ ਨੇ 400 ਪਠਾਣ ਫ਼ੌਜੀਆਂ ਦੀ ਗ਼ਦਾਰੀ ਦੀ ਖ਼ਬਰ ਸਢੌਰੇ ਪੀਰ ਬੁਧੂ ਸ਼ਾਹ ਨੂੰ ਘਲ ਦਿਤੀ। ਇੰਨੇ ਨੂੰ ਰਾਜਿਆਂ ਦੀ ਫ਼ੌਜ ਸਿਰ ਤੇ ਆ ਪਹੁੰਚੀ। ਦੋਹਾਂ ਦਲਾਂ ਦਾ ਟਾਕਰਾ ਸ਼ੁਰੂ ਹੋ ਗਿਆ। ਗੁਰੂ ਜੀ ਆਪਣੇ ਫ਼ੌਜੀਆਂ ਦੇ ਹੌਸਲੇ ਵਧਾ ਰਹੇ ਸਨ। ਉਹ ਤੀਰ ਕਮਾਨ ਤੇ ਹੋਰ ਹਥਿਆਰਾਂ ਨਾਲ ਲੈਸ ਹੋ ਇਕ ਉੱਚੇ ਟਿੱਲੇ ਤੇ ਬੈਠ ਗਏ। ਧੂਆਂ-ਧਾਰ ਲੜਾਈ ਸ਼ੁਰੂ ਹੋ ਗਈ। ਰਾਜਿਆਂ ਪਾਸ ਤਕੜੀ ਫ਼ੌਜ ਤੇ ਬਹੁਤ ਸਾਰਾ ਫ਼ੌਜੀ ਸਾਜ਼ੋ-ਸਮਾਨ ਸੀ। ਗੁਰੂ ਜੀ ਪਾਸ ਬਹੁਤ ਥੋੜੇ ਫ਼ੌਜੀ ਸਨ, ਪਰ ਹੌਸਲੇ ਸਭ ਦੇ ਬੁਲੰਦ ਸਨ। ਫ਼ੌਜ ਦੇ ਇਸ ਛੋਟੇ ਜਿਹੇ ਦਸਤੇ ਨੇ ਪਹਾੜੀ ਰਾਜਿਆਂ ਦੀ ਵੰਗਾਰ ਨੂੰ ਕਬੂਲ ਕਰ ਲਿਆ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਜੀ ਪਾਸ ਕੇਵਲ ਇਕ ਸੌ ਪਠਾਣ ਆਪਣੇ ਕਮਾਂਡਰ ਕਾਲੇ ਖ਼ਾਂ ਦੀ ਅਗਵਾਈ ਹੇਠ, ਤੇ ਗਿਣਤੀ ਦੇ ਉਦਾਸੀ ਤੇ ਸਿੱਖ ਸੇਵਕਾਂ ਨੇ ਆਪਣੀ ਸਾਰੀ ਸ਼ਕਤੀ ਇਸ ਲੜਾਈ ਵਿਚ ਲਾ ਦਿਤੀ। ਪਹਾੜੀ ਰਾਜਿਆਂ ਨੂੰ ਵਿਸ਼ਵਾਸ਼ ਸੀ, ਕਿ ਉਹ ਛੇਤੀ ਹੀ ਗੁਰੂ ਜੀ ਦੀ ਮੁੱਠੀ ਭਰ ਫ਼ੌਜ ਨੂੰ ਮਾਰ ਭਜਾਣਗੇ, ਪਰ ਐਨ ਇਸ ਸਮੇਂ ਇਕ ਤਕੜਾ ਘੋੜ-ਸਵਾਰ ਫ਼ੌਜੀ ਦਸਤਾ ਤੂਫ਼ਾਨ ਵਾਂਗ ਵਾਹੋ-ਦਾਹੀ ਧੂੜ ਉਡਾਂਦਾ ਆਣ ਪੁਜਾ। "ਅੱਲਾ ਹੂ ਅਕਬਰ" ਦੇ ਨਾਹਰਿਆਂ ਨਾਲ ਅਸਮਾਨ ਗੂੰਜ ਉਠਿਆ। ਉਸ ਦਸਤੇ ਨੇ ਪਹਾੜੀ ਫ਼ੌਜ ਦੇ ਪੈਰ ਉਖੇੜ ਦਿਤੇ। ਪਹਾੜੀ ਰਾਜੇ ਆਪਣੇ ਹਥਿਆਰ ਤੇ ਬਹੁਤ ਸਾਰੇ ਫ਼ੌਜੀਆਂ ਦੀਆਂ ਲਾਸ਼ਾਂ ਭੰਗਾਣੀ ਦੇ ਮੈਦਾਨ ਵਿਚ ਛੱਡ ਕੇ ਨਠ ਗਏ। ਫ਼ਤੇਹ ਫ਼ੌਜ, ਜਿੱਤ ਦੇ ਸ਼ਾਦਿਆਨੇ ਵਜਾਂਦੀ ਗੁਰੂ ਜੀ ਪਾਸ ਆ ਪੁਜੀ, ਤਾਂ ਪਤਾ ਲੱਗਾ, ਕਿ ਉਹ ਫ਼ੌਜੀ ਦਸਤਾ ਸੱਯਦ ਪੀਰ ਬੁਧੂ ਸ਼ਾਹ ਦੇ ਮੁਰੀਦਾਂ ਦਾ ਸੀ। ਪੀਰ ਸਾਹਿਬ—ਪਠਾਣ ਫ਼ੌਜੀਆਂ ਦੀ ਗ਼ਦਾਰੀ ਦੀ ਖ਼ਬਰ ਸੁਣਦਿਆਂ ਸਾਰ, 700 ਸਿਖੇ ਸਿਖਾਏ ਫ਼ੌਜੀ ਮੁਰੀਦਾਂ ਤੇ ਆਪਣੇ ਚਾਰ ਬਹਾਦਰ ਬੇਟਿਆਂ ਸਮੇਤ ਇਸ ਲੜਾਈ ਵਿਚ ਸ਼ਾਮਲ ਹੋਣ ਲਈ ਸਢੌਰੇ ਤੋਂ ਦੌੜਦੇ ਆ ਪੁਜੇ ਸਨ। ਉਨ੍ਹਾਂ ਦੀ ਆਮਦ ਨਾਲ ਲੜਾਈ ਦਾ ਨਕਸ਼ਾ ਹੀ ਬਦਲ ਗਿਆ।

ਸੱਯਦ ਬੁਧੂ ਸ਼ਾਹ ਦੇ ਬੇਟੇ ਤੇ ਮੁਰੀਦ ਇਤਨੀ ਬਹਾਦਰੀ ਨਾਲ ਲੜੇ, ਕਿ ਬੜੇ ਬਹਾਦਰ ਤੇ ਨਾਮੀ ਗਰਾਮੀ ਰਾਜੇ ਤੇ ਫ਼ੌਜੀ ਉਨ੍ਹਾਂ ਮੈਦਾਨ ਵਿਚ ਚਿੱਤ ਕਰ ਦਿਤੇ। ਮਹੰਤ ਕ੍ਰਿਪਾਲ ਦਾਸ ਨੇ ਆਪਣੇ ਸੋਟੇ ਨਾਲ ਹੀ ਬਾਗ਼ੀ ਪਠਾਣ ਜਰਨੈਲ ਹਯਾਤ ਖ਼ਾਨ ਨੂੰ ਪਾਰ ਬੁਲਾਇਆ। ਪੌਂਟੇ ਪਿੰਡ ਦਾ ਹਲਵਾਈ, ਲਾਲ ਚੰਦ, ਜਿਸਨੇ ਇਸ ਤੋਂ ਪਹਿਲਾਂ ਕਦੀ ਤਲਵਾਰ ਹੱਥ ਵਿਚ ਨਹੀਂ ਸੀ ਚੁਕੀ, ਇਸ ਬਹਾਦਰੀ ਨਾਲ ਲੜਿਆ, ਕਿ ਪਠਾਣ ਹੈਰਾਨੀ ਨਾਲ ਉਸਦਾ ਮੂੰਹ ਵੇਖਦੇ ਰਹਿ ਗਏ। ਉਸਨੇ ਕਈ ਪਠਾਣ ਚਿੱਤ ਕਰ ਦਿਤੇ। ਇਸ ਲੜਾਈ ਵਿਚ ਬਹਾਦਰ ਰਾਜਾ ਹਰੀ ਚੰਦ ਮਾਰਿਆ ਗਿਆ। ਭੰਗਾਣੀ ਯੁਧ ਵਿਚ ਬਹਾਦਰ ਸੰਗੋ ਸ਼ਾਹ ਤੇ ਪੀਰ ਜੀ ਦੇ ਦੋ ਬੇਟੇ ਸ਼ਹੀਦ ਹੋ ਗਏ। ਦੁਸ਼ਮਣ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ, ਤੇ ਅੰਤ ਰਾਜਿਆਂ ਨੇ ਭਜ ਜਾਣ ਵਿਚ ਹੀ ਸਿਆਣਪ ਸਮਝੀ।

ਗੁਰੂ ਜੀ ਨੇ ਪੀਰ ਬੁਧੂ ਸ਼ਾਹ ਦੀ ਬਹਾਦਰੀ, ਵਫ਼ਾਦਾਰੀ ਤੇ ਦੋਸਤੀ ਨੂੰ ਮੁਖ ਰਖਦਿਆਂ ਹੋਇਆਂ, ਸਰੋਪਾ ਵਜੋਂ, ਉਸਨੂੰ ਇਕ ਤਲਵਾਰ, ਕੰਘਾ, ਕੁਝ ਮੁਬਾਰਕ ਕੇਸ ਤੇ ਦਸਤਾਰ ਬਖ਼ਸ਼ੀ। ਮਹਾਰਾਜਾ ਨਾਭਾ ਨੇ ਬੜੇ ਸਤਿਕਾਰ ਨਾਲ ਇਨ੍ਹਾਂ ਯਾਦਗਾਰੀ ਵਸਤਾਂ ਨੂੰ ਸੰਭਾਲ ਕੇ ਰਖਿਆ ਹੋਇਆ ਹੈ। ਇਸ ਲੜਾਈ ਵਿਚ ਪਹਿਲੀ ਵਾਰ ਗੁਰੂ ਜੀ ਨੇ ਛੋਟੀ ਤੋਪ ਦੀ ਵਰਤੋਂ ਕੀਤੀ, ਜੋ ਉਨ੍ਹਾਂ ਦੇ ਬਨਾਰਸ ਦੇ ਸ਼ਰਧਾਲੂ ਭਾਈ ਰਾਮ ਸਿੰਘ ਨੇ ਤਿਆਰ ਕੀਤੀ ਸੀ।[1]

ਰਾਜਿਆਂ ਦੀ ਇਸ ਹਾਰ ਤੇ ਖ਼ੁਨਾਮੀ ਦੀ ਖ਼ਬਰ ਮੁਗ਼ਲ ਦਰਬਾਰ ਦਿੱਲੀ ਵੀ ਜਾ ਪੁਜੀ। ਗੁਰੂ ਜੀ ਦੀ ਜਿੱਤ ਦਾ ਡੰਕਾ ਚੁਪਾਸੀਂ ਵਜ ਗਿਆ। ਗੁਰੂ ਜੀ ਤਿੰਨ ਸਾਲ ਪੌਂਟਾ ਸਾਹਿਬ ਰਹਿਣ ਮਗਰੋਂ ਸੰਨ 1689 ਈ: ਵਿਚ ਵਾਪਸ ਅਨੰਦਪੁਰ ਸਾਹਿਬ ਆ ਗਏ। ਇਥੇ

1. ਹਿਸਟਰੀ ਆਫ਼ ਸਿੱਖ ਪੀਪਲ, ਡਾ: ਗੁਪਾਲ ਸਿੰਘ, ਸਫ਼ਾ 272

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਨ੍ਹਾਂ ਇਕ ਮਜ਼ਬੂਤ ਕਿਲ੍ਹਾ ਬਣਵਾਇਆ, ਤੇ ਆਪਣੀ ਫ਼ੌਜੀ ਤਾਕਤ ਵਧਾਣੀ ਅਰੰਭ ਦਿਤੀ। ਇਥੇ ਹੀ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ 'ਖ਼ਾਲਸਾ ਪੰਥ' ਦੀ ਸਾਜਨਾ ਕੀਤੀ। ਪੰਜ ਸਿਰ ਲਥ, ਜਾਂ-ਬਾਜ਼ ਪਿਆਰਿਆਂ ਦੀ ਚੋਣ ਕੀਤੀ। ਉਨ੍ਹਾਂ ਨੂੰ ਅੰਮ੍ਰਿਤ ਛਕਾਇਆ, ਤੇ ਫਿਰ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕਿਆ।

ਪਹਾੜੀ ਰਾਜਿਆਂ ਨਾਲ ਹੋਈ ਪਹਿਲੀ ਲੜਾਈ ਵਿਚ ਰਾਜਿਆਂ ਨੂੰ ਤਕੜੀ ਹਾਰ ਦਾ ਮੂੰਹ ਵੇਖਣਾ ਪਿਆ ਸੀ। ਹੁਣ ਉਨ੍ਹਾਂ ਦੇ ਮਨਾਂ ਤੇ ਗੁਰੂ ਜੀ ਦੀ ਤਾਕਤ ਦਾ ਸਿੱਕਾ ਪੂਰੀ ਤਰ੍ਹਾਂ ਬੈਠ ਗਿਆ ਸੀ।

6527

ਭੀਮ ਚੰਦ ਦਾ ਪਛਤਾਵਾ

ਉਸ ਸਮੇਂ ਤੀਕ ਪਹਾੜੀ ਰਾਜੇ ਆਪਣੇ ਆਪ ਨੂੰ ਮੁਗਲ ਹਕੂਮਤ ਤੋਂ ਅਜ਼ਾਦ ਸਮਝਦੇ ਸਨ, ਪਰ ਦਿੱਲੀ ਦੀ ਹਕੂਮਤ ਉਨ੍ਹਾਂ ਨੂੰ ਆਪਣੇ ਮਾਤਹਿਤ ਸਮਝਦੀ ਸੀ। ਭੰਗਾਣੀ ਦੀ ਲੜਾਈ ਪਿਛੋਂ ਭੀਮ ਚੰਦ ਨੇ ਮਹਿਸੂਸ ਕੀਤਾ, ਕਿ ਉਸਨੇ ਗੁਰੂ ਘਰ ਨਾਲ ਵਿਗਾੜ ਕੇ ਚੰਗਾ ਨਹੀਂ ਕੀਤਾ। ਉਸਨੇ ਆਪਣੇ ਸਾਥੀ ਪਹਾੜੀ ਰਾਜਿਆਂ ਨਾਲ ਸਲਾਹ ਕੀਤੀ, ਕਿ ਅਸੀਂ ਗੁਰੂ ਗੋਬਿੰਦ ਸਿੰਘ ਨਾਲ ਸੁਲਾਹ ਕਰ ਲਵੀਏ, ਤਾਂ ਜੋ ਲੋੜ ਪੈਣ ਤੇ ਅਸੀਂ ਸਾਰੇ ਸਾਂਝਾ ਫ਼ਰੰਟ ਬਣਾ ਕੇ ਆਪਣੀ ਅਜ਼ਾਦ ਹਸਤੀ ਕਾਇਮ ਰਖ ਸਕੀਏ।

ਇਹ ਫ਼ੈਸਲਾ ਹੋਣ ਤੇ ਪਹਾੜੀ ਰਾਜਿਆਂ ਨੇ ਆਪਣਾ ਨੁਮਾਇੰਦਾ ਗੁਰੂ ਸਾਹਿਬ ਦੀ ਸੇਵਾ ਵਿਚ ਘਲਿਆ ਤੇ ਬੇਨਤੀ ਕੀਤੀ, "ਅਸੀਂ ਆਪ ਨਾਲ ਸੁਲਾਹ ਕਰਨੀ ਚਾਹੁੰਦੇ ਹਾਂ। ਪਿਛਲੀ ਹੋਈ ਬਦਮਗ਼ਜ਼ੀ ਲਈ ਗੁਰੂ ਜੀ ਸਾਨੂੰ ਖਿਮਾਂ ਕਰ ਦੇਣ।" ਗੁਰੂ ਜੀ ਨੇ ਫ਼ੌਰਨ ਉਨ੍ਹਾਂ ਦੀ ਬਿਨੈ ਪ੍ਰਵਾਨ ਕਰ ਲਈ, ਤੇ ਅਖਵਾ ਘਲਿਆ, "ਗੁਰੂ ਘਰ ਵਿਚ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ ਕੀਤਾ ਜਾਂਦਾ। ਅਸੀਂ ਸਦਾ ਹੀ ਅਮਨ ਤੇ ਸ਼ਾਂਤੀ ਦੇ ਅਲੰਬਰਦਾਰ ਰਹੇ ਹਾਂ।"

ਜਦ ਗੁਰੂ ਜੀ ਵਲੋਂ ਸੁਲਾਹ ਦੀ ਪ੍ਰਵਾਨਗੀ ਦੀ ਖ਼ਬਰ ਰਾਜਾ ਭੀਮ ਚੰਦ ਨੂੰ ਮਿਲੀ, ਤਾਂ ਉਹ ਬਹੁਤ ਖ਼ੁਸ਼ ਹੋਇਆ। ਉਸਨੇ ਫ਼ੈਸਲਾ ਕੀਤਾ, ਕਿ ਉਹ ਆਪ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਵੇਗਾ, ਤੇ ਪਿਛਲੀਆਂ ਗ਼ਲਤੀਆਂ ਲਈ ਖਿਮਾਂ ਮੰਗੇਗਾ। ਸੋ ਰਾਜਾ ਭੀਮ ਚੰਦ ਬਹੁਤ ਸਾਰੇ ਕੀਮਤੀ ਤੋਹਫ਼ੇ ਤੇ ਆਪਣੇ ਮੁਸਾਇਬ ਲੈ ਕੇ ਗੁਰ-ਦਰਬਾਰ ਵਿਚ ਜਾ ਪਹੁੰਚਿਆ। ਗੁਰੂ ਜੀ ਨੇ ਆਦਰ ਸਤਿਕਾਰ ਨਾਲ ਉਸਦਾ ਸਵਾਗਤ ਕੀਤਾ, ਤੇ ਉਸਨੂੰ ਸਰੋਪਾ ਬਖ਼ਸ਼ਿਆ।

ਇਸ ਤਰ੍ਹਾਂ ਪਿਛਲੀਆਂ ਸਾਰੀਆਂ ਤੰਗੀਆਂ ਤੁਰਸ਼ੀਆਂ ਭੁਲਾ ਦਿਤੀਆਂ ਗਈਆਂ ਤੇ ਰਾਜਿਆਂ ਨਾਲ ਮਿੱਤਰਤਾ ਦੀ ਪੱਕੀ ਸੰਧੀ ਹੋ ਗਈ। ਉਨ੍ਹੀਂ ਦਿਨੀਂ ਔਰੰਗਜ਼ੇਬ ਨੇ ਜੰਮੂ ਦੇ ਸੂਬੇਦਾਰ ਮੀਆਂ ਖ਼ਾਨ ਨੂੰ ਹੁਕਮ ਦਿਤਾ, ਕਿ ਉਹ ਸਭ ਪਹਾੜੀ ਰਾਜਿਆਂ ਪਾਸੋਂ ਟੈਕਸ ਵਸੂਲ ਕਰੇ। ਮੀਆਂ ਖ਼ਾਨ ਨੇ ਟੈਕਸ ਵਸੂਲ ਕਰਨ ਲਈ ਆਪਣੇ ਕਾਰਿੰਦੇ ਭੇਜੇ, ਪਰ ਗੁਰੂ ਜੀ ਦੀ ਸਲਾਹ ਨਾਲ ਸਭ ਰਾਜਿਆਂ ਨੇ ਟੈਕਸ ਦੇਣੋਂ ਇਨਕਾਰ ਕਰ ਦਿਤਾ। ਇਸ ਮਗਰੋਂ ਜੰਮੂ ਦੇ ਸੂਬੇ ਨੇ ਆਪਣੇ ਕਮਾਂਡਰ ਆਲਿਫ਼ ਖ਼ਾਨ ਨੂੰ ਇਸ ਕੰਮ ਲਈ ਘਲਿਆ, ਤਾਂ ਪਹਾੜੀ ਰਾਜਿਆਂ ਨੇ ਕਿਹਾ, "ਸਾਡੇ 'ਚੋਂ ਸਭ ਤੋਂ ਵਧ ਸ਼ਕਤੀਸ਼ਾਲੀ ਰਾਜਾ ਭੀਮ ਚੰਦ ਹੈ, ਜੇ ਉਹ ਟੈਕਸ ਦੇਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਨ ਲਵੇ, ਤਾਂ ਅਸੀਂ 'ਕਰ' ਦੇਣ ਲਈ ਤਿਆਰ ਹਾਂ।" ਜਦ ਉਹ ਕਾਰਿੰਦਾ ਰਾਜਾ ਭੀਮ ਚੰਦ ਨੂੰ ਮਿਲਿਆ ਤਾਂ ਉਸਨੇ ਕਿਹਾ, "ਟੈਕਸ ਦੇਣ, ਨਾਂਹ ਦੇਣ ਦਾ ਫ਼ੈਸਲਾ ਲੜਾਈ ਦੇ ਮੈਦਾਨ ਵਿਚ ਹੀ ਹੋਂਵੇਗਾ।" ਨਾਲ ਹੀ ਉਸਨੇ ਇਹ ਖ਼ਬਰ ਗੁਰੂ ਜੀ ਨੂੰ ਭੇਜ ਦਿਤੀ।

ਸਾਂਝਾ ਮੋਰਚਾ

ਰਾਜੇ ਭੀਮ ਚੰਦ ਦਾ ਵਜ਼ੀਰ ਗੁਰ-ਦਰਬਾਰ ਵਿਚ ਆਣ ਹਾਜ਼ਰ ਹੋਇਆ। ਉਸਨੇ ਬੇਨਤੀ ਕੀਤੀ "ਮਹਾਰਾਜ! ਅਸੀਂ ਸਭ ਰਾਜੇ ਤੇ ਪਰਜਾ ਗੁਰੂ ਨਾਨਕ ਨਾਮ ਲੇਵਾ ਹਾਂ। ਇਸ ਔਖੀ ਘੜੀ ਸਾਡੀ ਸਹਾਇਤਾ ਕੀਤੀ ਜਾਵੇ, ਤਾਂ ਜੋ ਅਸੀਂ ਆਪਣੀ ਅਜ਼ਾਦ ਹਸਤੀ ਕਾਇਮ ਰਖ ਸਕੀਏ।"

ਗੁਰੂ ਜੀ ਨੇ ਵਜ਼ੀਰ ਦੀ ਬੇਨਤੀ ਪ੍ਰਵਾਨ ਕਰ ਲਈ, ਤੇ ਆਪਣੀ ਫ਼ੌਜ ਨੂੰ ਕਿਸੇ ਸਮੇਂ ਵੀ ਮੁਗ਼ਲਾਂ ਨਾਲ ਟੱਕਰ ਲੈਣ ਲਈ ਆਦੇਸ਼ ਦੇ ਦਿਤਾ। ਉਸ ਸਮੇਂ ਆਲਿਫ਼ ਖ਼ਾਂ ਕਈ ਪਹਾੜੀ ਰਾਜਿਆਂ ਪਾਸੋਂ ਖ਼ਰਾਜ ਵਸੂਲ ਕਰ ਚੁਕਾ ਸੀ ਤੇ ਉਹਨਾਂ ਨੂੰ, ਰਾਜਾ ਭੀਮ ਚੰਦ, ਉਸਦੇ ਸਾਥੀ ਬਾਗ਼ੀ ਰਾਜਿਆਂ ਤੇ ਗੁਰੂ ਜੀ ਨਾਲ ਟਕਰ ਲੈਣ ਲਈ ਆਪਣੇ ਨਾਲ ਮਿਲਾ ਚੁਕਾ ਸੀ। ਉਧਰ ਰਾਜਾ ਭੀਮ ਚੰਦ ਤੇ ਉਸਦੇ ਸਾਥੀ ਪਹਾੜੀ ਰਾਜਿਆਂ ਨੇ ਆਲਿਫ਼ ਖ਼ਾਨ ਵਿਰੁਧ ਜੰਗ ਕਰਨ ਦਾ ਬਿਗਲ ਬਜਾ ਦਿਤਾ। ਬਾਗੀ ਪਹਾੜੀ ਰਾਜਿਆਂ ਨੇ ਇਸ ਲੜਾਈ ਦੀ ਕਮਾਨ ਗੁਰੂ ਜੀ ਨੂੰ ਆਪਣੇ ਹੱਥ ਲੈਣ ਲਈ ਬੇਨਤੀ ਕੀਤੀ।

ਦੋਵੇਂ ਫ਼ੌਜਾਂ ਆਹਮੋ ਸਾਹਮਣੇ ਹੋ ਕੇ ਬੜੀ ਬਹਾਦਰੀ ਨਾਲ ਲੜੀਆਂ। ਬੜੀ ਗਹਿ ਗਚ ਲੜਾਈ ਹੋਈ। ਦੋਹਾਂ ਪਾਸਿਆਂ ਦੇ ਬਹੁਤ ਸਾਰੇ ਸੂਰਮੇ ਲੜਾਈ ਵਿਚ ਮਾਰੇ ਗਏ। ਗੁਰੂ ਜੀ, ਆਲਿਫ਼ ਖ਼ਾਂ ਵਿਰੁਧ ਲੜਨ ਵਾਲੀ ਫ਼ੌਜ ਦੀ ਅਗਵਾਈ ਕਰ ਰਹੇ ਸਨ। ਇੰਨੇ ਨੂੰ ਵੈਰੀ ਫ਼ੌਜ ਵਲੋਂ ਲੜ ਰਿਹਾ ਬਿਜਰਵਾਲ ਦਾ ਰਾਜਾ ਦਿਆਲ ਉਹਨਾਂ ਸਾਹਮਣੇ ਆ ਗਿਆ। ਗੁਰੂ ਜੀ ਨੇ ਉਸਨੂੰ ਲਲਕਾਰਿਆ ਤੇ ਪੂਰੇ ਤਾਣ ਨਾਲ ਉਸ ਤੇ ਤੀਰ ਚਲਾਇਆ। ਤੀਰ, ਰਾਜੇ ਦਿਆਲ ਦੀ ਛਾਤੀ ਵਿਚ ਜਾ ਲੱਗਾ। ਰਾਜਾ ਲਹੂ-ਲੁਹਾਨ ਹੋ ਕੇ ਮੈਦਾਨ ਵਿਚ ਡਿਗ ਪਿਆ। ਉਸਦਾ ਡਿਗਣਾ ਸੀ, ਕਿ ਆਲਿਫ਼ ਖ਼ਾਨ ਤੇ ਉਸਦੇ ਸਾਥੀ ਰਾਜਿਆਂ ਦੀ ਫ਼ੌਜ ਵਿਚ ਭਗਦੜ ਮਚ ਗਈ। ਉਪਰੋਂ ਰਾਤ ਪੈਣ ਵਾਲੀ ਸੀ। ਹਨੇਰੇ ਤੋਂ ਲਾਭ ਉਠਾਂਦਿਆਂ ਹੋਇਆਂ ਵੈਰੀ ਦੀ ਫ਼ੌਜ ਮੈਦਾਨ 'ਚੋਂ ਨਠ ਤੁਰੀ, ਤੇ ਜਿੱਤ ਦਾ ਸੇਹਰਾ ਗੁਰੂ ਜੀ ਤੇ ਰਾਜੇ ਭੀਮ ਚੰਦ ਦੇ ਸਿਰ ਬੱਝਾ। ਇਹ ਲੜਾਈ ਨਾਦਾਉਂ ਵਿਖੇ ਸੰਨ 1690 ਈ: ਵਿਚ ਹੋਈ ਸੀ।[1]

ਇਸ ਲੜਾਈ ਮਗਰੋਂ ਜਿੱਤ ਦੇ ਸ਼ਾਦਿਆਨੇ ਬਜਾਂਦੀਆਂ ਰਾਜੇ ਭੀਮ ਚੰਦ ਅਤੇ ਉਸਦੇ ਸਾਥੀ ਰਾਜਿਆਂ ਦੀਆਂ ਫ਼ੌਜਾਂ ਆਪਣੀਆਂ ਰਿਆਸਤਾਂ ਵਲ ਪਰਤ ਗਈਆਂ ਤੇ ਸਿੱਖ ਫ਼ੌਜ ਅਨੰਦਪੁਰ ਸਾਹਿਬ ਆ ਗਈ।

ਪਹਾੜੀ ਰਾਜਿਆਂ ਨੇ ਆਪਣੀਆਂ ਰਿਆਸਤਾਂ ਵਿਚ ਪਹੁੰਚ ਮੀਟਿੰਗ ਕੀਤੀ। ਜੇਤੂ ਹੋਣ

1. ਡਾ: ਗੰਡਾ ਸਿੰਘ ਨੇ ਇਹ ਲੜਾਈ ਸੰਨ 1687 ਈ: ਵਿਚ ਲੜੀ ਗਈ ਦੱਸੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਬਾਵਜੂਦ ਉਹ ਯਰਕ ਗਏ । ਉਨ੍ਹਾਂ ਫ਼ੈਸਲਾ ਕੀਤਾ, ਕਿ ਲੋੜ ਪੈਣ ਤੇ ਮੁਗ਼ਲ ਹਕੂਮਤ ਨੂੰ ਖ਼ਰਾਜ ਦੇ ਕੇ ਉਨ੍ਹਾਂ ਦੀ ਈਨ ਕਬੂਲ ਕਰ ਲਈ ਜਾਵੇ, ਤਾਂ ਜੋ ਅੱਗੋਂ ਲਈ ਉਹ ਅਮਨ ਅਮਾਨ ਨਾਲ ਰਹਿ ਸਕਣ ।

ਮੁਗ਼ਲ ਫ਼ੌਜ ਨਾਲ ਪਹਿਲੀ ਟਕਰ

ਉਪ੍ਰੋਕਤ ਲੜਾਈ ਮਗਰੋਂ ਚਾਰ ਸਾਲ ਸੁਖ-ਸਾਂਦ ਨਾਲ ਬੀਤ ਗਏ । ਉਧਰ ਮੁਗ਼ਲ ਹਕੂਮਤ ਨੂੰ ਗੁਰੂ ਜੀ ਤੇ ਜੇਤੂ ਰਾਜਿਆਂ ਦੀ ਅਜ਼ਾਦੀ ਇਕ ਅੱਖ ਨਹੀਂ ਸੀ ਭਾਉਂਦੀ । ਸੋ ਸੰਨ 1694 ਈ: ਨੂੰ ਪੰਜਾਬ ਦੇ ਸੂਬੇ ਦਿਲਾਵਰ ਖ਼ਾਨ ਨੇ ਆਪਣੇ ਪੁਤਰ ਖ਼ਾਨਜ਼ਾਦਾ ਦੀ ਕਮਾਨ ਹੇਠ 11000 ਫ਼ੌਜੀ, ਗੁਰੂ ਜੀ ਤੋਂ ਖ਼ਰਾਜ ਦੀ ਵਸੂਲੀ ਲਈ ਅਨੰਦਪੁਰ ਘਲ ਦਿਤਾ । ਸੂਬੇ ਨੇ ਸਭ ਪਹਾੜੀ ਰਾਜਿਆਂ ਵਲ ਵੀ ਹੁਕਮਨਾਮੇ ਘਲੇ, ਕਿ ਜਾਂ ਤਾਂ ਉਹ ਖ਼ਰਾਜ ਦੇਣ ਲਈ ਤਿਆਰ ਹੋ ਜਾਣ, ਜਾਂ ਲੜਾਈ ਦਾ ਨਤੀਜਾ ਭੁਗਤਣ ਲਈ ।

ਜਦ ਮੁਗ਼ਲ ਫ਼ੌਜ ਵਾਹੋ-ਦਾਹੀ ਦਰਿਆ ਸਤਲੁਜ ਨੇੜੇ ਪੁਜੀ, ਤਾਂ ਅੱਗੇ ਸਿੱਖ ਫ਼ੌਜ ਨਾਲ ਉਸਦੀ ਟੱਕਰ ਹੋ ਗਈ । ਇਸ ਲੜਾਈ ਵਿਚ ਮੁਗ਼ਲ ਫ਼ੌਜ ਨੂੰ ਮੂੰਹ ਦੀ ਖਾਣੀ ਪਈ । ਇਸ ਹਾਰ ਮਗਰੋਂ ਇਕ ਹੋਰ ਸ਼ਕਤੀਸ਼ਾਲੀ ਫ਼ੌਜ ਹੁਸੈਨ ਦੀ ਕਮਾਨ ਹੇਠਾਂ ਸਿੱਖ ਫ਼ੌਜ ਨਾਲ ਟੱਕਰ ਲੈਣ ਲਈ ਘਲੀ ਗਈ । ਇਨ੍ਹਾਂ ਫ਼ੌਜੀਆਂ ਨੇ ਰਾਹ ਵਿਚ ਆਏ ਸਾਰੇ ਪਿੰਡਾਂ ਨੂੰ ਉਜਾੜ ਦਿਤਾ, ਤੇ ਜੋ ਕੁਝ ਵੀ ਹੱਥ ਆਇਆ, ਲੁਟ ਲਿਆ । ਮੁਗ਼ਲਾਂ ਦੀ ਸ਼ਕਤੀਸ਼ਾਲੀ ਫ਼ੌਜ ਦੀ ਆਮਦ ਦੀ ਖ਼ਬਰ ਸੁਣ ਰਾਜਾ ਭੀਮ ਚੰਦ ਘਬਰਾ ਗਿਆ ਤੇ ਉਹ ਗੁਰੂ ਜੀ ਦਾ ਸਾਥ ਛੱਡ ਮੁਗ਼ਲ ਕਮਾਂਡਰ ਨਾਲ ਜਾ ਮਿਲਿਆ । ਉਸਨੇ ਖ਼ਰਾਜ ਦੇ ਕੇ ਆਪਣੀ ਜਾਨ ਛੁਡਾਈ । ਉਸਦੇ ਨਾਲ ਹੀ ਬਾਗ਼ੀ ਰਾਜਿਆਂ ਵੀ ਖ਼ਰਾਜ ਦੇ ਕੇ ਮੁਗ਼ਲ ਹਕੂਮਤ ਦੀ ਈਨ ਮੰਨ ਲਈ । ਹੁਸੈਨੀ ਨੇ ਆਪਣੀ ਤੇ ਪਹਾੜੀ ਰਾਜਿਆਂ ਦੀ ਸਮੁੱਚੀ ਫ਼ੌਜ ਨਾਲ ਲੈ ਕੇ ਅਨੰਦਪੁਰ ਸਾਹਿਬ ਵਲ ਮਾਰਚ ਕਰ ਦਿਤਾ । ਰਾਹ ਵਿਚ ਉਹ ਗੁਲੇਰ ਰਿਆਸਤ ਦੇ ਰਾਜੇ ਗੁਪਾਲ ਤੋਂ ਵੀ ਖ਼ਰਾਜ ਵਸੂਲ ਕਰਨਾ ਚਾਹੁੰਦਾ ਸੀ । ਰਾਜੇ ਗੁਲੇਰ ਨੇ ਗੁਰੂ ਜੀ ਤੋਂ ਸਹਾਇਤਾ ਮੰਗੀ । ਗੁਰੂ ਜੀ ਨੇ ਆਪਣੀ ਫ਼ੌਜ ਦਾ ਇਕ ਤਕੜਾ ਦਸਤਾ ਰਾਜੇ ਦੀ ਮਦਦ ਲਈ ਘਲ ਦਿਤਾ । ਇਸਦੇ ਨਾਲ ਹੀ ਪਹਾੜੀ ਰਾਜਿਆਂ ਨੂੰ ਇਸ ਔਖੀ ਘੜੀ ਰਾਜੇ ਗੁਪਾਲ ਦੀ ਮਦਦ ਲਈ ਪ੍ਰੇਰਿਆ, ਪਰ ਬੁਜ਼ਦਿਲ ਰਾਜਿਆਂ ਨੇ ਰਾਜੇ ਗੁਪਾਲ ਦਾ ਸਾਥ ਨਾਂਹ ਦਿਤਾ । ਹੁਣ ਰਾਜਾ ਗੁਪਾਲ ਮਜਬੂਰ ਹੋ ਗਿਆ, ਕਿ ਉਹ ਮੁਗ਼ਲ ਫ਼ੌਜ ਦੇ ਨਾਲ ਹੀ ਕਾਂਗੜੇ ਤੇ ਬਿਲਾਸਪੁਰ ਦੇ ਰਾਜਿਆਂ ਦੀ ਫ਼ੌਜ ਨਾਲ ਵੀ ਟੱਕਰ ਲਵੇ । ਇਸ ਤਰ੍ਹਾਂ ਰਾਜੇ ਗੁਲੇਰ ਤੇ ਗੁਰੂ ਜੀ ਦੇ ਸਾਂਝੇ ਮੁਹਾਜ਼ ਦੀ ਮੁਗ਼ਲ ਫ਼ੌਜ ਨਾਲ ਲੜਾਈ ਸ਼ੁਰੂ ਹੋ ਗਈ ।

ਇਸ ਲੜਾਈ ਵਿਚ ਮੁਗ਼ਲ ਜਰਨੈਲ ਤੇ ਕਾਂਗੜੇ ਦਾ ਰਾਜਾ ਮਾਰਿਆ ਗਿਆ ਤੇ ਰਾਜਾ ਭੀਮ ਚੰਦ ਭਾਂਜ ਖਾ ਕੇ ਆਪਣੀ ਫ਼ੌਜ ਸਮੇਤ ਮੈਦਾਨੋਂ ਨੱਠ ਉਠਿਆ । ਅੰਤ ਗੁਰੂ ਜੀ ਦੀ ਸਹਾਇਤਾ ਨਾਲ ਰਾਜੇ ਗੁਪਾਲ ਦੀ ਸ਼ਾਨਦਾਰ ਜਿੱਤ ਹੋਈ । ਜਿੱਤ ਦੇ ਸ਼ਾਦਿਆਨੇ ਬਜਾਂਦੇ ਫ਼ੌਜੀਆਂ ਨੂੰ ਨਾਲ ਲੈ ਰਾਜਾ ਗੁਪਾਲ ਬਹੁਤ ਸਾਰੇ ਕੀਮਤੀ ਤੋਹਫ਼ੇ ਲੈ ਕੇ ਗੁਰ-ਦਰਬਾਰ ਵਿਚ ਹਾਜ਼ਰ ਹੋਇਆ । ਜਦ ਇਸ ਲੜਾਈ ਦੇ ਨਤੀਜੇ ਦੀ ਖ਼ਬਰ ਔਰੰਗਜ਼ੇਬ ਨੂੰ ਦਿੱਲੀ ਪੁਜੀ, ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਹੋਰ ਭੜਕ ਉਠਿਆ। ਉਸਨੇ ਆਪਣੇ ਪੁਤਰ ਮੁਅਜ਼ਮ (ਜੋ ਪਿਛੋਂ ਬਹਾਦਰ ਸ਼ਾਹ ਦੇ ਨਾਂ ਨਾਲ ਗੱਦੀ ਤੇ ਬੈਠਾ) ਨੂੰ ਪਹਾੜੀ ਰਾਜਿਆਂ ਨੂੰ ਸੋਧਣ ਦਾ ਹੁਕਮ ਦਿਤਾ। ਸ਼ਹਿਜ਼ਾਦਾ ਮੁਅਜ਼ਮ ਨੇ ਮਿਰਜ਼ਾ ਬੇਗ ਤੇ ਚਾਰ ਹੋਰ ਜਰਨੈਲਾਂ ਨੂੰ ਫ਼ੌਜ ਦੇ ਕੇ ਪਹਾੜੀ ਰਾਜਿਆਂ ਤੋਂ ਖ਼ਰਾਜ ਵਸੂਲਣ ਲਈ ਘਲਿਆ। ਟਿੱਡੀ ਦਲ ਫ਼ੌਜ ਨੇ ਰਾਹ ਵਿਚ ਆਏ ਪਿੰਡਾਂ ਨੂੰ ਬੁਰੀ ਤਰ੍ਹਾਂ ਲੁਟਿਆ। ਉਨ੍ਹਾਂ ਨੇ ਪਹਾੜੀ ਰਾਜਾਂ ਦੇ ਬਹੁਤ ਸਾਰੇ ਬੰਦਿਆਂ ਨੂੰ ਫੜ ਕੇ ਕੈਦੀ ਬਣਾ ਲਿਆ। ਉਨ੍ਹਾਂ ਕੈਦੀਆਂ ਨੂੰ ਖੋਤਿਆਂ ਤੇ ਬਿਠਾ ਕੇ ਆਮ ਜਨਤਾ ਵਿਚ ਦਹਿਸ਼ਤ ਫੈਲਾਣ ਲਈ, ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਬਜ਼ਾਰਾਂ ਵਿਚ ਪਰੇਡ ਕਰਾਈ ਗਈ। ਇਨ੍ਹਾਂ ਲੋਕਾਂ ਵਿਚ ਕੁਝ ਗੁਰੂ ਜੀ ਦੇ ਸੇਵਕ ਵੀ ਸਨ, ਜਿਨ੍ਹਾਂ ਨੇ ਔਖੀ ਘੜੀ ਸਮੇਂ ਗੁਰੂ ਜੀ ਦਾ ਸਾਥ ਛੱਡ ਦਿਤਾ ਸੀ। ਉਨ੍ਹਾਂ ਨੇ ਅਨੰਦਪੁਰ ਛੱਡ ਕੇ ਪਹਾੜਾਂ ਵਿਚ ਜਾ ਪਨਾਹ ਲਈ ਸੀ। ਉਨ੍ਹਾਂ ਦਾ ਵੀ ਮੁਗ਼ਲ ਫ਼ੌਜੀਆਂ ਨੇ ਉਹੀ ਹਸ਼ਰ ਕੀਤਾ, ਜੋ ਦੂਜੇ ਕੈਦੀਆਂ ਦਾ ਹੋਇਆ ਸੀ। ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਬਿਲਕੁਲ ਇਕੱਲੇ ਰਹਿ ਗਏ। ਪਹਾੜੀ ਰਾਜਿਆਂ ਨੂੰ ਬੜੀ ਤਕੜੀ ਹਾਰ ਹੋਈ, ਤੇ ਉਨ੍ਹਾਂ ਮੁਕੰਮਲ ਤੌਰ ਤੇ ਮੁਗ਼ਲਾਂ ਦੀ ਈਨ ਮੰਨ ਲਈ।

ਅਨੰਦਪੁਰ ਵਿਖੇ ਜੰਗੀ ਤਿਆਰੀਆਂ

ਗੁਰੂ ਜੀ ਨੂੰ ਯਕੀਨ ਹੋ ਗਿਆ, ਕਿ ਵਕਤ ਪੈਣ ਤੇ ਪਹਾੜੀ ਰਾਜਿਆਂ ਨੇ ਉਨ੍ਹਾਂ ਵਿਰੁਧ ਮੁਗ਼ਲ ਫ਼ੌਜ ਦਾ ਸਾਥ ਦੇ ਕੇ ਲੜਾਈ ਵਿਚ ਸ਼ਾਮਲ ਹੋ ਜਾਣਾ ਹੈ। ਇਸ ਲਈ ਉਨ੍ਹਾਂ ਅਨੰਦਪੁਰ ਦੇ ਕਿਲ੍ਹੇ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਆਪਣੀ ਫ਼ੌਜੀ ਤਾਕਤ ਨੂੰ ਵੀ ਵਧਾਇਆ। ਦੂਰ-ਨੇੜਿਓਂ ਜੋ ਵੀ ਸਿੱਖ ਪ੍ਰੇਮੀ ਦਰਸ਼ਨਾਂ ਲਈ ਆਉਂਦੇ, ਉਹ ਭੇਟਾ ਵਜੋਂ ਹਥਿਆਰ ਤੇ ਘੋੜੇ ਆਪਣੇ ਨਾਲ ਲਿਆਉਂਦੇ। ਦੋ ਮੁਸਲਮਾਨ ਸੇਵਕ ਗ਼ਨੀ ਖ਼ਾਂ ਤੇ ਮਨੀ ਖ਼ਾਂ ਘੋੜਿਆਂ ਦੇ ਵਪਾਰੀ ਸਨ। ਉਹ ਦੂਰ-ਦੇਸ਼ਾਂਤਰਾਂ ਤੋਂ ਵਧੀਆ ਘੋੜੇ ਖ਼ਰੀਦ ਕੇ ਲਿਆਂਦੇ ਤੇ ਗੁਰੂ ਜੀ ਨੂੰ ਵੇਚ ਦੇਂਦੇ। ਇਹ ਦੋਵੇਂ ਮੁਸਲਮਾਨ ਸੇਵਕ ਗੁਰੂ ਘਰ ਦਾ ਬੜਾ ਸਤਿਕਾਰ ਕਰਦੇ ਸਨ, ਤੇ ਲੋੜ ਪੈਣ ਤੇ ਗੁਰੂ ਜੀ ਲਈ ਆਪਣੀ ਜਾਨ ਨਿਛਾਵਰ ਕਰਨ ਲਈ ਤਤਪਰ ਰਹਿੰਦੇ ਸਨ।[1]

ਇਨ੍ਹੀਂ ਦਿਨੀਂ ਗੁਰੂ ਜੀ ਇਕ ਦਿਨ ਸ਼ਿਕਾਰ ਖੇਡਦੇ ਆਪਣੇ ਗਿਣਤੀ ਦੇ ਸਿੱਖਾਂ ਨਾਲ ਅਨੰਦਪੁਰ ਸਾਹਿਬ ਤੋਂ ਬਹੁਤ ਦੂਰ ਨਿਕਲ ਗਏ, ਤਾਂ ਦੋ ਪਹਾੜੀ ਰਾਜੇ ਆਲਮ ਚੰਦ ਤੇ ਬਲੀਆ ਚੰਦ ਨੇ, ਆਪਣੇ ਤਕੜੇ ਫ਼ੌਜੀ ਦਸਤੇ ਨਾਲ ਉਨ੍ਹਾਂ ਨੂੰ ਘੇਰ ਲਿਆ। ਉਨ੍ਹਾਂ ਸੋਚਿਆ, ਕਿ ਥੋੜੇ ਜਿਹੇ ਸਿੱਖਾਂ ਨੂੰ ਮਾਰ ਕੇ ਅਸੀਂ ਗੁਰੂ ਜੀ ਨੂੰ ਪਛਾੜ ਦਿਆਂਗੇ, ਤੇ ਮੁਗ਼ਲ ਹਕੂਮਤ

1. ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਅਨੰਦਪੁਰ ਸਾਹਿਬ ਵਿਖੇ ਹੀ ਪੈਦਾ ਹੋਏ। ਸਭ ਤੋਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਸੰਨ 1686 ਵਿਚ, ਜੁਝਾਰ ਸਿੰਘ ਦਾ ਸੰਨ 1690 ਵਿਚ, ਜ਼ੋਰਾਵਰ ਸਿੰਘ ਦਾ ਸੰਨ 1696 ਵਿਚ ਤੇ ਫ਼ਤਹਿ ਸਿੰਘ ਦਾ ਸੰਨ 1699 ਈ: ਵਿਚ ਜਨਮ ਹੋਇਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀਆਂ ਖ਼ੁਸ਼ੀਆਂ ਪ੍ਰਾਪਤ ਕਰਾਂਗੇ । ਪਹਾੜੀ ਰਾਜਿਆਂ ਨੇ ਗੁਰੂ ਜੀ ਦੇ ਇਸ ਛੋਟੇ ਜਿਹੇ ਦਸਤੇ ਨੂੰ ਵੰਗਾਰਿਆ, ਤਾਂ ਲੜਾਈ ਸ਼ੁਰੂ ਹੋ ਗਈ । ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਡਟ ਜਾਣ ਦਾ ਇਸ਼ਾਰਾ ਕੀਤਾ, ਤੇ ਆਪ ਤੀਰਾਂ ਨਾਲ ਜਵਾਬੀ ਹਮਲਾ ਅਰੰਭ ਦਿਤਾ । ਪਹਾੜੀ ਫ਼ੌਜ ਦੀ ਗਿਣਤੀ ਸਿੱਖਾਂ ਦੇ ਮੁਕਾਬਲੇ ਤੇ ਬਹੁਤ ਜ਼ਿਆਦਾ ਸੀ, ਪਰ ਗੁਰੂ ਜੀ ਦੇ ਤੀਰਾਂ ਨੇ ਉਨ੍ਹਾਂ ਵਿਚ ਖਲਬਲੀ ਮਚਾ ਦਿਤੀ । ਬਲੀਆ ਚੰਦ ਮਾਰਿਆ ਗਿਆ ਤੇ ਆਲਮ ਚੰਦ ਆਪਣੀ ਬਾਂਹ ਤੁੜਾ ਕੇ ਮੈਦਾਨੋਂ ਨਠ ਉਠਿਆ । ਪਹਾੜੀ ਫ਼ੌਜ ਵੀ ਰਾਜੇ ਦੇ ਪਿਛੇ ਪਿਛੇ ਆਪਣੇ ਫ਼ੌਜੀਆਂ ਦੀਆਂ ਲਾਸ਼ਾਂ ਛੱਡ ਕੇ ਨਠ ਉਠੀ ।

ਜਦੋਂ ਇਸ ਹਾਰ ਦੀ ਖ਼ਬਰ ਬਾਕੀ ਰਾਜਿਆਂ ਪਾਸ ਪਹੁੰਚੀ, ਤਾਂ ਉਹ ਬਹੁਤ ਦੁਖੀ ਹੋਏ । ਇਸ ਤੋਂ ਪਹਿਲਾਂ ਵੀ ਉਹ ਕਈ ਵਾਰ ਗੁਰੂ ਜੀ ਨਾਲ ਟੱਕਰ ਲੈ ਚੁਕੇ ਸਨ । ਹੁਣ ਉਨ੍ਹਾਂ ਫ਼ੈਸਲਾ ਕੀਤਾ, ਕਿ ਮੁਗ਼ਲ ਦਰਬਾਰ ਵਿਚ ਇਕ ਡੈਪੂਟੇਸ਼ਨ ਘਲਿਆ ਜਾਵੇ, ਜਿਸ ਰਾਹੀਂ ਬੇਨਤੀ ਕੀਤੀ ਜਾਏ, "ਹੁਣ ਜਦ ਕਿ ਅਸੀਂ ਮੁਗ਼ਲ ਸਰਕਾਰ ਨੂੰ ਖ਼ਰਾਜ ਦੇ ਕੇ ਉਸ ਦੀ ਈਨ ਮੰਨ ਲਈ ਹੈ, ਤਾਂ ਸਾਡੀ ਰੱਖਿਆ ਕਿਉਂ ਨਹੀਂ ਕੀਤੀ ਜਾਂਦੀ । ਗੁਰੂ ਜੀ ਤੇ ਉਨ੍ਹਾਂ ਦੇ ਸਿੱਖਾਂ ਦੀ ਤਾਕਤ ਦਿਨ-ਬਦਿਨ ਵਧਦੀ ਜਾ ਰਹੀ ਹੈ । ਕਿਸੇ ਸਮੇਂ ਵੀ ਉਹ ਮੁਗ਼ਲ ਹਕੂਮਤ ਲਈ ਤਕੜੀ ਸਿਰ-ਦਰਦੀ ਸਾਬਤ ਹੋ ਸਕਦੇ ਹਨ ।"

ਉਨ੍ਹੀਂ ਦਿਨੀਂ ਔਰੰਗਜ਼ੇਬ ਦੱਖਣ ਵਲ ਦੀਆਂ ਬਗ਼ਾਵਤਾਂ ਦਬਾਉਣ ਵਿਚ ਰੁਝਿਆ ਹੋਇਆ ਸੀ, ਇਸ ਲਈ ਦਿੱਲੀਉਂ ਵਾਪਸ ਆ ਉਨ੍ਹਾਂ ਆਪਣਾ ਸ਼ਕਾਇਤੀ ਪੱਤਰ ਸੂਬਾ ਸਰਹੰਦ ਦੀ ਸੇਵਾ ਵਿਚ ਘਲ ਕੇ ਅਰਜ਼ ਗੁਜ਼ਾਰੀ "ਹਜ਼ੂਰ ! ਬਾਬਾ ਨਾਨਕ ਦੀ ਗੱਦੀ ਤੇ ਬੈਠੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਨੇ ਸਾਡੇ ਵਿਰੁਧ ਹਥਿਆਰ ਚੁਕ ਲਏ ਹਨ । ਉਹ ਮੁਗ਼ਲ ਹਕੂਮਤ ਨੂੰ ਵੀ ਵੰਗਾਰ ਰਿਹਾ ਹੈ । ਅਰੰਭ ਵਿਚ ਹੀ ਇਸ ਬਾਗ਼ੀ ਟੋਲੇ ਨੂੰ ਖ਼ਤਮ ਕਰ ਦੇਣਾ ਚਾਹੀਦਾ ਹੈ, ਵਰਨਾ ਕਿਸੇ ਸਮੇਂ ਇਹ ਬਹੁਤ ਵੱਡੀ ਤਾਕਤ ਬਣ ਕੇ ਮੁਗ਼ਲ ਹਕੂਮਤ ਲਈ ਵੰਗਾਰ ਸਾਬਤ ਹੋ ਸਕਦੇ ਹਨ ।"

ਇਹ ਸ਼ਕਾਇਤ ਸਰਹੰਦ ਦੇ ਸੂਬੇ ਨੇ ਮੁੜ ਦਿੱਲੀ ਦਰਬਾਰ ਨੂੰ ਘਲ ਦਿਤੀ । ਉਥੋਂ ਜਵਾਬ ਆਇਆ, "ਪਹਾੜੀ ਰਾਜਿਆਂ ਦੀ ਮਦਦ ਲਈ ਕੇਂਦਰੀ ਫ਼ੌਜ ਇਸ ਸ਼ਰਤ ਤੇ ਘਲੀ ਜਾ ਸਕਦੀ ਹੈ, ਜੇ ਰਾਜੇ ਸਾਰਾ ਫ਼ੌਜੀ ਖ਼ਰਚਾ ਦੇਣ ਲਈ ਤਿਆਰ ਹੋਣ ।"

ਪਹਾੜੀ ਰਾਜਿਆਂ ਨੇ ਇਹ ਸ਼ਰਤ ਫ਼ੌਰਨ ਪ੍ਰਵਾਨ ਕਰ ਲਈ । ਸੋ ਪੈਂਦਾ ਖ਼ਾਨ ਤੇ ਦੀਨਾ ਬੇਗ ਦੀ ਕਮਾਨ ਹੇਠ ਦਸ ਹਜ਼ਾਰ ਫ਼ੌਜ ਅਨੰਦਪੁਰ ਤੇ ਹਮਲਾ ਕਰਨ ਲਈ ਘਲੀ ਗਈ । ਇਸ ਫ਼ੌਜ ਨੂੰ ਰੋਪੜ ਵਿਖੇ ਪਹਾੜੀ ਰਾਜਿਆਂ ਦੀ ਸੰਯੁਕਤ ਫ਼ੌਜ ਵੀ ਆ ਮਿਲੀ । ਅਨੰਦਪੁਰ ਵਿਖੇ ਗੁਰੂ ਜੀ ਨੂੰ ਸੰਦੇਸਾ ਘਲ ਦਿਤਾ ਗਿਆ, "ਕੇਂਦਰ ਤੇ ਪਹਾੜੀ ਰਾਜਿਆਂ ਦੀ ਸ਼ਕਤੀ ਸ਼ਾਲੀ ਫ਼ੌਜ ਸਰਕੋਬੀ ਲਈ ਆ ਰਹੀ ਹੈ । ਜੇ ਤੁਸੀਂ ਅਮਨ-ਅਮਾਨ ਨਾਲ ਰਹਿਣ ਦੀ ਸੰਧੀ ਕਰਕੇ ਹਕੂਮਤ ਨੂੰ ਖ਼ਰਾਜ ਦੇਣਾ ਪ੍ਰਵਾਨ ਕਰ ਲਓ, ਤਾਂ ਇਹ ਹਮਲਾ ਟਲ ਸਕਦਾ ਹੈ ।"

ਗੁਰੂ ਜੀ ਨੇ ਹਕੂਮਤ ਦੀਆਂ ਸ਼ਰਤਾਂ ਮੰਨਣ ਤੋਂ ਸਾਫ਼ ਇਨਕਾਰ ਕਰ ਦਿਤਾ, ਤੇ ਫ਼ੌਜੀ ਤਿਆਰੀ ਅਰੰਭ ਦਿਤੀ । ਖ਼ਾਲਸਾ ਪੰਥ ਦੀ ਸਾਜਨਾ ਸਮੇਂ ਜੋ ਪੰਜ ਪਿਆਰੇ ਚੁਣੇ ਗਏ ਸਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਨ੍ਹਾਂ ਨੂੰ ਗੁਰੂ ਜੀ ਨੇ ਆਪਣੀ ਫ਼ੌਜ ਦੇ ਪੰਜ ਦਸਤਿਆਂ ਦੇ ਜਰਨੈਲ ਮੁਕਰਰ ਕਰ ਦਿੱਤਾ। ਤੇ ਆਪ ਆਪਣੇ ਫ਼ੌਜੀਆਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਲੜਨ ਦਾ ਫ਼ੈਸਲਾ ਕੀਤਾ।

ਅਨੰਦਪੁਰ ਘੇਰੇ ਵਿਚ

ਸ਼ਕਤੀਸ਼ਾਲੀ ਮੁਗ਼ਲ ਫ਼ੌਜ ਤੇ ਪਹਾੜੀ ਰਾਜਿਆਂ ਦੀ ਸੰਯੁਕਤ ਫ਼ੌਜ ਚਹੁੰ ਪਾਸਿਉਂ ਅਨੰਦਪੁਰ ਨੂੰ ਘੇਰਨ ਲਈ ਅੱਗੇ ਵਧਣ ਲੱਗੀ। ਮੁਗ਼ਲ ਫ਼ੌਜ ਦਾ ਜਰਨੈਲ ਪੈਂਦੇ ਖ਼ਾਨ ਇਕ ਬਹਾਦਰ ਪਠਾਣ ਸੀ। ਉਸਨੇ ਗੁਰੂ ਜੀ ਨੂੰ ਸਨੇਹਾ ਘਲਿਆ, ਕਿ ਫ਼ੌਜੀਆਂ ਦਾ ਨਾਹਕ ਖ਼ੂਨ ਬਹਾਣ ਦੀ ਥਾਂ ਉਹ ਇਕੱਲਾ ਗੁਰੂ ਜੀ ਨਾਲ ਦੋ ਹੱਥ ਕਰਨ ਨੂੰ ਤਿਆਰ ਹੈ। ਪੈਂਦੇ ਖ਼ਾਨ ਦਾ ਸੁਨੇਹਾ ਮਿਲਦਿਆਂ ਹੀ ਗੁਰੂ ਜੀ ਨੇ ਆਪਣੇ ਘੋੜੇ ਨੂੰ ਅੱਡੀ ਲਾਈ, ਤੇ ਪੈਂਦੇ ਖ਼ਾਨ ਦੇ ਨੇੜੇ ਪਹੁੰਚ ਉਸਨੂੰ ਲਲਕਾਰਿਆ, "ਪੈਂਦੇ ਖ਼ਾਨ! ਮੈਂ ਹੀ ਸਿੱਖਾਂ ਦਾ ਗੁਰੂ, ਗੋਬਿੰਦ ਸਿੰਘ ਹਾਂ। ਅੱਜ ਲੜਾਈ ਦੇ ਮੈਦਾਨ ਵਿਚ ਦੋਹਾਂ ਦੀ ਸ਼ਕਤੀ ਦਾ ਫ਼ੈਸਲਾ ਹੋ ਜਾਵੇਗਾ। ਤੂੰ ਤਿਆਰ ਹੋ ਜਾ।"

"ਚੰਗਾ ਫਿਰ, ਪਹਿਲਾ ਵਾਰ ਤੁਸੀਂ ਕਰੋ, ਫਿਰ ਮੈਂ ਹੱਲਾ ਬੋਲਾਂਗਾ," ਪੈਂਦੇ ਖ਼ਾਂ ਨੇ ਵੰਗਾਰਿਆ।

ਗੁਰੂ ਜੀ ਨੇ ਕਿਹਾ, "ਦੂਜੇ ਤੇ ਪਹਿਲਾਂ ਵਾਰ ਕਰਨਾ ਗੁਰੂ ਘਰ ਦੀ ਰੀਤ ਨਹੀਂ। ਪਹਿਲਾਂ ਤੂੰ ਵਾਰ ਕਰ, ਫਿਰ ਜਵਾਬੀ ਹਮਲੇ ਲਈ ਤਿਆਰ ਹੋ ਜਾ।"

ਪੈਂਦੇ ਖ਼ਾਂ, ਆਪਣੇ ਘੋੜੇ ਨੂੰ ਅੱਡੀ ਲਾ ਗੁਰੂ ਜੀ ਦੇ ਨੇੜੇ ਜਾ ਪਹੁੰਚਿਆ। ਉਸਨੇ ਕਈ ਦਾਅ-ਪੇਚ ਖੇਡੇ, ਪਰ ਗੁਰੂ ਜੀ ਦਾ ਕੁਝ ਵਗਾੜ ਨਾਂਹ ਸਕਿਆ। ਅੰਤ ਮਜਬੂਰ ਹੋ ਕੇ ਉਸਨੇ ਤੀਰ ਚਲਾਇਆ, ਜੋ ਗੁਰੂ ਜੀ ਦੇ ਕੰਨਾਂ ਪਾਸੋਂ ਦੀ ਹੋ ਕੇ ਲੰਘ ਗਿਆ। ਉਸਨੇ ਦੂਜਾ ਤੀਰ ਚਲਾਇਆ, ਉਹ ਵੀ ਨਿਸ਼ਾਨੇ ਤੋਂ ਉਕ ਗਿਆ। ਇਸ ਪਿਛੋਂ ਜਦ ਉਸਨੇ ਮੈਦਾਨ ਛੱਡ ਕੇ ਨੱਠਣ ਦੀ ਕੋਸ਼ਿਸ਼ ਕੀਤੀ, ਤਾਂ ਗੁਰੂ ਜੀ ਨੇ ਵੰਗਾਰਿਆ, "ਓਏ, ਗੀਦੀ ਪਠਾਣ, ਆਪਣੇ ਦੋ ਵਾਰ ਕਰਕੇ ਮੈਦਾਨੋਂ ਕਿੱਧਰ ਨੱਠ ਤੁਰਿਆ ਏਂ?" ਇਹ ਕਹਿੰਦਿਆਂ ਹੋਇਆਂ ਗੁਰੂ ਜੀ ਨੇ ਐਸਾ ਤੀਰ ਛੱਡਿਆ, ਕਿ ਪੈਂਦੇ ਖ਼ਾਂ ਦੇ ਕੰਨ ਪਾਸ, ਉਸ ਥਾਂ ਜਾ ਲੱਗਾ, ਜੋ ਨੰਗੀ ਸੀ। ਤੀਰ ਲੱਗਦਿਆਂ ਸਾਰ ਪੈਂਦੇ ਖ਼ਾਂ ਘੋੜਿਓਂ ਡਿਗ ਪਿਆ, ਤੇ ਉਸਦੀ ਉਥੇ ਹੀ ਮੌਤ ਹੋ ਗਈ।

ਖ਼ਾਲਸਾ ਫ਼ੌਜ ਦੀ ਜਿੱਤ

ਹੁਣ ਦੀਨਾ ਬੇਗ ਨੇ ਮੁਗ਼ਲ ਫ਼ੌਜ ਦੀ ਕਮਾਨ ਸੰਭਾਲ ਲਈ। ਮੁਗ਼ਲ ਫ਼ੌਜ ਬੜੀ ਬਹਾਦਰੀ ਨਾਲ ਲੜ ਰਹੀ ਸੀ। ਪੈਂਦੇ ਖ਼ਾਂ ਦੀ ਮੌਤ ਦੀ ਖ਼ਬਰ ਸੁਣ ਪਹਾੜੀ ਰਾਜਿਆਂ ਦੀ ਫ਼ੌਜ ਤਿਤਰ ਬਿਤਰ ਹੋ ਗਈ। ਲੜਾਈ ਵਿਚ ਦੀਨਾ ਬੇਗ ਵੀ ਜ਼ਖ਼ਮੀ ਹੋ ਗਿਆ। ਮੁਗ਼ਲ ਫ਼ੌਜ ਵੀ ਨੱਠ ਤੁਰੀ। ਸਿੱਖਾਂ ਨੇ ਰੋਪੜ ਤੀਕ ਵੈਰੀ ਦਾ ਪਿੱਛਾ ਕੀਤਾ। ਇਸ ਮਗਰੋਂ ਗੁਰੂ ਜੀ ਦੇ ਹੁਕਮ ਤੇ ਸਿੱਖ ਫ਼ੌਜੀ ਵਾਪਸ ਪਰਤ ਆਏ। ਬਹੁਤ ਸਾਰਾ ਫ਼ੌਜੀ ਸਮਾਨ ਤੇ ਮਾਲ ਧਨ ਖ਼ਾਲਸਾ ਫ਼ੌਜ ਦੇ ਹੱਥ ਲੱਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਜਿੱਤ ਮਗਰੋਂ ਗੁਰੂ ਜੀ ਨੇ ਆਪਣੀਆਂ ਫ਼ੌਜੀ ਤਿਆਰੀਆਂ ਹੋਰ ਵੀ ਤੇਜ਼ ਕਰ ਦਿਤੀਆਂ । ਉਹਨਾਂ ਨੇ ਸੋਚਿਆ ਕਿ ਮੁਗ਼ਲ ਹਕੂਮਤ ਹੋਰ ਸ਼ਕਤੀ ਸ਼ਾਲੀ ਫ਼ੌਜ ਘਲੇਗੀ, ਉਸਦਾ ਮੁਕਾਬਲਾ ਕਰਨ ਲਈ ਤਕੜੀ ਫ਼ੌਜ ਦੀ ਤਿਆਰੀ ਦੀ ਲੋੜ ਹੈ । ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਅਨੰਦਪੁਰ ਪਹੁੰਚਣ ਲਈ ਸੱਦਾ ਪੱਤਰ ਘਲ ਦਿਤੇ । ਸੋ ਦੂਰ ਨੇੜੇ ਤੋਂ ਸਿੱਖ ਨੌਜਵਾਨ ਭਰਤੀ ਲਈ ਅਨੰਦਪੁਰ ਪਹੁੰਚਣੇ ਸ਼ੁਰੂ ਹੋ ਗਏ । ਬੰਦੂਕਾਂ, ਤਲਵਾਰਾਂ, ਤੀਰ ਤੇ ਹੋਰ ਲੋੜੀਂਦਾ ਲੜਾਈ ਦਾ ਸਮਾਨ ਇਕੱਠਾ ਹੋਣਾ ਸ਼ੁਰੂ ਹੋ ਗਿਆ । ਇਨ੍ਹਾਂ ਤਿਆਰੀਆਂ ਦੀ ਖ਼ਬਰ ਪਹਾੜੀ ਰਾਜਿਆਂ ਨੂੰ ਵੀ ਜਾ ਪੁਜੀ । ਪਹਾੜੀ ਰਾਜਿਆਂ ਨੇ ਮੀਟਿੰਗ ਕੀਤੀ । ਉਸ ਵਿਚ ਫ਼ੈਸਲਾ ਕੀਤਾ ਗਿਆ, ਕਿ ਸਭ ਰਾਜਿਆਂ ਦੀ ਫ਼ੌਜ ਇਕੱਠੀ ਕਰਕੇ ਇਕ ਦਮ ਅਨੰਦਪੁਰ ਨੂੰ ਘੇਰ ਲਿਆ ਜਾਵੇ । ਨਾਹ ਕੋਈ ਬਾਹਰੋਂ ਮਦਦ ਆਣ ਦਿਤੀ ਜਾਵੇ, ਨਾਂ ਕਿਸੇ ਨੂੰ ਅੰਦਰ ਜਾਣ ਦਿਤਾ ਜਾਵੇ । ਇਥੋਂ ਤੀਕ ਕਿ ਅੰਨ ਦਾਣਾ, ਲਕੜੀ ਤੇ ਘਾਹ ਆਦਿ ਵੀ ਅੰਦਰ ਨਾਂਹ ਜਾਣ ਦਿਤਾ ਜਾਵੇ । ਇਸ ਤਰ੍ਹਾਂ ਗੁਰੂ ਜੀ ਤੇ ਸਿੱਖ ਫ਼ੌਜ ਨੂੰ ਮਜਬੂਰ ਕਰ ਦਿਤਾ ਜਾਵੇ, ਕਿ ਉਹ ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰਕੇ ਨਿਕਲ ਜਾਣ । ਸੋ ਜੰਮੂ, ਨੂਰਪੁਰ, ਮੰਡੀ, ਭੁਟਾਨ, ਕੁੱਲੂ, ਕੈਂਥਲ, ਗੁਲੇਰ, ਚੰਬਾ ਤੇ ਸ੍ਰੀ ਨਗਰ ਦੀਆਂ ਫ਼ੌਜਾਂ ਅਨੰਦਪੁਰ ਨੂੰ ਘੇਰਨ ਲਈ ਅੱਗੇ ਵਧੀਆਂ । ਇਹ ਖ਼ਬਰ ਗੁਰੂ ਜੀ ਨੂੰ ਵੀ ਜਾ ਪਹੁੰਚੀ । ਉਸ ਵੇਲੇ ਅਨੰਦਪੁਰ ਵਿਚ ਬੜੀ ਥੋਹੜੀ ਫ਼ੌਜ ਸੀ । ਜਿਉਂ ਜਿਉਂ ਗੁਰੂ ਜੀ ਦੇ ਸਿੱਖਾਂ ਨੂੰ ਦੂਰ ਨੇੜੇ ਖ਼ਬਰਾਂ ਪੁਜੀਆਂ, ਉਹ ਹਥਿਆਰਾਂ ਸਣੇ ਅਨੰਦਪੁਰ ਵਲ ਤੁਰ ਪਏ । ਗਹਿ ਗਚ ਲੜਾਈ ਸ਼ੁਰੂ ਹੋ ਗਈ । ਪਹਾੜੀ ਰਾਜਿਆਂ ਦੀ ਫ਼ੌਜ ਦੀ ਕਮਾਨ ਬਿਲਾਸਪੁਰ ਦੇ ਰਾਜੇ ਭੀਮ ਚੰਦ ਦੇ ਪੁਤਰ ਰਾਜਾ ਅਜਮੇਰ ਚੰਦ ਦੇ ਹੱਥ ਸੀ । ਹਜ਼ਾਰਾਂ ਦੀ ਗਿਣਤੀ ਵਿਚ ਰੰਘੜ ਤੇ ਗੁਜਰ ਵੀ ਆਪਣੇ ਬਹਾਦਰ ਜਰਨੈਲ ਜਗਤੁਲਾ ਦੀ ਕਮਾਨ ਹੇਠਾਂ ਇਕੱਠੇ ਹੋ ਕੇ ਪਹਾੜੀ ਫ਼ੌਜ ਨਾਲ ਆਣ ਮਿਲੇ ।[1]

ਇਸ ਘੜੀ ਅਨੰਦਪੁਰ ਤਕੜੇ ਘੇਰੇ ਵਿਚ ਸੀ । ਗੁਰੂ ਜੀ ਨੇ ਹੁਕਮ ਦਿਤਾ, ਕਿ ਕੋਈ ਸਿੱਖ ਅਨੰਦਪੁਰੋਂ ਬਾਹਰ ਨਾਂਹ ਜਾਵੇ । ਗੁਰੂ ਜੀ ਦੇ ਜਵਾਨ ਤੇ ਬਹਾਦਰ ਬੇਟੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਇਕ ਜੱਥੇ ਦੀ ਕਮਾਨ ਸੰਭਾਲੀ । ਬਾਕੀ ਦੇ ਫ਼ੌਜੀ ਦਸਤੇ ਹੋਰ ਜਥੇਦਾਰਾਂ ਦੀ ਕਮਾਨ ਹੇਠ ਸਨ । ਪਹਿਲੀ ਝੜਪ ਵਿਚ ਹੀ ਰੰਗੜਾਂ ਤੇ ਗੁਜਰਾਂ ਦਾ ਆਗੂ ਜਗਤੁਲਾ ਮਾਰਿਆ ਗਿਆ । ਰੰਗੜ ਫ਼ੌਜੀਆਂ ਨੇ ਬੜਾ ਯਤਨ ਕੀਤਾ, ਕਿ ਆਪਣੇ ਆਗੂ ਦੀ ਲਾਸ਼ ਉਠਾ ਕੇ ਲੈ ਜਾਣ, ਪਰ ਸਿੱਖਾਂ ਨੇ ਲਾਸ਼ ਨਾਂਹ ਉਠਾਣ ਦਿਤੀ । ਲੜਾਈ ਵਿਚ ਬਹੁਤ ਸਾਰੇ ਰੰਗੜ ਤੇ ਗੁਜਰ ਮਾਰੇ ਗਏ । ਅੰਤ ਉਹ ਮੈਦਾਨ ਛੱਡ ਕੇ ਨਠ ਤੁਰੇ ।

---

1. ਰੰਘੜ ਤੇ ਗੁਜਰ ਸਿੱਖਾਂ ਨੂੰ ਆਪਣਾ ਸਭ ਤੋਂ ਵੱਡਾ ਵੈਰੀ ਸਮਝਦੇ ਸਨ । ਇਕ ਵਾਰ ਇਨ੍ਹਾਂ ਦੇ ਪਿੰਡ ਨੂਹ ਤੇ ਸਾਜਪੁਰ ਵਿਖੇ ਸਿੱਖਾਂ ਨਾਲ ਇਨ੍ਹਾਂ ਦੀ ਤਕੜੀ ਝੜਪ ਹੋ ਗਈ ਸੀ, ਨਤੀਜੇ ਵਜੋਂ ਸਿੱਖਾਂ ਨੇ ਦੋਵੇਂ ਪਿੰਡ ਲੁਟ-ਪੁਟ ਕੇ ਬਰਬਾਦ ਕਰ ਦਿਤੇ । ਇਸ ਲੜਾਈ ਵਿਚ ਰੰਘੜਾਂ ਤੇ ਗੁਜਰਾਂ ਨੂੰ ਸਿੱਖਾਂ ਹਥੋਂ ਤਕੜੀ ਹਾਰ ਹੋਈ । ਇਸ ਹਾਰ ਦਾ ਉਹ ਗੁਰੂ ਜੀ ਤੋਂ ਬਦਲਾ ਲੈਣਾ ਚਾਹੁੰਦੇ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪਣੇ ਹਮਾਇਤੀ ਰੰਘੜਾਂ ਤੇ ਗੁਜਰਾਂ ਦੇ ਮੈਦਾਨੋਂ ਨਠ ਜਾਣ ਤੇ ਰਾਜਿਆਂ ਦੀ ਤਾਕਤ ਕਮਜ਼ੋਰ ਹੋ ਗਈ, ਫਿਰ ਵੀ ਉਨ੍ਹਾਂ ਹੌਸਲਾ ਨਾਂਹ ਛੱਡਿਆ। ਆਪਣੇ ਫ਼ੌਜੀਆਂ ਨੂੰ ਮੁੜ ਇਕੱਠਾ ਕਰ ਅਨੰਦਪੁਰ ਤੇ ਇਕ ਜ਼ੋਰਦਾਰ ਹਮਲਾ ਕੀਤਾ ਗਿਆ। ਇਸ ਹੱਲੇ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜ਼ਖ਼ਮੀ ਹੋ ਗਿਆ। ਉਸਨੇ ਘੋੜਾ ਛੱਡ ਦਿਤਾ ਤੇ ਪੈਦਲ ਹੀ ਬੜੀ ਬਹਾਦਰੀ ਨਾਲ ਲੜਿਆ। ਸਿੱਖ, ਆਪਣੇ ਕਿਲ੍ਹੇ ਦੀ ਦੀਵਾਰ ਵਲ ਪਿੱਠ ਕਰਕੇ ਦੁਸ਼ਮਣ ਨਾਲ ਲੋਹਾ ਲੈਣ ਲੱਗੇ। ਦੋਹਾਂ ਪਾਸਿਆਂ ਦੇ ਬਹੁਤ ਸਾਰੇ ਸੂਰਮੇ ਮਾਰੇ ਗਏ। ਦੋ ਮਹੀਨਿਆਂ ਦੀ ਇਸ ਘਮਾਸਾਨ ਲੜਾਈ ਮਗਰੋਂ ਵੀ ਪਹਾੜੀ ਫ਼ੌਜ ਅੱਗੇ ਨਾਂਹ ਵਧ ਸਕੀ। ਅਖ਼ੀਰ ਉਨ੍ਹਾਂ ਨੇ ਇਕ ਬੜੀ ਘਿਨਾਉਣੀ ਚਾਲ ਚੱਲੀ।

ਮਸਤ ਹਾਥੀ ਦਾ ਹਮਲਾ

ਇਕ ਮਸਤ ਹਾਥੀ ਨੂੰ ਸ਼ਰਾਬ ਪਿਆ ਕੇ ਉਸਨੂੰ ਲੋਹਗੜ੍ਹ ਦੇ ਕਿਲ੍ਹੇ ਦੇ ਵਡੇ ਦਰਵਾਜ਼ੇ ਤੇ ਹਮਲਾ ਕਰਨ ਲਈ ਅੱਗੇ ਧਕੇਲਿਆ ਗਿਆ। ਹਾਥੀ ਦੇ ਮੱਥੇ ਤੇ ਇਕ ਤੇਜ਼ ਧਾਰ ਬਰਛਾ ਕਸ ਕੇ ਬੰਨ੍ਹ ਦਿਤਾ ਗਿਆ, ਜਿਸ ਨਾਲ ਉਸਨੇ ਲੋਹਗੜ੍ਹ ਦੇ ਵਡੇ ਦਰਵਾਜ਼ੇ ਤੇ ਹਮਲਾ ਕਰਨਾ ਸੀ। ਇਸ ਹੱਲੇ ਨਾਲ ਲੋਹਗੜ੍ਹ ਦਾ ਮਜ਼ਬੂਤ ਦਰਵਾਜ਼ਾ ਟੁਟ ਜਾਣਾ ਸੀ। ਇਸ ਮਗਰੋਂ ਵੈਰੀ ਫ਼ੌਜ ਇਕ ਦਮ ਕਿਲ੍ਹੇ ਅੰਦਰ ਦਾਖ਼ਲ ਹੋ ਜਾਣੀ ਸੀ। ਹਾਥੀ ਦੇ ਪਿਛੇ ਪਿਛੇ ਕੁਝ ਬਹਾਦਰ ਮਨਚਲੇ ਫ਼ੌਜੀ ਸਿਰ-ਧੜ ਦੀ ਬਾਜ਼ੀ ਲਾਈ ਰਾਜਪੂਤ ਰਾਜਾ ਕੇਸਰੀ ਚੰਦ ਦੀ ਅਗਵਾਈ ਹੇਠ ਕਿਲ੍ਹੇ ਵਲ ਵਧੀ ਆ ਰਹੇ ਸਨ। ਗੁਰੂ ਜੀ ਨੇ ਇਸ ਸਾਰੇ ਖ਼ਤਰੇ ਨੂੰ ਪਹਿਲਾਂ ਹੀ ਭਾਂਪ ਲਿਆ ਸੀ। ਉਨ੍ਹਾਂ ਆਪਣੇ ਇਕ ਬਹਾਦਰ ਸੂਰਬੀਰ ਸਿੱਖ—ਬਚਿੱਤਰ ਸਿੰਘ ਨੂੰ ਤੇਜ਼ ਧਾਰ ਬਰਛੇ ਨਾਲ ਹਾਥੀ ਦੀ ਸੁੰਡ ਤੇ ਹਮਲਾ ਕਰਨ ਲਈ ਘਲਿਆ। ਇਸਦੇ ਨਾਲ ਹੀ ਊਦੇ ਸਿੰਘ ਨੂੰ ਰਾਜਾ ਕੇਸਰੀ ਚੰਦ ਦਾ ਸਿਰ ਕੱਟਣ ਦਾ ਕੰਮ ਸੌਂਪਿਆ ਗਿਆ, ਜੋ ਇਸ ਖ਼ੂੰਖ਼ਾਰ ਹਾਥੀ ਤੇ ਫ਼ੌਜੀ ਦਸਤੇ ਦੀ ਅਗਵਾਈ ਕਰ ਰਿਹਾ ਸੀ।

ਸ਼ਰਾਬ ਨਾਲ ਮਸਤ ਹਾਥੀ ਪਲ ਪਲ ਅੱਗੇ ਵਧੀ ਆ ਰਿਹਾ ਸੀ, ਕਿ ਅਚਾਨਕ ਬਚਿੱਤਰ ਸਿੰਘ ਨੇ ਅੱਗੇ ਵਧ ਆਪਣਾ ਆਹਿਨੀ ਤੇਜ਼ ਧਾਰ ਬਰਛਾ ਉਸਦੇ ਸੁੰਡ ਵਿਚ ਘੁਸੇੜ ਦਿਤਾ। ਮਸਤ ਬਿਫਰਿਆ ਹੋਇਆ ਹਾਥੀ ਪਹਿਲੀ ਚੋਟ ਨਾਲ ਹੀ ਬੌਖ਼ਲਾ ਉਠਿਆ, ਤੇ ਪਹਾੜੀ ਰਾਜਿਆਂ ਦੀ ਫ਼ੌਜ ਦੀਆਂ ਸਫ਼ਾਂ ਚੀਰਦਾ ਹੋਇਆ ਪਿਛਾਂਹ ਵਲ ਭਜ ਉਠਿਆ। ਸਾਹਮਣੇ ਰਾਜਾ ਕੇਸਰੀ ਸਿੰਘ, ਗੁਰੂ ਜੀ ਨੂੰ ਵੰਗਾਰਦਾ ਹੋਇਆ ਆ ਰਿਹਾ ਸੀ। ਬਹਾਦਰ ਊਦੇ ਸਿੰਘ ਦੀ ਤਲ਼ਵਾਰ ਦੇ ਇਕੋ ਵਾਰ ਨਾਲ ਉਸਦਾ ਸਿਰ ਧੜ ਨਾਲੋਂ ਵੱਖ ਹੋ ਗਿਆ। ਅੱਧੀ ਰਾਤ ਤੀਕ ਲੜਾਈ ਜਾਰੀ ਰਹੀ। ਪਹਾੜੀ ਰਾਜੇ ਆਪਣੇ ਹਜ਼ਾਰਾਂ ਫ਼ੌਜੀ ਮਰਵਾ ਕੇ, ਤੇ ਹਥਿਆਰ ਤੇ ਜ਼ਖ਼ਮੀ ਫ਼ੌਜੀ ਲੜਾਈ ਦੇ ਮੈਦਾਨ ਵਿਚ ਛੱਡ ਕੇ ਭਜ ਉਠੇ।

ਇਸ ਤਕੜੀ ਹਾਰ ਤੇ ਖ਼ੁਲਾਮੀ ਪਿਛੋਂ ਪਹਾੜੀ ਰਾਜਿਆਂ ਨੇ ਫਿਰ ਔਰੰਗਜ਼ੇਬ ਦੇ ਦਰਬਾਰ ਵਿਚ ਪਹੁੰਚ ਕੇ ਆਹੋ-ਪੁਕਾਰ ਕੀਤੀ। ਇਕ ਛੋਟੀ ਜੇਹੀ ਜਥੇਬੰਦੀ ਹਥੋਂ ਵਾਰ ਵਾਰ ਹਾਰ ਖਾਣ ਦੀ ਖ਼ਬਰ ਸੁਣ ਔਰੰਗਜ਼ੇਬ ਬੋਖਲਾ ਉਠਿਆ। ਉਸਨੇ ਵਜ਼ੀਰ ਖ਼ਾਨ, ਸਰਹੰਦ ਦੇ ਸੂਬੇ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਂ ਹੁਕਮ ਜਾਰੀ ਕੀਤਾ, ਕਿ ਉਹ ਪਹਾੜੀ ਰਾਜਿਆਂ ਨਾਲ ਮਿਲ ਕੇ ਅਨੰਦਪੁਰੋਂ ਗੁਰੂ ਜੀ ਨੂੰ ਖਦੇੜ ਦਏ।

ਇਸ ਤਰ੍ਹਾਂ ਤਕੜੀ ਮੁਗ਼ਲ ਫੌਜ, ਪਹਾੜੀ ਰਾਜਿਆਂ ਦੀ ਮਿਲਵੀਂ ਫੌਜ ਨੂੰ ਆਪਣੇ ਨਾਲ ਮਿਲਾ ਕੇ ਅਨੰਦਪੁਰ ਵਲ ਵਧੀ। ਗੁਰੂ ਜੀ ਨੇ ਅਨੰਦਪੁਰੋਂ ਬਾਹਰ ਨਿਕਲ ਕੇ ਇਸ ਟਿੱਡੀ ਦਲ ਫੌਜ ਦਾ ਟਾਕਰਾ ਕੀਤਾ। ਇਸ ਸ਼ਕਤੀਸ਼ਾਲੀ ਫੌਜ ਨੂੰ ਵੀ ਸਿੱਖਾਂ ਨੇ ਤਕੜੀ ਹਾਰ ਦਿਤੀ। ਜਦ ਗੁਰੂ ਸਾਹਿਬ ਅੱਗੇ ਉਨ੍ਹਾਂ ਦਾ ਕੋਈ ਚਾਰਾ ਨਾਂਹ ਚਲਿਆ, ਤਾਂ ਪਹਾੜੀ ਰਾਜਿਆਂ ਨੇ ਬਹੁਤ ਸਾਰੇ ਕੀਮਤੀ ਤੋਹਫ਼ੇ ਘਲ ਕੇ ਗੁਰੂ ਜੀ ਅੱਗੇ ਬਿਨੈ ਕੀਤੀ, "ਅਸੀਂ ਆਪ ਨਾਲ ਸੁਲਾਹ ਕਰਨੀ ਚਾਹੁੰਦੇ ਹਾਂ। ਅੱਗੋਂ ਲਈ ਅਸੀਂ ਗੁਰੂ ਜੀ ਦਾ ਮਾਣ ਸਤਿਕਾਰ ਪਹਿਲਾਂ ਵਾਂਗ ਹੀ ਕਾਇਮ ਰਖਿਆ ਕਰਾਂਗੇ। ਪਿਛਲੀਆਂ ਗ਼ਲਤੀਆਂ ਲਈ ਅਸੀਂ ਸ਼ਰਮਿੰਦਾ ਹਾਂ।"

ਗੁਰੂ ਜੀ ਨੇ ਉਨ੍ਹਾਂ ਦੀ ਬਨਤੀ ਪ੍ਰਵਾਨ ਕਰ ਲਈ। ਰਾਜੇ ਆਪਣੀਆਂ ਫੌਜਾਂ ਆਪਣੀਆਂ ਰਿਆਸਤਾਂ ਵਲ ਲੈ ਗਏ। ਇਸ ਤਰ੍ਹਾਂ ਕੁਝ ਸਮੇਂ ਲਈ ਅਨੰਦਪੁਰ ਵਿਚ ਪਹਿਲਾਂ ਵਰਗੀਆਂ ਰੌਣਕਾਂ ਲੱਗ ਗਈਆਂ ਤੇ ਦੂਰ-ਦੁਰਾਡਿਉਂ ਸਿੱਖ ਦਰਸ਼ਨਾਂ ਲਈ ਆਉਣੇ ਅਰੰਭ ਹੋ ਗਏ। ਉਹ ਆਪਣੇ ਨਾਲ ਘੋੜੇ ਤੇ ਹਥਿਆਰਾਂ ਨੂੰ ਵੀ ਲੈ ਆਉਂਦੇ, ਜਿਸ ਨਾਲ ਸਿੱਖ ਫੌਜ ਦੀ ਸ਼ਕਤੀ ਹੋਰ ਵੀ ਮਜ਼ਬੂਤ ਹੋ ਗਈ।

ਉਨ੍ਹੀਂ ਦਿਨੀਂ ਔਰੰਗਜ਼ੇਬ ਦੱਖਣ ਦੇ ਸੁਲਤਾਨਾਂ ਨਾਲ ਲੜਾਈ ਵਿਚ ਰੁਝਿਆ ਹੋਇਆ ਸੀ। ਉਥੇ ਹੀ ਉਸਨੂੰ ਪਹਾੜੀ ਰਾਜਾ ਅਜਮੇਰ ਜਾ ਮਿਲਿਆ। ਉਸਨੇ ਗੁਰੂ ਜੀ ਦੀ ਦਿਨ-ਬਦਿਨ ਵਧ ਰਹੀ ਤਾਕਤ ਦਾ ਜ਼ਿਕਰ ਕਰਦਿਆਂ ਬਿਨੈ ਕੀਤੀ "ਜਹਾਂ ਪਨਾਹ! ਜੇ ਇਸ ਘੜੀ ਗੁਰੂ ਦੀ ਫੌਜੀ ਸ਼ਕਤੀ ਖ਼ਤਮ ਨਾਂਹ ਕਰ ਦਿਤੀ ਗਈ, ਤਾਂ ਕੁਝ ਸਮਾਂ ਪਾ ਕੇ ਉਹ ਹਕੂਮਤ ਲਈ ਬਹੁਤ ਵੱਡਾ ਖ਼ਤਰਾ ਸਾਬਤ ਹੋਣਗੇ।"

ਔਰੰਗਜ਼ੇਬ ਨੇ ਦਖਣੋਂ ਵਿਹਲਿਆਂ ਹੁੰਦਿਆਂ ਸਾਰ ਮੁਗ਼ਲ ਫੌਜ ਨੂੰ ਸਰਹੰਦ ਵਲ ਤੋਰ ਦਿਤਾ। ਉਧਰੋਂ ਸੂਬਾ ਸਰਹੰਦ ਵਜ਼ੀਰ ਖ਼ਾਨ ਆਪਣੀ ਤੇ ਰਾਜਿਆਂ ਦੀ ਫੌਜ ਨੂੰ ਲੈ ਕੇ ਅੱਗੇ ਹੀ ਅਨੰਦਪੁਰ ਦੇ ਕਿਲ੍ਹੇ ਨੂੰ ਘੇਰਣ ਦੀ ਵਿਉਂਤ ਬਣਾ ਰਿਹਾ ਸੀ। ਸੋ ਸਾਰੇ ਭਾਰਤ ਦੀ ਸ਼ਕਤੀਸ਼ਾਲੀ ਫੌਜ ਨੇ ਅਨੰਦਪੁਰ ਨੂੰ ਆਪਣੇ ਘੇਰੇ ਵਿਚ ਲੈ ਲਿਆ।

Forwa[illegible] with compliments from
the [illegible] of Education.
Govt. [illegible]

CC-0. In Public Domain. Gurukul Kangri Collection, Haridwar

ਅਨੰਦਪੁਰ ਦਾ ਮੁਹਾਸਰਾ

Digitized by Arya Samaj Foundation Chennai and eGangotri

ਉਸ ਸਮੇਂ ਤੀਕ ਅਨੰਦਪੁਰ ਵਿਚ ਕੁਝ ਛੋਟੀਆਂ ਤੋਪਾਂ ਵੀ ਤਿਆਰ ਕਰ ਲਈਆਂ ਗਈਆਂ ਸਨ। ਸੋ ਗੁਰੂ ਜੀ ਨੇ ਉਨ੍ਹਾਂ ਤੋਪਾਂ ਨੂੰ ਕਿਲ੍ਹੇ ਤੇ ਚੜ੍ਹਾ ਦਿਤਾ। ਮੈਦਾਨ ਵਿਚ ਲੜ ਰਹੀ ਵੈਰੀ ਦੀ ਫੌਜ ਦਾ ਪਹਿਲੇ ਦਿਨ ਹੀ ਭਾਰੀ ਨੁਕਸਾਨ ਹੋਇਆ। ਉਧਰ ਸਿੱਖ ਜਰਨੈਲ ਦਯਾ ਸਿੰਘ ਤੇ ਉਦੈ ਸਿੰਘ ਨੇ ਆਪਣੇ ਚੋਣਵੇਂ ਬਹਾਦਰ ਫੌਜੀ ਲੈ ਕੇ ਮੈਦਾਨ ਵਿਚ ਲੜ ਰਹੀ ਵੈਰੀ ਦੀ ਫੌਜ ਤੇ ਜਾ ਝਪਟਾ ਮਾਰਿਆ। ਇਸ ਹੱਲੇ ਨਾਲ ਵੈਰੀ ਦਿਲਾਂ ਤੇ ਗੁਰੂ ਜੀ ਦਾ ਦਬਦਬਾ ਬੈਠ ਗਿਆ।[1] ਵੈਰੀਆਂ ਦੇ ਮਨਾਂ ਤੇ ਇਹ ਸਹਿਮ ਛਾ ਗਿਆ, ਕਿ ਗੁਰੂ ਜੀ ਬਹੁਤ ਸਾਰੀਆਂ ਦੈਵੀ ਸ਼ਕਤੀਆਂ ਦੇ ਮਾਲਕ ਹਨ, ਇਸੇ ਲਈ ਉਹ ਇੱਡੀ ਵੱਡੀ ਫੌਜ ਨੂੰ ਵੀ ਹਰਾ ਸਕਦੇ ਹਨ।

ਦੂਜੇ ਦਿਨ ਗੁਰੂ ਜੀ ਨੇ ਫੌਜ ਦੀ ਕਮਾਨ ਆਪ ਸੰਭਾਲ ਲਈ। ਗਹਿ ਗਚ ਲੜਾਈ ਵਿਚ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਸੂਰਮੇ ਕੰਮ ਆਏ। ਹੁਣ ਵੈਰੀ ਫੌਜ ਨੇ ਫ਼ੈਸਲਾ ਕੀਤਾ, ਕਿ ਇਸ ਤਰ੍ਹਾਂ ਅਨੰਦਪੁਰ ਦਾ ਕਿਲ੍ਹਾ ਫ਼ਤਹਿ ਨਹੀਂ ਹੋਣਾ। ਸਿੱਖਾਂ ਨੂੰ ਭੁਖਿਆਂ ਮਾਰਨ ਲਈ ਬਾਹਰਲੀ ਖਾਦ ਸਪਲਾਈ ਬਿਲਕੁਲ ਬੰਦ ਕਰ ਦਿਤੀ ਜਾਵੇ। ਇਸ ਤਰ੍ਹਾਂ ਅਨੰਦਪੁਰ ਦਾ ਘੇਰਾ ਨੌਂ ਮਹੀਨੇ ਤੀਕ ਜਾਰੀ ਰਿਹਾ। ਕਿਲ੍ਹੇ ਅੰਦਰ ਰਾਸ਼ਨ ਪਾਣੀ ਮੁਕ ਗਿਆ।

ਅੰਦਰ ਦੇ ਹਾਲਾਤ ਦਿਨ-ਬਦਿਨ ਖ਼ਰਾਬ ਹੁੰਦੇ ਜਾ ਰਹੇ ਸਨ। ਕਈ ਦਿਨਾਂ ਤੋਂ ਭੁਖੇ ਭਾਣੇ ਸਿੱਖ ਵੈਰੀ ਨਾਲ ਟੱਕਰ ਲੈ ਰਹੇ ਸਨ। ਜਦ ਫਿਰ ਵੀ ਸਿੱਖਾਂ ਨੇ ਹਾਰ ਨਾਂਹ ਮੰਨੀ, ਤਾਂ ਵਜ਼ੀਰ ਖ਼ਾਨ ਤੇ ਰਾਜਿਆਂ ਨੇ ਮਿਲ ਕੇ ਇਕ ਅਤਿ ਘਿਨਾਉਣੀ ਸਿਆਸੀ ਚਾਲ ਚੱਲੀ। ਉਨ੍ਹਾਂ ਆਪਣੇ ਦੂਤ ਰਾਹੀਂ ਗੁਰੂ ਜੀ ਨੂੰ ਬਿਨੈ ਕੀਤੀ, ਕਿ ਜੇ ਉਹ ਕਿਲ੍ਹਾ ਖ਼ਾਲੀ ਕਰ ਜਾਣ, ਤੇ ਕੁਝ ਦਿਨਾਂ ਲਈ ਆਪਣੇ ਸਾਰੇ ਸਾਮਾਨ ਸਣੇ ਕਿਲ੍ਹਿਉਂ ਬਾਹਰ ਨਿਕਲ ਜਾਣ, ਤਾਂ ਮੁਗ਼ਲ ਫੌਜ ਕਿਲ੍ਹੇ ਦਾ ਘੇਰਾ ਉਠਾ ਲਵੇਗੀ। ਫਿਰ ਕੁਝ ਦਿਨਾਂ ਮਗਰੋਂ ਗੁਰੂ ਜੀ ਦੁਬਾਰਾ ਅਨੰਦਪੁਰ ਦੇ ਕਿਲ੍ਹੇ ਅੰਦਰ ਦਾਖ਼ਲ ਹੋ ਜਾਣ। ਇਸ ਤਰ੍ਹਾਂ ਅਸੀਂ ਮੁਗ਼ਲ ਬਾਦਸ਼ਾਹ ਨੂੰ ਮੂੰਹ ਵਿਖਾਣ ਜੋਗੇ ਤਾਂ ਹੋਵਾਂਗੇ। ਇਸਦੇ ਨਾਲ ਹੀ ਵਜ਼ੀਰ ਖ਼ਾਨ ਤੇ ਉਸਦੇ ਸਾਥੀ ਅਧਿਕਾਰੀਆਂ ਨੇ ਕੁਰਾਨ ਦੀ ਕਸਮ ਖਾਧੀ, ਕਿ ਉਹ ਆਪਣੇ ਕੀਤੇ ਇਕਰਾਰ ਤੇ ਕਾਇਮ ਰਹਿਣਗੇ।

ਅਨੰਦਪੁਰ ਤੋਂ ਵਿਦੈਗੀ

ਗੁਰੂ ਜੀ ਵੈਰੀ ਦੀ ਇਸ ਚਾਲ ਨੂੰ ਭਾਂਪ ਗਏ, ਪਰ ਮਾਤਾ ਗੁਜਰੀ ਜੀ ਤੇ ਸਿੱਖਾਂ ਨੇ ਉਨ੍ਹਾਂ ਨੂੰ ਬਿਨੈ ਕੀਤੀ, ਕਿ ਉਹ ਕਿਲ੍ਹਾ ਛੱਡ ਦੇਣ। ਜੇ ਫਿਰ ਵੀ ਵੈਰੀ ਲੜਾਈ ਜਾਰੀ ਰਖੇ ਤਾਂ ਉਸਦਾ ਮੈਦਾਨ ਵਿਚ ਡਟ ਕੇ ਟਾਕਰਾ ਕੀਤਾ ਜਾਵੇ। ਅੰਤ ਮਜਬੂਰ ਹੋ ਗੁਰੂ ਜੀ ਨੇ 19 ਦਸਬਰ, ਸੰਨ 1704 ਈ: ਦੀ ਇਕ ਕਾਲੀ ਬੋਲੀ ਭਿਆਨਕ ਰਾਤ ਨੂੰ ਕਿਲ੍ਹਾ ਛੱਡ ਦਿਤਾ।

1. ਪਹਿਲੇ ਦਿਨ ਦੇ ਹੱਲੇ ਵਿਚ 900 ਵੈਰੀ ਫੌਜੀ ਮਾਰੇ ਗਏ ਤੇ ਹਜ਼ਾਰਾਂ ਜ਼ਖ਼ਮੀ ਹੋ ਗਏ।
—ਮੈਕਾਲਫ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਾਤਾ ਗੁਜਰੀ ਜੀ, ਆਪਣੇ ਦੋ ਪੋਤਰਿਆਂ—ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ—ਜਿਨ੍ਹਾਂ ਦੀ ਉਮਰ ਉਸ ਸਮੇਂ ਛੇ ਤੇ ਅੱਠ ਸਾਲ ਸੀ, ਤੇ ਆਪਣੀਆਂ ਦੋਹਾਂ ਨੂੰਹਾਂ—ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ—ਨੂੰ ਨਾਲ ਲੈ ਇਕ ਛੋਟੀ ਜਿਹੀ ਹਥਿਆਰਬੰਦ ਟੁਕੜੀ ਦੀ ਹਿਫ਼ਾਜ਼ਤ ਵਿਚ ਕਿਲ੍ਹਿਉਂ ਨਿਕਲ ਤੁਰੇ । ਗੁਰੂ ਜੀ ਪੰਜ ਸੌ ਫੌਜੀਆਂ ਨਾਲ ਸਰਸਾ ਵਲ ਚਲ ਪਏ ।

ਵੈਰੀ, ਆਪਣੀਆਂ ਸਾਰੀਆਂ ਕਸਮਾਂ ਤੋੜ ਉਨ੍ਹਾਂ ਦੇ ਪਿਛੇ ਪਿਛੇ ਧਾਵਾ ਕਰਦਾ ਚਲਾ ਆ ਰਿਹਾ ਸੀ । ਸਰਸਾ ਨਦੀ ਪਾਰ ਕਰਦਿਆਂ, ਨਾਲ ਲਿਆਂਦਾ ਕੀਮਤੀ ਖ਼ਜ਼ਾਨਾ, ਬਹੁਤ ਸਾਰੇ ਇਤਿਹਾਸਕ ਖਰੜੇ ਤੇ ਸੈਂਕੜੇ ਸਿੱਖ ਰੁੜ੍ਹ ਗਏ । ਗੁਰੂ ਜੀ ਆਪਣੇ ਕੁਝ ਸਿੱਖਾਂ ਨਾਲ ਚਮਕੌਰ ਜਾ ਪੁਜੇ । ਉਥੇ ਵੈਰੀ ਨਾਲ ਭਰਵੀਂ ਟੱਕਰ ਹੋਈ । ਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ—ਅਜੀਤ ਸਿੰਘ ਤੇ ਜੁਝਾਰ ਸਿੰਘ—ਬੜੀ ਬਹਾਦਰੀ ਨਾਲ ਲੜਾਈ ਵਿਚ ਕਈ ਵੈਰੀਆਂ ਨੂੰ ਪਾਰ ਬੁਲਾਂਦੇ ਆਪ ਸ਼ਹੀਦ ਹੋ ਗਏ । ਗੁਰੂ ਜੀ ਆਪ ਇਸ ਲੜਾਈ ਵਿਚ ਜੂਝ ਕੇ ਸ਼ਹੀਦ ਹੋ ਜਾਣਾ ਚਾਹੁੰਦੇ ਸਨ, ਪਰ ਉਨ੍ਹਾਂ ਦੇ ਪੰਜ ਸਾਥੀਆਂ ਨੇ ਗੁਰਮਤਾ ਪਾਸ ਕਰਕੇ ਗੁਰੂ ਜੀ ਨੂੰ ਉਥੋਂ ਨਿਕਲ ਜਾਣ ਲਈ ਮਜਬੂਰ ਕਰ ਦਿਤਾ । ਅੱਧੀ ਰਾਤ ਨੂੰ ਗੁਰੂ ਜੀ ਚਮਕੌਰ ਦੀ ਗੜ੍ਹੀ ਛੱਡ ਕੇ ਨਿਕਲ ਤੁਰੇ । ਪਹਿਰੇ ਤੇ ਖੜੋਤੇ ਦੋ ਮੁਗ਼ਲ ਫੌਜੀ ਉਨ੍ਹਾਂ ਦੇ ਤੀਰਾਂ ਦਾ ਸ਼ਿਕਾਰ ਹੋ ਗਏ, ਤੇ ਗੁਰੂ ਜੀ ਹਨੇਰੇ ਵਿਚ ਅਲੋਪ ਹੋ ਗਏ ।

ਦੂਜੇ ਦਿਨ ਜਦ ਵੈਰੀ ਨੇ ਗੜ੍ਹੀ ਤੇ ਹੱਲਾ ਬੋਲਿਆ, ਤਾਂ ਗੁਰੂ ਜੀ ਨਾਲ ਮਿਲਦੀ ਜੁਲਦੀ ਸ਼ਕਲ ਦੇ ਸੰਤ ਸਿੰਘ ਨਾਂ ਦੇ ਇਕ ਸਿੱਖ ਨੂੰ ਕਲਗੀ ਜਿਗਾ ਸਜਾਈ ਵੇਖ ਕੇ ਬੜੇ ਖ਼ੁਸ਼ ਹੋਏ, ਕਿ ਅੰਤ ਉਨ੍ਹਾਂ ਗੁਰੂ ਜੀ ਨੂੰ ਫੜ ਹੀ ਲਿਆ ਹੈ । ਪਿਛੋਂ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਬੜੀ ਨਿਰਾਸਤਾ ਹੋਈ, ਕਿ ਇਕ ਜਾਂਨਬਾਜ਼ ਸਿੱਖ ਨੇ ਗੁਰੂ ਜੀ ਨੂੰ ਬਚਾਣ ਲਈ ਖ਼ੁਦ ਸ਼ਹਾਦਤ ਦਾ ਜਾਮ ਪੀਣ ਲਈ ਇਹ ਕੁਰਬਾਨੀ ਕੀਤੀ ਹੈ ।

ਉਧਰ ਗੁਰੂ ਜੀ ਮਾਛੀਵਾੜੇ ਜਾ ਪਹੁੰਚੇ । ਚਮਕੌਰੋਂ ਨਿਕਲਣ ਸਮੇਂ ਉਨ੍ਹਾਂ ਨਾਲ ਕੇਵਲ ਨੌਂ ਸਿੱਖ ਸਨ, ਉਹ ਵੀ ਉਨ੍ਹਾਂ ਤੋਂ ਵਿਛੜ ਗਏ ਸਨ । ਉਹ ਗੁਰੂ ਜੀ ਨੂੰ ਮਾਛੀਵਾੜੇ ਆਣ ਮਿਲੇ । ਉਸ ਸਮੇਂ ਗੁਰੂ ਜੀ ਦੇ ਬਸਤਰ ਫਟ ਚੁਕੇ ਸਨ । ਨੰਗੇ ਪੈਰ ਜ਼ਖ਼ਮਾਂ ਨਾਲ ਭਰਪੂਰ ਸਨ । ਉਨ੍ਹਾਂ ਤੋਂ ਤੁਰਿਆ ਵੀ ਨਹੀਂ ਸੀ ਜਾਂਦਾ । ਇਥੇ ਹੀ ਉਨ੍ਹਾਂ ਬੜਾ ਪਿਆਰਾ ਸ਼ਬਦ ਉਚਾਰਿਆ :

ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ।
ਤੁਧ ਬਿਨੁ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ ।
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ ।
ਯਾਰੜੇ ਦਾ ਸਾਨੂੰ ਸਥਰ ਚੰਗਾ,
ਭਠ ਖੇੜਿਆ ਦਾ ਰਹਿਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਾਲੀਂ ਤੀਕ ਮੁਗ਼ਲ ਫੌਜ ਉਨ੍ਹਾਂ ਦਾ ਪਿੱਛਾ ਕਰਦੀ ਚਲੀ ਆ ਰਹੀ ਸੀ। ਕਿਸੇ ਸਮੇਂ ਵੀ ਵੈਰੀ ਦੇ ਘੇਰੇ ਵਿਚ ਆ ਜਾਣ ਦਾ ਖ਼ਤਰਾ ਸੀ। ਇਸ ਸਮੇਂ ਅਚਾਨਕ ਉਨ੍ਹਾਂ ਨੂੰ ਦੋ ਪਠਾਣ—ਨਬੀ ਖ਼ਾਂ ਤੇ ਗ਼ਨੀ ਖ਼ਾਂ—ਆਣ ਮਿਲੇ। ਇਹ ਦੋਵੇਂ ਪਠਾਣ ਅਨੰਦਪੁਰ ਵਿਖੇ ਗੁਰੂ ਜੀ ਨੂੰ ਕਈ ਵਾਰ ਮਿਲ ਚੁਕੇ ਸਨ। ਉਹ ਕਾਬਲ ਕੰਧਾਰੋਂ ਬੜੇ ਖ਼ੂਬਸੂਰਤ ਤੇ ਕੀਮਤੀ ਘੋੜੇ ਲਿਆ ਕੇ ਗੁਰੂ ਜੀ ਨੂੰ ਵੇਚਿਆ ਕਰਦੇ ਸਨ। ਗੁਰੂ ਜੀ ਦੀ ਇਹ ਅਵਸਥਾ ਵੇਖ ਦੋਵੇਂ ਪਠਾਣ ਕੁਰਲਾ ਉਠੇ।

ਗੁਰੂ ਜੀ ਉੱਚ ਦੇ ਪੀਰ ਬਣੇ

ਹੁਣ ਗੁਰੂ ਜੀ ਦੇ ਤਿੰਨ ਸਿਦਕੀ ਸਿੱਖਾਂ ਤੇ ਦੋਹਾਂ ਪਠਾਣਾਂ ਨੇ ਫ਼ੈਸਲਾ ਕੀਤਾ, ਕਿ ਗੁਰੂ ਜੀ ਨੂੰ ਮੁਸਲਮਾਣਾਂ ਦਾ ਉੱਚ ਦਾ ਪੀਰ ਦਰਸਾ ਕੇ ਇਕ ਪਲੰਘ ਤੇ ਲਿਟਾ ਦਿਤਾ ਜਾਵੇ। ਦੋ ਪਠਾਣ ਤੇ ਦੋ ਸਿੱਖ ਉਸ ਪਲੰਘ ਨੂੰ ਚੁਕ ਕੇ ਕਿਸੇ ਸੁਰੱਖਿਅਤ ਥਾਂ ਵਲ ਲੈ ਜਾਣ। ਇਕ ਸਿੱਖ ਗੁਰੂ ਜੀ ਨੂੰ ਚੌਰ ਕਰਦਾ ਪਿਛੇ ਪਿਛੇ ਤੁਰਦਾ ਜਾਵੇ। ਰਾਹ ਵਿਚ ਜੋ ਵੀ ਪੁਛੇ, ਉਸਨੂੰ ਦੱਸਿਆ ਜਾਵੇ, ਕਿ ਹੁਣੇ ਹੁਣੇ ਮੱਕੇ ਤੋਂ ਪਰਤੇ ਹਾਜੀ ਸਾਹਿਬ ਅੱਜ ਕਲ੍ਹ ਰੋਜ਼ੇ ਤੇ ਹਨ।

ਇਸ ਤਰ੍ਹਾਂ ਗੁਰੂ ਜੀ ਰਾਏ ਕੋਟ ਆਪਣੇ ਮੁਸਲਮਾਣ ਪ੍ਰੇਮੀ ਚੌਧਰੀ ਰਾਏ ਦੇ ਘਰ ਜਾ ਪੁਜੇ। ਕੁਝ ਦਿਨ ਇਥੇ ਠਹਿਰ ਕੇ ਉਹ ਲਖੀ ਜੰਗਲ ਵਲ ਚਲੇ ਗਏ। ਇਥੇ ਹੀ ਉਨ੍ਹਾਂ ਨੂੰ ਖ਼ਬਰ ਮਿਲੀ, ਕਿ ਸਰਹੰਦ ਦੇ ਸੂਬੇ ਵਜ਼ੀਰ ਖ਼ਾਨ ਤੇ ਉਸਦੇ ਹਿੰਦੂ ਵਜ਼ੀਰ ਸੁਚਾ ਨੰਦ ਨੇਂ ਦੋ ਛੋਟੇ ਮਾਸੂਮ ਬੱਚਿਆਂ ਨੂੰ ਜੀਂਦਿਆਂ ਜੀਅ ਕੰਧਾਂ ਵਿਚ ਚਿਣਵਾ ਕੇ ਸ਼ਹੀਦ ਕਰ ਦਿਤਾ ਹੈ। ਨਾਲ ਹੀ ਮਾਤਾ ਗੁਜਰੀ ਜੀ ਵੀ ਇਹ ਹਿਰਦੇ-ਵੇਹਦਕ ਖ਼ਬਰ ਸੁਣ ਆਪਣੇ ਡੇਰੇ ਹੀ ਸ਼ਹਾਦਤ ਦਾ ਜਾਮ ਪੀ ਗਏ ਹਨ।

ਗੁਰੂ ਜੀ ਨੇ ਤੀਰ ਨਾਲ ਇਕ ਘਾਹ ਦਾ ਬੂਟਾ ਪੁਟਦਿਆਂ ਕਿਹਾ, "ਬਸ, ਹੁਣ ਜ਼ੁਲਮ ਦੀ ਹੱਦ ਹੋ ਗਈ ਹੈ। ਛੇਤੀ ਹੀ ਇਸ ਜ਼ਾਲਮ ਹਕੂਮਤ ਦਾ ਖ਼ਾਤਮਾ ਹੋ ਜਾਵੇਗਾ।" ਇਥੋਂ ਗੁਰੂ ਜੀ ਦੀਨੇ ਜਾ ਪੁਜੇ। ਦੀਨੇ ਤੋਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਉਸਦੇ ਜ਼ੁਲਮਾਂ ਦੀ ਲੰਮੀ ਦਾਸਤਾਨ ਇਕ ਪੱਤਰ ਰਾਹੀਂ ਲਿਖ ਘਲੀ। ਇਸ ਚਿੱਠੀ ਨੂੰ ਸਿੱਖ ਇਤਿਹਾਸ ਵਿਚ 'ਜ਼ਫ਼ਰਨਾਮੇ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਹ ਜ਼ਫ਼ਰਨਾਮਾ ਦੋ ਸਿੱਖ; ਦਯਾ ਸਿੰਘ ਤੇ ਧਰਮ ਸਿੰਘ ਲੈ ਕੇ ਦਿੱਲੀ ਔਰੰਗਜ਼ੇਬ ਨੂੰ ਮਿਲਣ ਚਲੇ ਗਏ। ਜ਼ਫ਼ਰਨਾਮਾ ਮਿਲਣ ਤੇ ਔਰੰਗਜ਼ੇਬ ਨੇ ਗੁਰੂ ਜੀ ਨੂੰ ਆਪ ਆ ਕੇ ਮਿਲਣ ਲਈ ਕਿਹਾ। ਔਰੰਗਜ਼ੇਬ ਵਲੋਂ ਮੁਲਾਕਾਤ ਦੇ ਸੱਦਾ ਪੱਤਰ ਮਿਲਣ ਤੇ ਗੁਰੂ ਜੀ ਦੱਖਣ ਵਲ ਰਵਾਨਾ ਹੋ ਗਏ। ਉਹ ਮਰਹੱਟਿਆਂ, ਮਰਾਠਿਆਂ ਤੇ ਰਾਜਪੂਤਾਂ ਨੂੰ ਮਿਲ ਕੇ ਮੁਗ਼ਲ ਹਕੂਮਤ ਵਿਰੁਧ ਇਕ ਤਕੜਾ ਮੁਹਾਜ਼ ਵੀ ਕ਼ਾਇਮ ਕਰਨਾ ਚਾਹੁੰਦੇ ਸਨ। ਹਾਲੀਂ ਉਹ ਮਾਰਵਾੜ ਦੇ ਨਗਰ ਭਾਗਪੁਰ ਵਿਚ ਹੀ ਸਨ ਕਿ ਉਨ੍ਹਾਂ ਨੇ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਸੁਣੀ। ਉਸ ਜਾਬਰ ਮੁਤਅੱਸਬ ਤੇ ਹਿੰਦੂਆਂ ਦੇ ਕਟੜ ਵੈਰੀ ਦੀ 20 ਫ਼ਰਵਰੀ, 1707 ਈ: ਨੂੰ ਮੌਤ ਹੋ ਗਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਾਦਰ ਸ਼ਾਹ ਨਾਲ ਮੁਲਾਕਾਤ

ਔਰੰਗਜ਼ੇਬ ਦੀ ਮੌਤ ਮਗਰੋਂ ਦਿੱਲੀ ਦੇ ਤਖ਼ਤ ਲਈ ਉਸਦੇ ਪੁਤਰਾਂ ਦੀ ਆਪੋ ਵਿਚ ਲੜਾਈ ਸ਼ੁਰੂ ਹੋ ਗਈ। ਬਹਾਦਰ ਸ਼ਾਹ ਉਸ ਸਮੇਂ ਕਾਬਲ ਵਿਚ ਸੀ। ਉਹ ਆਪਣੇ ਪਿਉ ਦੀ ਮੌਤ ਦੀ ਖ਼ਬਰ ਸੁਣ ਕੇ ਵਾਹੋ-ਦਾਹੀ ਭਜਦਾ ਦਿੱਲੀ ਆ ਪੁਜਾ। ਅੱਗੇ ਉਸਦਾ ਭਰਾ ਤਾਰਾ ਆਜ਼ਮ ਤਖ਼ਤ ਦਾ ਦਾਹਵੇਦਾਰ ਬਣੀ ਬੈਠਾ ਸੀ। ਬਹਾਦਰ ਸ਼ਾਹ ਤੇ ਤਾਰਾ ਆਜ਼ਮ ਦੀਆਂ ਫੌਜਾਂ ਆਹਮੋ-ਸਾਹਮਣੇ ਖੜੋਤੀਆਂ ਸਨ। ਬਹਾਦਰ ਸ਼ਾਹ ਨੇ ਰਾਹ 'ਚੋਂ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਕਰ ਘਲੀ, ਕਿ ਉਹ ਗੁਰੂ ਘਰ ਦਾ ਪ੍ਰੇਮੀ ਹੈ, ਇਸ ਲਈ ਇਸ ਔਖੀ ਘੜੀ ਉਸਦੀ ਮਦਦ ਕੀਤੀ ਜਾਵੇ। ਇਸ ਸਮੇਂ ਗੁਰੂ ਜੀ ਪਾਸ ਜਾਨਬਾਜ਼ ਸਿੱਖਾਂ ਦਾ ਇਕ ਤਕੜਾ ਫੌਜੀ ਦਸਤਾ ਵੀ ਸੀ। ਬਹਾਦਰ ਸ਼ਾਹ ਦੀ ਬਿਨੈ ਤੇ ਗੁਰੂ ਜੀ ਨੇ ਆਪਣੀ ਫੌਜ ਉਸਦੀ ਮਦਦ ਲਈ ਘਲ ਦਿਤੀ। ਬਹਾਦਰ ਸ਼ਾਹ ਬੜਾ ਖ਼ੁਸ਼ ਸੀ, ਕਿ ਉਸਦੀ ਪੁਸ਼ਤ ਪਨਾਹ ਤੇ ਗੁਰੂ ਗੋਬਿੰਦ ਸਿੰਘ ਵਰਗੇ ਬਹਾਦਰ ਯੋਧੇ ਹਨ। ਦੋਹਾਂ ਭਰਾਵਾਂ ਵਿਚ ਜਮ ਕੇ ਤਕੜੀ ਲੜਾਈ ਹੋਈ। ਇਸ ਲੜਾਈ ਵਿਚ ਇਕ ਸਿੱਖ ਯੋਧੇ ਹਥੋਂ ਤਾਰਾ ਆਜ਼ਮ ਦੀ ਮੌਤ ਹੋ ਗਈ ਤੇ ਜਿੱਤ ਬਹਾਦਰ ਸ਼ਾਹ ਦੀ ਹੋਈ। ਇਸ ਤਰ੍ਹਾਂ ਦਿੱਲੀ ਦਾ ਤਖ਼ਤ ਬਹਾਦਰ ਸ਼ਾਹ ਦੇ ਹੱਥ ਆ ਗਿਆ।

ਔਰੰਗਜ਼ੇਬ ਦੀ ਮੌਤ ਮਗਰੋਂ ਮੁਗ਼ਲ ਬਾਦਸ਼ਾਹ, ਬਹਾਦਰ ਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਦੀ ਸਹਾਇਤਾ ਨਾਲ ਹੀ ਤਖ਼ਤ ਦੀ ਪ੍ਰਾਪਤੀ ਹੋਈ ਸੀ। ਜਦੋਂ ਗੁਰੂ ਜੀ 2 ਅਗਸਤ, ਸੰਨ 1707 ਨੂੰ ਆਗਰੇ ਪੁਜੇ, ਤਾਂ ਬਹਾਦਰ ਸ਼ਾਹ ਨੇ ਇਕ ਬੜੀ ਕੀਮਤੀ ਖ਼ਿਲਅੱਤ ਗੁਰੂ ਜੀ ਨੂੰ ਭੇਟ ਕੀਤੀ। ਉਸ ਸਮੇਂ ਗੁਰੂ ਜੀ ਆਪਣੇ ਪੰਜ ਹਥਿਆਰ-ਬੰਦ ਸਿੱਖਾਂ ਨਾਲ ਦਰਬਾਰ ਵਿਚ ਸ਼ਸ਼ੋਭਤ ਸਨ। ਸਭ ਦਰਬਾਰੀ ਹੈਰਾਨ ਸਨ, ਕਿ ਗੁਰੂ ਜੀ ਦੀ, ਬਹਾਦਰ ਸ਼ਾਹ ਕਿੰਨੀ ਇੱਜ਼ਤ ਤੇ ਸਤਿਕਾਰ ਕਰਦਾ ਹੈ। ਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਪੰਜਾਬ ਵਿਚ ਮਜ਼ਲੂਮਾਂ ਤੇ ਹੋ ਰਹੇ ਜ਼ੁਲਮਾਂ ਬਾਰੇ ਜਾਣਕਾਰੀ ਦੇ ਕੇ ਉਸਨੂੰ ਜ਼ਾਲਮਾਂ ਨੂੰ ਸਜ਼ਾ ਦੇਣ ਦੀ ਪ੍ਰੇਰਨਾ ਕੀਤੀ, ਜਿਸਨੂੰ ਉਹ ਮੰਨ ਗਿਆ। ਬਹਾਦਰ ਸ਼ਾਹ ਵਲੋਂ ਗੁਰੂ ਦੀ ਪ੍ਰਤੀ ਇੱਜ਼ਤ, ਮਾਣ, ਸਤਿਕਾਰ, ਖ਼ਿਲਅਤ ਦੀ ਭੇਟ ਤੇ ਜ਼ਾਲਮਾਂ ਦੇ ਸੋਧਣ ਦੇ ਇਕਰਾਰ ਦੀ ਖ਼ਬਰ ਸੂਬਾ ਸਰਹੰਦ ਪਾਸ ਵੀ ਜਾ ਪਹੁੰਚੀ। ਸੂਬੇ ਨੂੰ ਯਕੀਨ ਸੀ, ਕਿ ਜੋ ਸਲੂਕ ਮੈਂ ਗੁਰੂ ਜੀ ਦੇ ਸਾਹਿਬਜ਼ਾਦਿਆਂ, ਉਨ੍ਹਾਂ ਦੇ ਸਿੱਖਾਂ ਤੇ ਮਾਤਾ ਗੁਜਰੀ ਨਾਲ ਕੀਤਾ ਹੈ, ਹੁਣ ਉਸਦੀ ਸਜ਼ਾ ਅਵੱਸ਼ ਭੁਗਤਣੀ ਪਵੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਸਿੰਘ ਬਹਾਦਰ

[1670—1716 ਈ:]

ਮੁਢਲਾ ਜੀਵਨ

ਸਿੱਖਾਂ ਦੇ ਦਸਵੇਂ ਗੁਰਦੇਵ, ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਸੰਨ 1708 ਈ: ਵਿਚ ਪੰਜਾਬ ਘਲਿਆ, ਤਾਂ ਜੋ ਉਹ ਜ਼ਾਲਮਾਂ ਨੂੰ ਸੋਧੇ ਤੇ ਗ਼ਰੀਬ ਪਰਜਾ ਦੀ ਰੱਖਿਆ ਕਰੇ। ਬੰਦੇ ਬਹਾਦਰ ਨੇ ਪੂਰੇ ਅੱਠ ਸਾਲ ਪੰਜਾਬ ਦੀ ਧਰਤੀ ਤੇ ਜ਼ੁਲਮ ਦੀ ਹਨੇਰੀ ਵਿਰੁਧ ਤਕੜਾ ਜਹਾਦ ਕੀਤਾ। ਇਨ੍ਹਾਂ ਅੱਠਾਂ ਸਾਲਾਂ ਵਿਚ ਉਸਨੇ ਸੈਂਕੜੇ, ਜ਼ਾਲਮ ਦੋਖੀ ਤੇ ਹੱਤਿਆਰੇ ਹਾਕਮਾਂ ਨੂੰ ਸੋਧਿਆ। ਕਿੰਨੀ ਵਾਰ ਮੁਗ਼ਲ ਬਾਦਸ਼ਾਹ—ਬਹਾਦਰ ਸ਼ਾਹ, ਜਹਾਂਦਾਰ ਸ਼ਾਹ ਤੇ ਅੰਤ ਫ਼ਰਖ਼ਸੀਅਰ ਦੀ, ਹਿੰਦੁਸਤਾਨ ਦੀ ਸਮੁੱਚੀ ਫੌਜ ਨਾਲ ਉਸ ਸੂਰਬੀਰ ਨੇ ਟੱਕਰ ਲਈ। ਉਸ ਸਾਹਮਣੇ ਹਾਰ ਜਾਂ ਜਿੱਤ ਕੋਈ ਅਹਿਮੀਅਤ ਨਹੀਂ ਸੀ ਰਖਦੀ। ਉਹ ਕਈ ਵਾਰ ਦੁਸ਼ਮਣ ਦੇ ਹਜ਼ਾਰਾਂ ਫੌਜੀ ਤਹਿ-ਤੇਗ਼ ਕਰਦਾ ਆਪਣਾ ਸਭ ਅਸਾਸਾ ਗਵਾ; ਹਜ਼ਾਰਾਂ ਸਿੰਘ ਸ਼ਹੀਦ ਹੋ ਜਾਣ ਮਗਰੋਂ ਦੁਸ਼ਮਣ ਨੂੰ ਚਕਮਾ ਦੇ ਕੇ ਜੰਮੂ ਦੀਆਂ ਪਹਾੜੀਆਂ ਪਿਛੇਂ ਅਲੋਪ ਹੋ ਜਾਂਦਾ। ਉਸਨੇ ਕਦੀ ਹੌਸਲਾ ਨਾ ਹਾਰਿਆ। ਬਹਾਦਰ ਤੇ ਸੂਰਬੀਰ ਜਰਨੈਲ ਲੜਾਈਆਂ ਹਾਰ ਸਕਦੇ ਹਨ, ਪਰੇ ਹੌਸਲਾ ਨਹੀਂ ਛੱਡਦੇ। ਤੇ ਇਹੀ ਹਾਲ ਸੀ ਬੰਦਾ ਬਹਾਦਰ ਦਾ। ਬੰਦਾ, ਤੂਫ਼ਾਨ ਵਾਂਗ ਵੈਰੀਆਂ ਤੇ ਝਪਟਦਾ ਤੇ ਆਪਣੇ ਸ਼ਿਕਾਰ ਨੂੰ ਮਿੱਟੀ ਵਿਚ ਮਿਲਾ ਕੇ ਮੁੱਕਹਿ ਤਾੜ ਹਰਨ ਹੋ ਜਾਂਦਾ।

ਸੂਰਬੀਰ ਬੰਦਾ ਸਿੰਘ ਬਹਾਦਰ ਕਾਲ ਰੂਪ ਹੋ ਦੁਸ਼ਮਣ ਨਾਲ ਲੜਿਆ। ਉਸਦੀ ਜਾਦੂਗਰੀ ਤੇ ਬਹਾਦਰੀ ਦਾ ਸਿੱਕਾ ਦੁਸ਼ਮਣ ਤੇ ਅਜਿਹਾ ਬੈਠਿਆ, ਕਿ ਉਸਦਾ ਨਾਂ ਸੁਣ ਕੇ ਦੁਸ਼ਮਣ ਸਿਪਾਹੀਆਂ ਦਾ ਪਸੀਨਾਂ ਨਿਕਲ ਜਾਂਦਾ ਸੀ। ਬੰਦਾ ਬਹਾਦਰ ਦੇ ਮੁਢਲੇ ਹਾਲਾਤ ਪੜ੍ਹ ਕੇ ਪਾਠਕ ਹੈਰਤ ਵਿਚ ਡੁਬ ਜਾਣਗੇ, ਕਿ ਘਰ ਬਾਹਰ ਤਿਆਗ ਕੇ ਮਾਧੋ ਦਾਸ ਨਾਂ ਦੇ ਇਕ ਸਾਧਾਰਣ ਵਿਅਕਤੀ ਵਿਚ ਇਹ ਸ਼ਕਤੀ ਆਈ ਕਿਥੋਂ? ਤੇ ਧੂਣੀ ਰਮਾ ਕੇ ਧਿਆਨ ਗਿਆਨ ਦੀਆਂ ਗੱਲਾਂ ਕਰਨ ਵਾਲੇ ਬੰਦੇ ਨੇ ਪ੍ਰਭੂ ਅਰਾਧਨਾ ਦੇ ਨਾਲ ਨਾਲ ਭਗੌਤੀ ਦਾ ਆਸਰਾ ਕਿਵੇਂ ਲਿਆ?

ਬੰਦੇ ਬਹਾਦਰ ਦੇ ਮੁਢਲੇ ਜੀਵਨ ਬਾਰੇ ਬਹੁਤ ਹੱਦ ਤੀਕ ਇਤਿਹਾਸ ਖ਼ਾਮੋਸ਼ ਹੈ ਤੇ ਇਹ ਗੱਲ ਹੈ ਵੀ ਠੀਕ, ਕਿ ਉਸਦਾ ਬਚਪਨ ਜਾਂ ਜਵਾਨੀ ਇਤਿਹਾਸ ਵਿਚ ਕੋਈ ਵਿਸ਼ੇਸ਼ ਥਾਂ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਖਦੇ । ਬੰਦੇ ਬਹਾਦਰ ਬਾਰੇ ਭਾਈ ਪਰਮਾਨੰਦ, ਲਾਲਾ ਦੌਲਤ ਰਾਏ, ਕਰਮ ਸਿੰਘ ਹਿਸਟੋਰੀਅਨ ਤੇ ਡਾ: ਗੰਡਾ ਸਿੰਘ ਨੇ ਕੁਝ ਰੌਸ਼ਨੀ ਪਾਈ ਹੈ । ਭਾਈ ਪਰਮਾਨੰਦ ਨੇ ਤਾਂ ਬੰਦੇ ਨੂੰ ਕੇਵਲ ਹਿੰਦੂ ਬੈਰਾਗੀ ਸਿੱਧ ਕਰਨ ਦਾ ਯਤਨ ਕੀਤਾ ਹੈ, ਜਿਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਧੂਰੇ ਕਾਰਜ ਨੂੰ ਸੰਪੂਰਨ ਕੀਤਾ ਸੀ । ਬਾਕੀ ਤਿੰਨਾਂ ਇਤਿਹਾਸਕਾਰਾਂ ਨੇ ਇਤਿਹਾਸ 'ਚੋਂ ਜੋ ਜਾਣਕਾਰੀ ਮਿਲਦੀ ਹੈ, ਉਸਦੇ ਆਧਾਰ ਤੇ ਉਸਦਾ ਜੀਵਨ ਚਿਤਰਿਆ ਹੈ ।

ਬੰਦਾ ਬਹਾਦਰ ਦਾ ਪਹਿਲਾ ਨਾਂ ਲਛਮਣ ਦੇਵ ਸੀ । ਜੰਮੂ ਦੀਆਂ ਪਹਾੜੀਆਂ ਵਿਚਕਾਰ ਰਾਜੌਰੀ ਨਾਂ ਦੇ ਗੁੰਮਨਾਮ ਪਿੰਡ (ਰਿਆਸਤ ਪੁਣਛ) ਦੇ ਇਕ ਸਾਧਾਰਨ ਘਰ ਵਿਚ ਇਸ ਬੀਰ ਦਾ ਜਨਮ 27 ਅਕਤੂਬਰ ਸੰਨ 1670 ਈ: (ਕੱਤਕ ਸੁਦੀ ਸੰਮਤ 1727 ਬਿਕ੍ਰਮੀ) ਨੂੰ ਹੋਇਆ ।[1] ਇਸਦਾ ਪਿਤਾ ਰਾਮ ਦੇਵ ਇਕ ਮਾਮੂਲੀ ਰਾਜਪੂਤ ਕਿਸਾਨ ਸੀ । ਬਚਪਨ ਵਿਚ ਲਛਮਣ ਬੜਾ ਸੁੰਦਰ ਤੇ ਪਿਆਰਾ ਬਾਲ ਸੀ । ਸਰੀਰ ਵਲੋਂ ਆਮ ਬਾਲਾਂ ਨਾਲੋਂ ਉਹ ਵਧੇਰੇ ਬਲਵਾਨ ਸੀ । ਉਸਦਾ ਕੱਦ ਦਰਮਿਆਨਾ ਸੀ । ਉਸ ਦੀਆਂ ਅੱਖਾਂ ਵਿਚ ਚਮਕ ਸੀ । ਚੇਹਰੇ 'ਚੋਂ ਉਹ ਆਪਣੀ ਉਮਰ ਨਾਲੋਂ ਸਿਆਣਾ ਲੱਗਦਾ ਸੀ ।[2]

ਲਛਮਣ ਦੇਵ ਦਾ ਬਚਪਨ, ਆਮ ਪੇਂਡੂ ਮੁੰਡਿਆਂ ਵਾਂਗ ਹੀ ਗੁਜ਼ਰਿਆ । ਪੜ੍ਹਨ ਵਿਚ ਦਿਲਚਸਪੀ ਲੈਣ ਦੀ ਥਾਂ ਉਸਨੇ ਸ਼ਸਤਰ ਵਿੱਦਿਆ ਵਿਚ ਕਮਾਲ ਹਾਸਲ ਕੀਤਾ । ਛੋਟੀ ਉਮਰ ਵਿਚ ਹੀ ਉਹ ਸ਼ਿਕਾਰ ਦਾ ਬੜਾ ਸ਼ੌਕੀਨ ਸੀ । ਤੀਰਾਂ ਦਾ ਥੱਬਾ ਤੇ ਤਲਵਾਰ ਲੈ ਕੇ ਉਹ ਦੂਰ-ਦੁਰਾਡੇ ਜੰਗਲ ਵਿਚ ਚਲਾ ਜਾਂਦਾ, ਤੇ ਜੰਗਲ ਦੇ ਜਾਨਵਰਾਂ ਦੀਆਂ ਕਿਸਮਤਾਂ ਨਾਲ ਖੇਡਦਾ ਰਹਿੰਦਾ ।

ਇਸ ਨੌਜਵਾਨ ਨੇ ਜੰਗਲਾਂ ਤੇ ਪਹਾੜਾਂ ਵਿਚ ਹੀ ਫਿਰ ਫਿਰਾ ਕੇ ਆਪਣੀ ਸਾਰੀ ਉਮਰ ਗੁਜ਼ਾਰ ਦੇਣੀ ਸੀ, ਜੇ ਦੇਵਨੇਤ ਨਾਲ ਇਕ ਅਜੀਬ ਵਾਕਿਆ ਉਸਨੂੰ ਉਹਨੀਂ ਦਿਨੀਂ ਪੇਸ਼ ਨਾ ਆ ਗਿਆ ਹੁੰਦਾ ।

ਇਕ ਦਿਨ ਸ਼ਿਕਾਰ ਖੇਡਦਿਆਂ ਉਸਨੇ ਇਕ ਹਰਨੀ ਨੂੰ ਆਪਣੀ ਗੋਲੀ ਦਾ ਨਿਸ਼ਾਨਾ ਬਣਾਇਆ । ਜਦ ਉਸਦਾ ਪੇਟ ਚੀਰਿਆ ਗਿਆ, ਤਾਂ ਉਸ 'ਚੋਂ ਦੋ ਮਾਸੂਮ ਬੱਚੇ ਨਿਕਲੇ, ਜੋ ਮਾਂ ਦੀਆਂ ਅੱਖਾਂ ਸਾਹਮਣੇ ਤੜਪ ਤੜਪ ਕੇ ਮਰ ਗਏ । ਸ਼ਿਕਾਰੀ-ਮਨ ਇਹ ਦ੍ਰਿਸ਼ ਵੇਖ ਕੇ ਸਹਾਰ ਨਾ ਸਕਿਆ ਤੇ ਉਸਨੇ ਇਕ ਦਮ ਸ਼ਿਕਾਰ ਨੂੰ ਤਿਆਗ ਦਿਤਾ । ਇਸਦੇ ਨਾਲ ਹੀ ਉਸਦਾ ਮਨ ਵੀ ਦੁਨੀਆਂ ਤੋਂ ਉਚਾਟ ਹੋ ਗਿਆ ।

ਘਰ ਘਾਟ ਛੱਡ ਕੇ ਨੌਜਵਾਨ ਲਛਮਣ ਦੇਵ, ਬੈਰਾਗੀ ਜਾਨਕੀ ਪ੍ਰਸਾਦ ਦਾ ਸੇਵਕ ਬਣ ਗਿਆ ਤੇ ਤੀਰਥ ਯਾਤਰਾ ਨੂੰ ਨਿਕਲ ਤੁਰਿਆ । ਬੈਰਾਗੀ ਜਾਨਕੀ ਪ੍ਰਸਾਦ ਨੇ ਆਪਣੇ ਨਵੇਂ ਸ਼ਿਸ਼ ਦਾ ਨਾਂ ਲਛਮਣ ਦੇਵ ਦੀ ਥਾਂ ਮਾਧੋ ਦਾਸ ਰਖ ਦਿਤਾ । ਬੈਰਾਗੀ ਗੁਰੂ, ਮਾਧੋ ਦਾਸ ਤੇ ਬਾਕੀ ਸੇਵਕਾਂ ਨਾਲ ਕਸ਼ਮੀਰ ਚਲਾ ਗਿਆ । ਉਥੇ ਕਈ ਪੁਰਾਤਨ ਅਸਥਾਨਾਂ ਦੀ ਯਾਤਰਾ

---

1. ਬੰਦਾ ਬਹਾਦਰ ਸਿਰਮੌਰ ਦੀਆਂ ਪਹਾੜੀਆਂ ਵਿਚ ਜਨਮਿਆ । —ਹਰੀ ਰਾਮ ਗੁਪਤਾ
2. ਗੰਡਾ ਸਿੰਘ ਹਿਸਟੋਰੀਅਨ—'ਬੰਦਾ ਬਹਾਦਰ' ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਦੇ ਹੋਏ ਸੰਨ 1686 ਈ: ਵਿਚ ਉਹ ਪੰਜਾਬ ਆਣ ਪੁਜੇ। ਇਥੇ ਉਨ੍ਹਾਂ ਇਕ ਪਿੰਡ ਥਮਣ ਜ਼ਿਲਾ ਕਸੂਰ (ਪਾਕਿਸਤਾਨ) ਵਿਚ ਸੰਤ ਰਾਮ ਥਮਣ ਦੇ ਆਸ਼ਰਮ ਵਿਚ ਆਣ ਡੇਰਾ ਲਾਇਆ। ਥਮਣ ਵਿਖੇ, ਵਿਸਾਖੀ ਦੇ ਨੇੜੇ ਹਰ ਸਾਲ ਬੜਾ ਭਾਰੀ ਮੇਲਾ ਲੱਗਦਾ ਸੀ। ਇਥੇ ਹੀ ਮਾਧੋ ਦਾਸ ਨੂੰ ਮਹਾਤਮਾ ਰਾਮ ਦਾਸ ਦੇ ਦਰਸ਼ਨ ਹੋਏ।

ਬੈਰਾਗੀਆਂ ਦਾ ਇਹ ਜੱਥਾ ਕੁਝ ਦੇਰ ਪੰਜਾਬ ਠਹਿਰਿਆ। ਫਿਰ ਉਹ ਅਗਲੀ ਯਾਤਰਾ ਤੇ ਤੁਰ ਪਿਆ। ਬੈਰਾਗੀਆਂ ਨੇ ਸਾਰੇ ਦੇਸ਼ ਦੇ ਤੀਰਥ ਅਸਥਾਨਾਂ ਦੀ ਯਾਤਰਾ ਕੀਤੀ। ਮਾਧੋ ਦਾਸ ਦਿਨ ਰਾਤ ਆਪਣੇ ਗੁਰੂ ਦੀ ਸੇਵਾ ਵਿਚ ਲੀਨ ਰਹਿੰਦਾ ਤੇ ਨਾਲ ਹੀ ਪੁਰਾਤਨ ਗ੍ਰੰਥਾਂ ਨੂੰ ਪੜ੍ਹਦਾ ਰਹਿੰਦਾ। ਇਹ ਸਾਧੂ ਜੱਥਾ, ਦੇਸ਼ ਦੇ ਧਾਰਮਕ ਮੰਦਰਾਂ ਤੇ ਮਠਾਂ ਦੀ ਯਾਤਰਾ ਕਰਦਾ ਹੋਇਆ ਅੰਤ ਨਾਸਕ ਨੇੜੇ ਬੜੇ ਘਣੇ ਜੰਗਲ ਵਿਚ ਆਣ ਪਹੁੰਚਿਆ। ਇਸ ਥਾਂ ਦੀ ਸੁੰਦਰਤਾ ਵੇਖ ਮਾਧੋ ਦਾਸ ਦਾ ਮਨ ਮੋਹਿਆ ਗਿਆ। ਇਥੇ ਹੀ ਇਕ ਕੁਟੀਆ ਵਿਚ ਉਸਨੇ ਡੇਰਾ ਲਾ ਲਿਆ। ਦੁਨੀਆਂ ਦਾ ਮੋਹ ਮਾਇਆ ਤਿਆਗ ਉਹ ਦਿਨ ਰਾਤ ਤਪੱਸਿਆ ਵਿਚ ਜੁਟਿਆ ਰਹਿੰਦਾ। ਲੋਕਾਂ ਨੂੰ ਘਟ ਹੀ ਮਿਲਦਾ। ਲਗਾਤਾਰ ਤਪੱਸਿਆ ਨਾਲ ਉਸ ਵਿਚ ਕੁਝ ਦੈਵੀ ਸ਼ਕਤੀਆਂ ਨੇ ਪ੍ਰਵੇਸ਼ ਕਰ ਲਿਆ। ਇਸ ਕੁਟੀਆ ਵਿਖੇ ਉਸਨੂੰ ਇਕ ਬਹੁਤ ਬ੍ਰਿਧ ਸੰਤ ਸਵਾਮੀ ਅਮਰ ਨਾਥ ਮਿਲਿਆ, ਜਿਸਨੇ ਮਾਧੋ ਦਾਸ ਨੂੰ ਰੂਹਾਨੀ ਸਿੱਖਿਆ ਦਿਤੀ।

ਸਵਾਮੀ ਅਮਰ ਨਾਥ, ਮਾਧੋ ਦਾਸ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਇਆ। ਉਸਨੇ ਇਸਨੂੰ ਯੋਗ ਦੀ ਲੋੜੀਂਦੀ ਸਿੱਖਿਆ ਦਿਤੀ ਤੇ ਆਪਣੇ ਜੀਵਨ ਦੇ ਬਹੁਤ ਸਾਰੇ ਗੁਝੇ ਭੇਦ ਦਸ ਕੇ ਰਿਧੀਆਂ ਸਿਧੀਆਂ ਦੇ ਰਾਜ਼ ਸਮਝਾਏ। ਸਵਾਮੀ ਜੀ ਪਾਸ ਇਕ ਪੁਰਾਤਨ ਪੋਥੀ ਸੀ, ਜੋ ਪ੍ਰਸੰਨ ਹੋ ਉਨ੍ਹਾਂ ਮਾਧੋ ਦਾਸ ਨੂੰ ਦੇ ਦਿਤੀ। ਉਸ ਪੁਸਤਕ ਦੀ ਸਹਾਇਤਾ ਨਾਲ ਸਵਾਮੀ ਜੀ ਦੀ ਅਗਵਾਈ ਹੇਠਾਂ ਮਾਧੋ ਦਾਸ ਨੇ ਵਧੇਰੇ ਸਮਾਂ ਤਪੱਸਿਆ ਤੇ ਲਾਣਾ ਸ਼ੁਰੂ ਕੀਤਾ। ਇਸ ਤਰ੍ਹਾਂ ਉਸ ਵਿਚ ਕਾਫ਼ੀ ਸ਼ਕਤੀਆਂ ਨੇ ਪ੍ਰਵੇਸ਼ ਕਰ ਲਿਆ ਤੇ ਉਹ ਇਕ ਜਾਦੂਗਰ ਦੇ ਤੌਰ ਤੇ ਦੂਰ ਨੇੜੇ ਪ੍ਰਸਿਧ ਹੋ ਗਿਆ। ਇਨ੍ਹੀਂ ਦਿਨੀਂ ਹੀ ਮਾਧੋ ਦਾਸ ਦੇ ਗੁਰੂ ਸਵਾਮੀ ਅਮਰ ਨਾਥ ਜੀ ਚੜ੍ਹਾਈ ਕਰ ਗਏ।

ਸਵਾਮੀ ਜੀ ਵਾਲੇ ਗ੍ਰੰਥ ਵਿਚ ਦਰਸਾਏ ਜੰਤਰ ਮੰਤਰ ਉਸਨੇ ਲੋਕਾਂ ਤੇ ਅਜ਼ਮਾਣੇ ਅਰੰਭ ਦਿਤੇ। ਉਸਨੂੰ ਯਕੀਨ ਹੋ ਗਿਆ, ਕਿ ਉਹ ਪ੍ਰਾਪਤ ਹੋਈਆਂ ਰਿਧੀਆਂ ਸਿਧੀਆਂ ਰਾਹੀਂ ਹਰ ਬੰਦੇ ਤੇ ਪ੍ਰਭਾਵ ਪਾ ਸਕਦਾ ਹੈ। ਉਨ੍ਹਾਂ ਦੇ ਬਿਗੜੇ ਕੰਮ ਸਵਾਰ ਸਕਦੈ, ਤੇ ਜਿਨ੍ਹਾਂ ਤੇ ਉਸਦੀ ਕ੍ਰਿਪਾ-ਦ੍ਰਿਸ਼ਟੀ ਨਾਂਹ ਹੋਵੇ, ਉਹਨਾਂ ਦੇ ਕਾਰਜ ਬਿਗਾੜ ਵੀ ਸਕਦਾ ਹੈ। ਉਸਨੇ ਇਹ ਥਾ ਛੱਡ ਕੇ ਕਿਸੇ ਹੋਰ ਥਾਂ ਆਸ਼ਰਮ ਖੋਲ੍ਹਣ ਦੀ ਯੋਜਨਾ ਬਣਾਈ। ਉਹ ਆਪਣੇ ਸੇਵਕਾਂ ਨੂੰ ਨਾਲ ਲੈ ਇਕ ਬੜੀ ਸੁੰਦਰ, ਰੰਗ-ਬਰੰਗੇ ਫੁੱਲਾਂ ਨਾਲ ਭਰਪੂਰ ਵਿਸ਼ਾਲ ਵਾਦੀ ਵਿਚ ਆਣ ਪਹੁੰਚਿਆ। ਇਥੇ ਉਸਨੇ ਆਪਣੇ ਲਈ ਪੰਚਵਟੀ ਨਾਂ ਦੀ ਥਾਂ ਪਸੰਦ ਕੀਤੀ। ਨਾਂਦੇੜ ਦੇ ਨੇੜੇ ਦਰਿਆ ਗੋਦਾਵਰੀ ਕਿਨਾਰੇ ਉਸਨੇ ਆਪਣੇ ਲਈ ਛੋਟੀ ਜਿਹੀ ਕੁਟੀਆ ਬਣਾ ਲਈ। ਥੋੜੇ ਚਿਰ ਵਿਚ ਹੀ ਉਸਦੀ ਪ੍ਰਸਿਧੀ ਚੌਪਾਸੀਂ ਪਸਰ ਗਈ। ਹਜ਼ਾਰਾਂ ਲੋਕੀਂ ਮਾਧੋ ਦਾਸ ਦੇ ਦਰਸ਼ਨਾਂ ਲਈ ਆਣੇ ਸ਼ੁਰੂ ਹੋ ਗਏ। ਦੂਰ ਨੇੜੇ ਉਹ ਜਾਦੂਗਰ ਤੇ ਰਿਧੀਆਂ ਸਿਧੀਆਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਾਲਕ ਦੇ ਨਾਂ ਨਾਲ ਜਾਣਿਆ ਜਾਣ ਲੱਗ ਪਿਆ। ਉਸਦੀ ਕੁਟੀਆ ਵਿਖੇ ਦਰਸ਼ਕਾਂ ਦਾ ਦਿਨ ਰਾਤ ਤਾਂਤਾ ਲੱਗਾ ਰਹਿੰਦਾ। ਕੋਈ ਧਨ, ਕੋਈ ਇਸਤਰੀ ਤੇ ਕੋਈ ਪੁਤਰ ਦੀ ਯਾਚਨਾ ਕਰਕੇ ਆਉਂਦਾ ਤੇ ਮਨ-ਚਾਹੇ ਫਲ ਦੀ ਪ੍ਰਾਪਤੀ ਕਰਦਾ। ਇਸ ਤਰ੍ਹਾਂ ਕੁਟੀਆ ਵਿਚ ਮਾਇਆ ਦੇ ਢੇਰ ਲੱਗ ਗਏ।

ਇਕ ਸਾਧਾਰਨ ਬੈਰਾਗੀ ਲਈ ਇੰਨੀ ਭਾਰੀ ਸਫਲਤਾ, ਬਸ ਮਾਧੋ ਦਾਸ ਦਾ ਦਿਮਾਗ਼ ਬਿਗੜ ਗਿਆ। ਉਸਨੇ ਦਰਸ਼ਨਾਂ ਹਿੱਤ ਆਏ ਸਾਧੂ ਸੰਤਾਂ ਦਾ ਅਪਮਾਨ ਕਰਨਾ ਸ਼ੁਰੂ ਕਰ ਦਿਤਾ। ਉਸਨੇ ਇਕ ਸ਼ਾਨਦਾਰ ਪਲੰਘ ਬਣਵਾਇਆ। ਉਸ ਉਪਰ ਵਧੀਆ ਕੀਮਤੀ ਚਾਦਰ ਵਿਛਾਈ। ਉਸ ਪਲੰਘ ਤੇ ਹੀ ਆਏ ਗਏ ਅਤਿਥੀ ਸਾਧੂ ਨੂੰ ਬਿਠਾਇਆ ਜਾਂਦਾ।

ਦੂਰੋਂ ਦੂਰੋਂ ਲੋਕ ਦਰਸ਼ਨਾਂ ਲਈ ਆਉਂਦੇ। ਸਿੱਖੀ ਸੇਵਕੀ ਚੋਖੀ ਹੋ ਗਈ। ਅੱਗੇ ਜਿਥੇ ਆਏ ਗਏ ਦਾ ਆਦਰ ਸਨਮਾਨ ਕੀਤਾ ਜਾਂਦਾ, ਹੁਣ ਉਸਨੂੰ ਤੰਗ ਤੇ ਪਰੇਸ਼ਾਨ ਕਰਕੇ ਮਾਧੋ ਦਾਸ ਨੂੰ ਖ਼ੁਸ਼ੀ ਹੋਇਆ ਕਰਦੀ। ਜਿਹੜਾ ਸਾਧੂ ਸੰਤ ਉਸਦੇ ਡੇਰੇ ਆਉਂਦਾ, ਪਹਿਲਾਂ ਉਹ ਉਸਨੂੰ ਇੱਜ਼ਤ ਨਾਲ ਆਪਣੇ ਪਲੰਘ ਪੁਰ ਬਿਠਾਂਦਾ ਤੇ ਫਿਰ ਆਪਣੀਆਂ ਸ਼ਕਤੀਆਂ ਦੇ ਜ਼ੋਰ ਤੇ ਸੇਵਕਾਂ ਦੀ ਮਦਦ ਨਾਲ ਪਲੰਘ ਉਲਟਾ ਕੇ ਗ਼ਰੀਬ ਸਾਧੂਆਂ ਨਾਲ ਮਖ਼ੌਲ ਕਰਦਾ। ਇਸ ਦਿਲ-ਲਗੀ ਨਾਲ ਬੈਰਾਗੀ ਨੂੰ ਬੜੀ ਖ਼ੁਸ਼ੀ ਹੁੰਦੀ। ਇਸ ਤਰ੍ਹਾਂ ਉਹ ਆਪਣੇ ਜੀਵਨ ਦੀਆਂ 38 ਮੰਜ਼ਲਾਂ ਗੁਜ਼ਾਰ ਬੈਠਾ।

ਦਸਮ ਪਾਤਸ਼ਾਹ ਦੇ ਦਰਸ਼ਨ

ਇਨ੍ਹਾਂ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਬਹਾਦਰ ਸ਼ਾਹ ਨਾਲ ਦੱਖਣ ਵਲ ਗਏ, ਤਾਂ ਰਾਹ ਵਿਚ ਦਾਦੂ ਦਵਾਰਾ (ਰਾਜਸਥਾਨ) ਦੇ ਇਕ ਮਹਾਤਮਾ ਜੈਤ ਰਾਮ ਤੋਂ ਉਨ੍ਹਾਂ ਨੇ ਬੈਰਾਗੀ ਬਾਰੇ ਬਹੁਤ ਕੁਝ ਸੁਣਿਆ। ਗੁਰੂ ਜੀ, ਬਹਾਦਰ ਸ਼ਾਹ ਨਾਲੋਂ ਵੱਖ ਹੋ ਸੰਨ 1708 ਈ: ਵਿਚ ਨਾਂਦੇੜ ਪਹੁੰਚ ਗਏ। ਇਥੇ ਹੀ ਉਨ੍ਹਾਂ ਨੂੰ ਪਤਾ ਲੱਗਾ, ਕਿ ਬੈਰਾਗੀ ਮਾਧੋ ਦਾਸ ਦਾ ਡੇਰਾ ਇਥੋਂ ਨੇੜੇ ਹੀ ਹੈ। ਇਕ ਦਿਨ ਉਹ ਆਪਣੇ ਕੁਝ ਸਿੱਖਾਂ ਨਾਲ ਬੈਰਾਗੀ ਦੇ ਆਸ਼ਰਮ ਜਾ ਪਹੁੰਚੇ। ਬੈਰਾਗੀ ਮਾਧੋ ਆਪ ਉਸ ਸਮੇਂ ਆਸ਼ਰਮ ਵਿਚ ਮੌਜੂਦ ਨਹੀਂ ਸੀ। ਗੁਰੂ ਜੀ ਨੇ ਉਸਦੇ ਉਸ ਜਾਦੂਈ ਪਲੰਘ ਤੇ ਆਸਣ ਲਾ ਲਿਆ, ਜਿਸਨੂੰ ਉਲਟਾ ਕੇ ਉਹ ਅਨੰਦ ਮਾਣਿਆ ਕਰਦਾ ਸੀ। ਉਸਦੇ ਆਸ਼ਰਮ ਵਿਚ ਉਸ ਸਮੇਂ ਬਹੁਤ ਸਾਰੇ ਬਕਰੇ ਮੌਜੂਦ ਸਨ, ਜੋ ਉਸਦੇ ਦਰਸ਼ਨਾਂ ਲਈ ਆਏ ਲੋਕ ਬਲੀ ਲਈ, ਉਸਨੂੰ ਭੇਟਾਂ ਕਰ ਜਾਂਦੇ ਸਨ। ਗੁਰੂ ਜੀ ਦੀ ਆਗਿਆ ਨਾਲ ਗੁਰੂ ਜੀ ਦੇ ਨਾਲ ਆਏ ਸਿੱਖਾਂ ਨੇ ਕੁਝ ਬਕਰੇ ਫੜ, ਉਨ੍ਹਾਂ ਨੂੰ ਝਟਕਾਇਆ। ਵੈਸ਼ਨੋ ਬੈਰਾਗੀ, ਜਿਸਦੇ ਆਸ਼ਰਮ ਵਿਚ ਮਾਸ ਬਣਾਨ ਤੇ ਖਾਣ ਦੀ ਸਖ਼ਤ ਮਨਾਹੀ ਸੀ, ਦੇ ਚੁਲ੍ਹ ਤੇ ਮਾਸ ਦੀ ਦੇਗ ਚੜ੍ਹਾ ਦਿਤੀ ਗਈ। ਜਦ ਇਹ ਖ਼ਬਰ ਬੈਰਾਗੀ ਨੂੰ ਪੁਜੀ ਤਾਂ ਉਹ ਲੋਹਾ ਲਾਖਾ ਹੋ ਕੇ ਆਸ਼ਰਮ ਵਲ ਦੌੜਦਾ ਆਇਆ। ਉਸ ਦੀਆਂ ਲਹੂ ਭਰੀਆਂ ਅੱਖਾਂ ਤੇ ਗੰਭੀਰ ਚਿਹਰਾ ਵੇਖ ਆਮ ਆਦਮੀ ਡਰ ਨਾਲ ਕੰਬਣ ਲੱਗ ਜਾਂਦੇ ਸਨ, ਤੇ ਇਹੀ ਉਸਦੀ ਸਫਲਤਾ ਦਾ ਰਾਜ਼ ਸੀ, ਪਰ ਆਪਣੇ ਪਲੰਘ ਤੇ ਬੈਠੀ ਇਕ ਬੜੀ ਪ੍ਰਭਾਵਸ਼ਾਲੀ ਮਹਾਨ ਹਸਤੀ ਨੂੰ ਵੇਖ ਉਹ ਇਕ ਦਮ ਸਹਿਮ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹ ਗੁਰੂ ਜੀ ਦੇ ਚਰਨੀਂ ਡਿਗ ਗਿਆ। ਜਦੋਂ ਗੁਰੂ ਜੀ ਨੇ ਉਸਦਾ ਸਿਰ ਉਠਾਇਆ ਤਾਂ ਉਹ ਕਹਿਣ ਲੱਗਾ, "ਮਹਾਰਾਜ ਜੀ! ਤੁਸੀਂ ਮੇਰੀਆਂ ਦੈਵੀ ਸ਼ਕਤੀਆਂ ਤੇ ਮੇਰੇ ਗੌਰਵ ਨੂੰ ਮਿੱਟੀ ਵਿਚ ਮਿਲਾ ਦਿਤਾ ਹੈ। ਤੁਹਾਡੇ ਸੇਵਕਾਂ ਨੇ ਮੇਰੇ ਵੈਸ਼ਨੋ ਮੱਤ ਦੀ ਵੀ ਬੜੀ ਬੇ-ਹੁਰਮਤੀ ਕੀਤੀ ਹੈ। ਮੈਂ ਵੈਸ਼ਨੋ ਬੈਰਾਗੀ ਹਾਂ। ਤੁਹਾਡੇ ਸਿੱਖਾਂ ਨੇ ਬਕਰੇ ਝਟਕਾ ਕੇ ਉਨ੍ਹਾਂ ਦੇ ਖ਼ੂਨ ਨਾਲ ਮੇਰਾ ਆਸ਼ਰਮ ਅਪਵਿੱਤਰ ਕਰ ਦਿਤਾ ਹੈ। ਇਹ ਮੇਰਾ ਤਪੱਸਿਆ ਅਸਥਾਨ ਹੈ। ਹੁਣ ਇਸਦੀ ਪਵਿੱਤਰਤਾ ਮਿੱਟੀ ਵਿਚ ਮਿਲ ਗਈ ਹੈ।"

"ਮਾਧੋ ਦਾਸ! ਤੇਰੇ ਆਸ਼ਰਮ ਦੀ ਇਕ ਨੁੱਕਰ ਤੇ ਬਕਰਿਆਂ ਦਾ ਲਹੂ ਡੁਲ੍ਹਾ ਹੈ, ਜਿਸ ਨਾਲ ਚੱਪਾ ਕੁ ਧਰਤੀ ਲਹੂ-ਲੁਹਾਨ ਹੋਈ ਹੈ। ਉਸ ਥਾਂ ਤੋਂ ਤੇਰਾ ਇਹ ਤਪੱਸਿਆ-ਅਸਥਾਨ ਕਾਫ਼ੀ ਦੂਰ ਹੈ, ਫਿਰ ਵੀ ਤੂੰ ਆਪਣੀ ਤਪੱਸਿਆ ਭੰਗ ਹੋਈ ਸਮਝਦਾ ਏਂ। ਦੂਜੇ ਪਾਸੇ ਸਾਰਾ ਦੇਸ਼ ਜਰਵਾਣੇ ਹਾਕਮਾਂ ਦੇ ਜ਼ੁਲਮ ਨਾਲ ਤ੍ਰਾਹ ਤ੍ਰਾਹ ਕਰ ਰਿਹਾ ਹੈ। ਹਜ਼ਾਰਾਂ ਬੇਗੁਨਾਹ ਨਰ ਨਾਰੀਆਂ ਦੇ ਖ਼ੂਨ ਨਾਲ ਸਾਰੇ ਦੇਸ਼ ਦੀ ਧਰਤੀ ਤੇ ਭਾਰਤ ਵਰਸ਼ ਦੇ ਸਾਰੇ ਦਰਿਆਵਾਂ ਦਾ ਪਾਣੀ ਲਹੂ-ਲੁਹਾਨ ਤੇ ਅਪਵਿੱਤਰ ਹੋ ਗਿਐ। ਉਹ ਖ਼ੂਨ ਦੀਆਂ ਨਦੀਆਂ ਵੇਖ ਤੇਰਾ ਵੈਸ਼ਨੋ ਧਰਮ ਅਪਵਿੱਤਰ ਨਹੀਂ ਹੋਇਆ। ਤੂੰ ਆਪਣੀ ਸਾਰੀ ਸ਼ਕਤੀ ਇਨ੍ਹਾਂ ਫ਼ਜ਼ੂਲ ਕਾਰਜਾਂ ਵਿਚ ਲਗਾ ਰਿਹਾ ਏਂ। ਉਧਰ ਸਾਰਾ ਦੇਸ਼, ਜ਼ਾਲਮ ਹੁਕਮਰਾਨਾਂ ਦੀਆਂ ਕਾਲੀਆਂ ਕਰਤੂਤਾਂ ਕਾਰਨ ਕਰਾਹ ਰਿਹਾ ਹੈ। ਤੂੰ ਆਪਣੇ ਆਸ਼ਰਮ ਵਿਚ ਆਏ ਸਾਧੂ, ਮਹਾਤਮਾ ਤੇ ਰੱਬ ਦੇ ਪਿਆਰੇ ਬੰਦਿਆਂ ਨੂੰ ਪਲੰਘੋਂ ਹੇਠਾਂ ਸੁਟ ਉਨ੍ਹਾਂ ਦੀ ਪਤ ਲਾਹ ਕੇ ਉਨ੍ਹਾਂ ਦਾ ਮਖ਼ੌਲ ਉਡਾਂਦਾ ਏਂ। ਫਿਰ ਵੀ ਆਪਣੇ ਆਪ ਨੂੰ ਬਹਾਦਰ ਸਮਝਦਾ ਏਂ?" ਗੁਰੂ ਜੀ ਸ਼ੇਰ ਵਾਂਗ ਗਰਜ ਕੇ ਬੋਲੇ।

ਗੁਰੂ ਜੀ ਦੇ ਇਹ ਸ਼ਬਦ ਬੈਰਾਗੀ ਮਾਧੋ ਦਾਸ ਦਾ ਹਿਰਦਾ ਚੀਰ ਗਏ, ਤੇ ਉਹ ਮੁੜ ਗੁਰੂ ਜੀ ਦੇ ਚਰਨੀਂ ਡਿਗ ਪਿਆ। ਉਸਨੇ ਸਿੱਖਾਂ ਦੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਅੱਗੇ ਵੀ ਸੁਣ ਰਖਿਆ ਸੀ। ਹੁਣ ਉਨ੍ਹਾਂ ਦੇ ਸਾਖਯਾਤ ਦਰਸ਼ਨ ਕਰਕੇ ਤੇ ਉਨ੍ਹਾਂ ਦੇ ਬਚਨ ਸੁਣ ਉਸਨੂੰ ਵਿਸ਼ਵਾਸ਼ ਹੋ ਗਿਆ, ਕਿ ਹੋਵੇ ਨਾਂਹ ਹੋਵੇ, ਇਹੀ ਗੁਰੂ ਗੋਬਿੰਦ ਸਿੰਘ ਹਨ, ਜੋ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਜਾਮੇ ਵਿਚ ਗੁਰ ਗੱਦੀ ਤੇ ਬੈਠੇ ਉਸ ਸਾਹਮਣੇ ਬਿਰਾਜਮਾਨ ਹਨ। ਉਸਨੇ ਰੁਦਨ ਭਰੇ ਸਵੱਰ ਵਿਚ ਕਿਹਾ, "ਗੁਰਦੇਵ! ਮੈਂ ਸਾਰੀ ਉਮਰ ਭੁਲਿਆ ਰਿਹਾ। ਹੁਣ ਤੁਸੀਂ ਮੈਨੂੰ ਸੱਚਾ ਮਾਰਗ ਦਰਸਾ ਦਿਤਾ ਹੈ। ਮੈਂ ਆਪਣਾ ਮਾਣ, ਅਹੰਕਾਰ, ਦੈਵੀ ਸ਼ਕਤੀਆਂ ਤੇ ਜਾਦੂ ਟੂਣੇ ਆਦਿ ਸਭ ਕੁਝ ਤਿਆਗ ਆਪਣਾ ਆਪ ਤੁਹਾਡੇ ਹਵਾਲੇ ਕਰਦਾ ਹਾਂ।"

ਜਦ ਗੁਰੂ ਜੀ ਨੇ ਹਿੰਦੁਸਤਾਨ ਦੇ ਮਜ਼ਲੂਮਾਂ, ਦੁਖੀ, ਦੀਨਾਂ ਤੇ ਗ਼ੁਲਾਮ ਲੋਕਾਂ ਦੀ ਮੌਜੂਦਾ ਤਰਸਯੋਗ ਹਾਲਤ ਦਾ ਨਕਸ਼ਾ ਮਾਧੋ ਬੈਰਾਗੀ ਸਾਮ੍ਹਣੇ ਰਖਿਆ ਤੇ ਉਸਦੇ ਮੌਜੂਦਾ ਜੀਵਨ ਤੇ ਲਾਹਨਤ ਪਾਈ, ਤਾਂ ਉਹ ਇਕ ਦਮ ਜਿਵੇਂ ਕਿਸੇ ਸੁਪਨੇ ਤੋਂ ਅੱਖਾਂ ਮਲਦਾ ਉਠ ਬੈਠਾ ਹੋਵੇ।

ਮਾਧੋ ਦਾਸ, ਆਪਣੀ ਪਿਛਲੀ ਕਰਨੀ ਪੁਰ ਇੰਨਾ ਪਛਤਾਇਆ, ਕਿ ਉਸਦਾ ਪਛਤਾਵਾ ਠਲਿਆ ਹੀ ਨਾ ਜਾਵੇ। ਉਸਨੇ ਬੈਰਾਗੀਆਂ ਵਾਲੇ ਕਪੜੇ ਲਾਹ ਸੁਟੇ, ਤੇ ਗੁਰੂ ਜੀ ਦੇ ਸਿੱਖਾਂ ਵਾਲੇ ਕਪੜੇ ਪਹਿਨ ਲਏ। ਇਕ ਦਮ ਲੋਹੇ ਤੋਂ ਪਾਰਸ ਹੋ ਗਿਆ। ਆਪਣੀ ਬੈਰਾਗੀ ਦੁਨੀਆਂ ਨੂੰ

CC-0. In Public Domain. Gurukul Kangri Collection, Haridwar

ਛੱਡ ਕੇ ਦੀਨ ਦੁਖੀ ਤੇ ਮਜ਼ਲੂਮ ਲੋਕਾਂ ਦੀ ਰੱਖਿਆ ਲਈ ਪ੍ਰਣ ਕੀਤਾ ਤੇ ਗੁਰੂ ਜੀ ਅੱਗੇ ਬਿਨੈ ਕੀਤੀ, "ਦੀਨ ਦੁਨੀਆਂ ਦੇ ਰੱਖਿਅਕ ! ਮੈਂ ਆਪ ਦਾ ਬੰਦਾ ਹਾਂ, ਮੈਨੂੰ ਜਿਵੇਂ ਜੀਅ ਚਾਹੇ, ਵਰਤੋ । ਮੈਂ ਪਿਛਲੇ ਜੀਵਨ ਦੇ ਧੋਣੇ ਇਕ ਦਮ ਧੋ ਦੇਣਾ ਚਾਹੁੰਦਾ ਹਾਂ । ਮੈਂ ਉਹਨਾਂ ਜ਼ਾਲਮਾਂ ਪਾਸੋਂ ਬਦਲਾ ਲੈ ਕੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦੀ ਸਜ਼ਾ ਦੇਣ ਦਾ ਪ੍ਰਣ ਕਰਦਾ ਹਾਂ । ਗੁਰਦੇਵ ! ਮੈਨੂੰ ਆਪਣੀਆਂ ਅਸੀਸਾਂ ਦੇ ਕੇ ਪੰਜਾਬ ਘਲ ਦਿਓ...।"

Digitized by Arya Samaj Foundation Chennai and eGangotri

ਗੁਰੂ ਜੀ ਨੇ ਬੰਦੇ ਨੂੰ ਕੁਝ ਸਮਾਂ ਹੋਰ ਉਥੇ ਹੀ ਟਿਕ ਕੇ ਪਿਛਲੇ ਸਿੱਖ ਇਤਿਹਾਸ ਨੂੰ ਚੰਗੀ ਤਰ੍ਹਾਂ ਅਧਿਐਨ ਕਰਨ ਲਈ ਕਿਹਾ ।

ਪੰਜਾਬ ਜਾਣ ਤੋਂ ਪਹਿਲਾਂ ਬੰਦੇ ਨੇ ਸਿੱਖ ਧਰਮ ਦਾ ਚੰਗੀ ਤਰ੍ਹਾਂ ਗਿਆਨ ਪ੍ਰਾਪਤ ਕਰ ਲਿਆ । ਉਸਨੂੰ ਸਿੱਖ ਇਤਿਹਾਸ ਬਾਰੇ ਪੂਰਨ ਵਾਕਫ਼ੀ ਗੁਰੂ ਜੀ ਦੇ ਸਿੰਘਾਂ ਤੋਂ ਪ੍ਰਾਪਤ ਹੋ ਗਈ । ਅਨੰਦਪੁਰ ਤੇ ਉਸ ਤੋਂ ਬਾਅਦ ਦੀਆਂ ਲਹੂ-ਲੁਹਾਣ ਘਟਨਾਵਾਂ ਸੁਣ, ਉਸਦਾ ਲਹੂ ਉਬਾਲੇ ਖਾਣ ਲੱਗ ਪਿਆ । ਉਸਨੇ ਗੁਰੂ ਅਰਜਨ ਦੇਵ ਜੀ ਤੇ ਨਾਵੇਂ ਗੁਰੂ ਤੇਗ਼ ਬਹਾਦਰ ਜੀ ਤੋਂ ਇਲਾਵਾ ਸੈਂਕੜੇ ਬੇਕਸੂਰ ਸਿੱਖਾਂ ਦੀ ਸ਼ਹਾਦਤ ਦੀ ਵਿਥਿਆ ਵੀ ਇਥੇ ਹੀ ਸੁਣੀ । ਪਹਾੜੀ ਰਾਜਿਆਂ ਤੇ ਮੁਗ਼ਲਾਂ ਦੀਆਂ ਅਨੰਦਪੁਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਨਾਲ ਲੜਾਈਆਂ ਦਾ ਵਿਸਥਾਰ ਸੁਣ ਕੇ ਉਸਨੂੰ ਆਪਣੇ ਪਿਛਲੇ ਜੀਵਨ ਤੋਂ ਇਕ ਦਮ ਨਫ਼ਰਤ ਹੋ ਗਈ । ਜਦੋਂ ਉਸਨੂੰ ਇਹ ਗਿਆਨ ਹੋਇਆ, ਕਿ ਜਿਸ ਸਮੇਂ ਉਹ ਆਪਣੀਆਂ ਸ਼ਕਤੀਆਂ ਨਾਲ ਤਪੱਸਵੀ, ਸਾਧੂ ਸੰਤਾਂ ਨਾਲ ਮਖ਼ੌਲ ਉਡਾਣ ਵਿਚ ਮਸਰੂਫ਼ ਸੀ, ਉਸ ਸਮੇਂ ਪੰਜਾਬ ਦਾ ਇਹ ਮਹਾਂਪੁਰਸ਼, ਸੰਤ ਸਿਪਾਹੀ, ਭਾਰਤ ਵਾਸੀਆਂ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਕਟਣ ਵਿਚ ਮਸਰੂਫ਼ ਸੀ, ਤਾਂ ਸੱਚਮੁਚ ਉਸਨੂੰ ਆਪਣੇ ਕਿਰਦਾਰ ਤੋਂ ਘਿਰਣਾ ਹੋਣ ਲੱਗ ਪਈ ।

ਗੁਰੂ ਸਾਹਿਬ ਦੀ ਸੇਵਾ ਵਿਚ ਰਹਿ ਕੇ ਜਦੋਂ ਉਹ ਪਹਿਲਾਂ ਦੇ ਹਾਲਾਤ ਤੇ ਨਜ਼ਰ ਮਾਰਦਾ ਤਾਂ ਵਾਰ ਵਾਰ ਉਸਦਾ ਹੱਥ ਗੁਰੂ ਸਾਹਿਬ ਦੀ ਬਖ਼ਸ਼ੀ ਹੋਈ ਭਗੌਤੀ ਵਲ ਜਾਂਦਾ । ਫਿਰ ਉਹ ਆਪਣਾ ਹੱਥ ਪਿਛੇ ਖਿਚ ਲੈਂਦਾ । ਉਹ ਗੁਰੂ ਜੀ ਦੀ ਆਗਿਆ ਦੀ ਉਡੀਕ ਵਿਚ ਸੀ, ਕਿ ਕਦੋਂ ਗੁਰੂ ਜੀ ਇਸ਼ਾਰਾ ਕਰਨ, ਤਾਂ ਉਹ ਬਾਜ਼ ਵਾਂਗ ਝਪਟਾ ਮਾਰ ਸਰਹੰਦ ਤੇ ਜਾ ਪਏ । ਸਾਹਿਬਜ਼ਾਦਿਆਂ ਤੇ ਹਜ਼ਾਰਾਂ ਬੇਕਸੂਰ ਸਿੱਖਾਂ ਦੀ ਸ਼ਹਾਦਤ ਦੇ ਜ਼ਾਲਮਾਂ ਤੋਂ ਗਿਣ ਗਿਣ ਕੇ ਬਦਲੇ ਲਏ । ਗੁਰੂ ਜੀ ਦੇ ਪਿਆਰੇ ਮਿੱਤਰ ਸੱਯਦ ਬੁਧੂ ਸ਼ਾਹ ਨੂੰ ਜਰਵਾਣਿਆਂ ਨੇ ਕੇਵਲ ਇਸ ਲਈ ਤਸੀਹੇ ਦੇ ਦੇ ਮਾਰਿਆ ਸੀ, ਕਿ ਉਸਨੇ ਪਹਾੜੀ ਰਾਜਿਆਂ ਨਾਲ ਲੜਾਈਆਂ ਸਮੇਂ ਗੁਰੂ ਜੀ ਦਾ ਸਾਥ ਦਿਤਾ ਸੀ । ਸੱਯਦ ਜੀ ਦੇ ਸਾਰੇ ਪ੍ਰਵਾਰ ਨੂੰ ਸਰਹੰਦ ਦੇ ਨਵਾਬ ਨੇ ਤਹਿ ਤੇਗ਼ ਕਰ ਦਿਤਾ ਸੀ, ਤਾਂਜੋ ਲੋਕਾਂ ਨੂੰ ਸਬਕ ਮਿਲੇ, ਕਿ ਕਾਫ਼ਰਾਂ ਦਾ ਸਾਥ ਦੇਣ ਵਾਲਿਆਂ ਦਾ ਕੀ ਹਸ਼ਰ ਹੋ ਸਕਦੈ ?

CC-0. In Public Domain. Gurukul Kangri Collection, Haridwar

 Digitized by Arya Samaj Foundation Chennai and eGangotri

ਬੰਦਾ ਬਹਾਦਰ ਪੰਜਾਬ ਜਾਣ ਦੀਆਂ ਤਿਆਰੀਆਂ ਵਿਚ ਹੀ ਸੀ, ਕਿ ਨਾਂਦੇੜ ਵਿਚ ਇਕ ਹੋਰ ਭਿਆਨਕ ਘਟਨਾ ਵਾਪਰ ਗਈ। ਵਜ਼ੀਰ ਖ਼ਾਨ ਸਰਹੰਦ ਦੇ ਸੂਬੇ ਨੂੰ ਪਤਾ ਲੱਗ ਗਿਆ ਸੀ, ਕਿ ਗੁਰੂ ਜੀ ਦਾ ਮੁਗ਼ਲ ਬਾਦਸ਼ਾਹ ਨਾਲ ਸਮਝੌਤਾ ਹੋ ਗਿਆ ਹੈ। ਤੇ ਉਸ ਸਮਝੌਤੇ ਅਨੁਸਾਰ ਕਿਸੇ ਸਮੇਂ ਵੀ ਉਸਦੀ ਗ੍ਰਿਫ਼ਤਾਰੀ ਹੋ ਸਕਦੀ ਹੈ। ਉਸ ਦੀਆਂ ਕਾਲੀਆਂ ਕਰਤੂਤਾਂ ਕਾਰਨ, ਨਾਂਹ ਉਸਨੂੰ ਦਿਨੇ ਚੈਨ ਸੀ, ਨਾਂਹ ਰਾਤ ਨੂੰ। ਰਾਤ ਨੂੰ ਸੁਪਨੇ ਵਿਚ ਵੀ ਉਸਦੇ ਸਿਰ ਤੇ ਸਿੱਖਾਂ ਦੀ ਤਲਵਾਰ ਲਟਕਦੀ ਨਜ਼ਰ ਆਉਂਦੀ। ਉਸਨੇ ਇਕ ਸਾਜ਼ਸ਼ ਤਿਆਰ ਕੀਤੀ। ਬਹੁਤ ਸਾਰੀ ਰਿਸ਼ਵਤ ਦੇ ਕੇ ਗੁਰੂ ਜੀ ਹੱਥੋਂ ਲੜਾਈ ਵਿਚ ਮਾਰੇ ਗਏ ਪਠਾਣ ਪੈਂਦਾ ਖ਼ਾਨ ਦੇ ਪੋਤੇ—ਦੋ ਪਠਾਣਾਂ—ਨੂੰ ਆਪਣੇ ਭਰੋਸੇ ਵਿਚ ਲੈ ਲਿਆ। ਇਨ੍ਹਾਂ 'ਚੋਂ ਇਕ ਅਤਾ ਉੱਲਾ ਖ਼ਾਨ ਸੀ ਤੇ ਦੂਜਾ ਗੁਲ ਖ਼ਾਨ। ਇਹ ਦੋਵੇਂ ਪਠਾਣ ਗੁਰੂ ਜੀ ਦੇ ਜਾਣੂੰ ਸਨ। ਦੋਵੇਂ ਪਠਾਣ ਦੂਰ ਦਾ ਲੰਬਾ ਸਫ਼ਰ ਤੈਅ ਕਰਦੇ ਅੰਤ ਨਾਂਦੇੜ ਗੁਰੂ ਸਾਹਿਬ ਦੇ ਦਰਬਾਰ ਜਾ ਪਹੁੰਚੇ। ਉਨ੍ਹਾਂ ਆਪਣੇ ਆਪ ਨੂੰ ਗੁਰੂ ਜੀ ਦੇ ਸੱਚੇ ਸੇਵਕ ਜ਼ਾਹਿਰ ਕੀਤਾ। ਉਹ ਰੋਜ਼ਾਨਾ ਗੁਰ-ਦਰਬਾਰ ਦੀ ਹਾਜ਼ਰੀ ਭਰਨ ਜਾਂਦੇ। ਇਕ ਸ਼ਾਮ ਮੌਕਾ ਪਾ ਕੇ ਗੁਲ ਖ਼ਾਨ ਗੁਰੂ ਜੀ ਦੇ ਇਕਾਂਤ ਨਿਵਾਸ ਅਸਥਾਨ ਤੰਬੂ ਵਿਚ ਜਾ ਪੁਜਾ ਤੇ ਉਹਨਾਂ ਨੂੰ ਸੁਤਾ ਪਿਆ ਵੇਖ ਉਸਨੇ ਖ਼ੰਜਰ ਨਾਲ ਉਹਨਾਂ ਤੇ ਹਮਲਾ ਕਰ ਦਿਤਾ। ਉਸਦਾ ਖ਼ੰਜਰ ਬੜੀ ਤੇਜ਼ੀ ਨਾਲ ਗੁਰੂ ਜੀ ਦੀ ਛਾਤੀ ਵਿਚ ਖੁਭ ਗਿਆ। ਗੁਰੂ ਜੀ ਜਾਗ ਪਏ। ਉਹਨਾਂ ਕਟਾਰ ਨਾਲ ਗੁਲ ਖ਼ਾਨ ਨੂੰ ਥਾਂ ਰਖਿਆ। ਇਸ ਘਟਨਾ ਨਾਲ ਚੁਪਾਸੀਂ ਸ਼ੋਰ ਮਚ ਗਿਆ ਤੇ ਸਿੱਖਾਂ ਨੇ ਦੂਜੇ ਪਠਾਣ ਨੂੰ ਫੜ ਕੇ ਕਤਲ ਕਰ ਦਿਤਾ।

ਉਸੇ ਸਮੇਂ ਜਰਾਹ ਨੂੰ ਬੁਲਾਇਆ ਗਿਆ, ਜਿਸਨੇ ਗੁਰੂ ਜੀ ਦੇ ਡੂੰਘੇ ਜ਼ਖ਼ਮ ਜਿਸ 'ਚੋਂ ਕਾਫ਼ੀ ਖ਼ੂਨ ਨਿਕਲ ਚੁਕਾ ਸੀ, ਸੀ ਕੇ ਉਪਰ ਪੱਟੀ ਬੰਨ੍ਹ ਦਿਤੀ।

ਇਹ ਘਟਨਾ ਉਦੋਂ ਵਾਪਰੀ, ਜਦ ਗੁਰੂ ਜੀ ਬੰਦਾ ਬਹਾਦਰ ਦੇ ਆਸ਼ਰਮ ਵਿਚ ਠਹਿਰੇ ਹੋਏ ਸਨ। ਉਦੋਂ ਤੀਕ ਮਾਧੋ ਦਾਸ ਦਸਮ ਪਾਤਸ਼ਾਹ ਹਥੋਂ ਅੰਮ੍ਰਿਤ ਛਕ ਬੰਦਾ ਸਿੰਘ ਬਹਾਦਰ ਬਣ ਚੁਕਾ ਸੀ।

ਇਸ ਹਾਦਸੇ ਨਾਲ ਉਥੇ ਮੌਜੂਦ ਸਾਰੇ ਸਿੱਖਾਂ ਨੂੰ ਬੜਾ ਦੁਖ ਹੋਇਆ। ਬੰਦਾ ਬਹਾਦਰ, ਗੁਰੂ ਜੀ ਦੇ ਚਰਨੀਂ ਆ ਡਿਗਾ, ਤੇ ਪੰਜਾਬ ਪਹੁੰਚ ਉਨ੍ਹਾਂ ਪਾਮਰਾਂ ਨੂੰ ਸੋਧਣ ਦੀ ਆਗਿਆ ਮੰਗੀ।

ਗੁਰੂ ਜੀ ਬੰਦੇ ਦੇ ਸਿਰ ਤੇ ਹੱਥ ਰਖ ਕੇ ਬੋਲੇ, "ਮੇਰੇ ਪਿਆਰੇ ਬੰਦਾ ਸਿੰਘ ਬਹਾਦਰ! ਇਸ ਘੜੀ ਹਾਲਾਤ ਉਸ ਸੀਮਾ ਤੇ ਪੁਜ ਚੁਕੇ ਹਨ, ਕਿ ਤੇਰਾ ਪੰਜਾਬ ਜਾਣਾ ਜ਼ਰੂਰੀ ਬਣ ਗਿਆ ਹੈ। ਪੰਜ ਬਹਾਦਰ ਸਿੱਖ ਤੇਰੇ ਨਾਲ ਜਾਣਗੇ। ਉਨ੍ਹਾਂ ਤੇ ਪੂਰਨ ਭਰੋਸਾ ਰੱਖੀਂ। ਉਨ੍ਹਾਂ ਪੰਜਾਂ ਦੀ ਸਲਾਹ ਨਾਲ ਸਾਰੇ ਕੰਮ ਕਰਨੇ ਹੋਣਗੇ। ਅਸੀਂ ਤੁਹਾਡੇ ਅੰਗ ਸੰਗ ਹੋਵਾਂਗੇ। ਵਾਹਿਗੁਰੂ ਤੁਹਾਡੀ ਰੱਖਿਆ ਕਰੇਗਾ, ਤੇ ਜ਼ਾਲਮਾਂ ਨੂੰ ਸੋਧਣ ਵਿਚ ਤੁਹਾਡੀ ਸਹਾਇਤਾ ਕਰੇਗਾ। ਗੁਰੂ ਦੇ ਸੱਚੇ ਸਿੱਖਾਂ ਵਾਂਗ ਜ਼ਾਲਮਾਂ ਨੂੰ ਸੋਧ ਕੇ ਤੇ ਗ਼ਰੀਬਾਂ ਦੀ ਰੱਖਿਆ ਕਰਕੇ ਸਾਡੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਆਪਣੇ ਆਪ ਤੋਂ ਪੰਥ ਨੂੰ ਸਦਾ ਉੱਤਮ ਸਮਝਣਾ। ਪੰਥ ਦੀ ਆਗਿਆ ਨਾਲ ਹੀ ਸਾਰੇ ਕੰਮ ਕਰਨੇ। ਵਾਹਿਗੁਰੂ ਹਰ ਮੈਦਾਨ ਖ਼ਾਲਸੇ ਦੀ ਫ਼ਤਹਿ ਕਰੇਗਾ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਰਵਾਨਗੀ

ਇਸ ਪਿਛੋਂ ਗੁਰੂ ਜੀ ਨੇ ਬੰਦੇ ਨੂੰ ਬਹੁਤ ਸਾਰੀਆਂ ਹਦਾਇਤਾਂ ਦਿਤੀਆਂ। ਉਹ ਪੰਜਾਬ ਜਾਣ ਲਈ ਤਿਆਰ ਹੋ ਗਿਆ। ਗੁਰੂ ਜੀ ਨੇ ਉਸਨੂੰ ਆਪਣੇ ਪੰਜ ਤੀਰ, ਇਕ ਧੌਂਸਾ ਤੇ ਨਿਸ਼ਾਨ ਸਾਹਿਬ ਦੀ ਬਖ਼ਸ਼ਸ਼ ਕੀਤੀ। ਨਾਲ ਹੀ ਪੰਜ ਸਿੱਖਾਂ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਦਯਾ ਸਿੰਘ, ਭਾਈ ਬਾਜ ਸਿੰਘ ਤੇ ਭਾਈ ਰਨ ਸਿੰਘ ਨੂੰ ਬੰਦੇ ਨਾਲ ਜਾਣ ਦੀ ਆਗਿਆ ਕੀਤੀ। ਇਨ੍ਹਾਂ ਪੰਜਾਂ ਪਿਆਰਿਆਂ ਤੋਂ ਬਿਨਾਂ 25 ਹੋਰ ਬਹਾਦਰ ਸਿੱਖਾਂ ਨੂੰ ਪੰਜਾਬ ਜਾਣ ਲਈ ਹੁਕਮ ਦਿਤਾ। ਪੰਜਾਬ ਦੇ ਸਿੱਖਾਂ ਵਲ ਹੁਕਮਨਾਮੇ ਲਿਖ ਘਲੇ, ਕਿ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦਾ ਜਥੇਦਾਰ ਥਾਪ ਕੇ ਪੰਜਾਬ ਘਲਿਆ ਜਾ ਰਿਹਾ ਹੈ। ਇਸਦੀ ਆਗਿਆ ਵਿਚ ਰਹਿ ਕੇ ਜ਼ਾਲਮਾਂ ਨੂੰ ਸੋਧਣਾ ਤੇ ਗ਼ਰੀਬਾਂ ਦੀ ਰੱਖਿਆ ਕਰਨੀ। ਇਸ ਤਰ੍ਹਾਂ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ 25 ਸਿੱਖਾਂ ਦਾ ਜਥਾ ਗੁਰੂ ਜੀ ਦੀਆਂ ਅਸੀਸਾਂ ਲੈ ਕੇ ਪੰਜਾਬ ਵਲ ਰਵਾਨਾ ਹੋ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਬਹਾਦਰ ਪੰਜਾਬ ਵਲ

ਬੰਦਾ ਸਿੰਘ ਬਹਾਦਰ ਦੇ ਨਾਂਦੇੜ ਛੱਡਣ ਸਮੇਂ ਮੁਗਲ ਸਮਰਾਟ ਬਹਾਦਰ ਸ਼ਾਹ ਆਪ ਦੱਖਣ ਦੀਆਂ ਬਗਾਵਤਾਂ ਨੂੰ ਦਬਾਣ ਲਈ ਫ਼ੌਜ ਲੈ ਕੇ ਗਿਆ ਹੋਇਆ ਸੀ। ਦੱਖਣ ਜਾਣ ਸਮੇਂ ਉਸਨੇ ਗੁਰੂ ਜੀ ਨਾਲ ਇਕਰਾਰ ਕੀਤਾ ਸੀ, ਕਿ ਬਾਕੀ ਦੀ ਗੱਲਬਾਤ ਉਹ ਉਧਰੋਂ ਮੁੜਣ ਤੇ ਕਰੇਗਾ, ਤੇ ਗੁਰੂ ਜੀ ਨਾਲ ਕੀਤੇ ਇਕਰਾਰ ਮੁਤਾਬਕ ਉਹ ਜ਼ਾਲਮਾਂ ਨੂੰ ਜ਼ਰੂਰ ਸਜ਼ਾ ਦੇਵੇਗਾ।

ਗੁਰੂ ਜੀ ਨੇ ਬੰਦਾ ਬਹਾਦਰ ਨੂੰ ਪੰਜਾਬ ਘਲਣ ਸਮੇਂ ਆਪਣਾ ਜ਼ਖ਼ਮ ਠੀਕ ਹੋ ਜਾਣ ਤੇ ਪੰਜਾਬ ਆਣ ਦਾ ਵਿਚਾਰ ਵੀ ਪ੍ਰਗਟਾਇਆ, ਪਰ ਉਨ੍ਹਾਂ ਦੇ ਡੂੰਘੇ ਜ਼ਖ਼ਮ ਠੀਕ ਨਾ ਹੋ ਸਕੇ ਤੇ ਉਹ ਆਪਣੀ ਅੰਤਮ ਯਾਤਰਾ ਦੀ ਤਿਆਰੀ ਵਿਚ ਰੁਝ ਗਏ।

ਜਦ ਬੰਦਾ ਸਿੰਘ, ਗੁਰੂ ਜੀ ਤੋਂ ਅਸੀਸਾਂ ਲੈ ਪੰਜਾਬ ਵਲ ਤੁਰਿਆ, ਤਾਂ ਉਸ ਸਾਹਮਣੇ ਦੋ ਦੁਸ਼ਮਣ ਸਨ। ਇਕ ਤਾਂ ਸਾਰੇ ਹਿੰਦੁਸਤਾਨ ਦੀ ਹਕੂਮਤ, ਦੂਜੇ ਹਕੂਮਤ ਦੇ ਪਿਛਲਗ ਪਿੰਡਾਂ ਦੇ ਚੌਧਰੀ ਤੇ ਨੰਬਰਦਾਰ ਆਦਿ। ਹਕੂਮਤ, ਵਡਿਆਂ ਵਡਿਆਂ ਕਸਬਿਆਂ ਤੇ ਸ਼ਹਿਰਾਂ ਦੇ ਨੇੜੇ ਬੰਦੇ ਤੇ ਸਿੱਖਾਂ ਨੂੰ ਨਹੀਂ ਸੀ ਢੁਕਣ ਦੇਂਦੀ, ਤੇ ਪਿੰਡਾਂ ਦੇ ਨੇੜੇ ਮਾਲਕਾਂ ਦੇ ਇਹਨਾਂ ਗ਼ੁਲਾਮ ਕਾਰਿੰਦਿਆਂ ਨੇ ਉਨ੍ਹਾਂ ਦੀ ਵਿਰੋਧਤਾ ਜਾਰੀ ਰਖੀ।

ਵੈਰੀਆਂ ਨਾਲ ਟੱਕਰ ਲੈਣ ਲਈ ਉਸ ਪਾਸ ਫ਼ੌਜ ਨਹੀਂ ਸੀ। ਆਪਣੀ ਦਲੇਰੀ, ਹਿੰਮਤ ਤੇ ਲੋਕਾਂ ਦੇ ਦਿਲਾਂ ਵਿਚ ਸੁਲਗਾਈ ਅੱਗ ਹੀ ਉਸਦਾ ਸਾਥ ਦੇ ਰਹੇ ਸਨ। ਹਕੂਮਤ ਤੋਂ ਲੋਕੀਂ ਬੜੇ ਤੰਗ ਸਨ। ਉਹਨਾਂ ਨੇ ਬੰਦੇ ਬਹਾਦਰ ਨੂੰ ਆਪਣੇ ਲਈ ਇਲਾਹੀ ਮਦਦ ਸਮਝਿਆ, ਤੇ ਆਪਣਾ ਸਭ ਕੁਝ ਉਸਦੀ ਭੇਟ ਕਰ ਦਿਤਾ। ਉਸਦੇ ਸਾਥੀ ਗ਼ਰੀਬ ਮਜ਼ਲੂਮ ਤੇ ਹਕੂਮਤ ਵਲੋਂ ਸਤਾਏ ਹੋਏ ਕ੍ਰਿਸਾਨ ਤੇ ਜ਼ਾਲਮਾਂ ਤੋਂ ਤੰਗ ਆਏ ਹੋਏ ਦੁਖੀ ਲੋਕ ਸਨ। ਦਰਮਿਆਨੇ ਦਰਜੇ ਦੇ ਲੋਕ ਇਸ ਬਾਗ਼ੀ ਟੋਲੇ ਨਾਲ ਦਿਲੋਂ ਹਮਦਰਦੀ ਕਰਦੇ, ਲੁਕ-ਛਿਪ ਕੇ ਮਦਦ ਕਰਦੇ, ਸਿੱਕਾ ਬਰੂਦ ਤੇ ਆਦਮੀ ਘਲਦੇ, ਪਰ ਖੁਲ੍ਹੇ ਤੌਰ ਤੇ ਹਕੂਮਤ ਦੇ ਡਰ ਕਾਰਨ ਉਹ ਸਾਹਮਣੇ ਨਾ ਆਉਂਦੇ।

ਲੋਕੀ ਹਾਕਮਾਂ ਤੋਂ ਕਿਉਂ ਤੰਗ ਸਨ ? ਨਿਰੇ ਮਜ਼੍ਹਬੀ ਵਿਤਕਰੇ ਕਾਰਨ ਹੀ ਨਹੀਂ, ਸਗੋਂ ਜ਼ਾਲਮ ਹਾਕਮ ਆਪਣੇ ਤੋਂ ਕਮਜ਼ੋਰ ਹਰ ਹਿੰਦੂ ਮੁਸਲਮਾਨ ਪੁਰ ਹੱਥ ਸਾਫ਼ ਕਰਦੇ ਸਨ। ਇਥੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੀਕ ਹੀ ਬਸ ਨਹੀਂ, ਉਹ ਹਰ ਸੁੰਦਰ ਕੁੜੀ ਪੁਰ ਆਪਣਾ ਹੱਕ ਸਮਝਦੇ, ਤੇ ਇਸਤ੍ਰੀਆਂ ਦੀ ਜ਼ਬਰਦਸਤੀ ਅਸਮਤ ਭੰਗ ਕਰਦੇ ਰਹਿੰਦੇ ਸਨ। ਇਸ ਜ਼ੁਲਮ, ਬੇਹਯਾਈ ਤੇ ਗੁਨਾਹ ਦਾ ਨਮੂਨਾ, ਅੱਜ ਤੋਂ ਚਾਲ੍ਹੀ ਸਾਲ ਪਹਿਲਾਂ ਦੀਆਂ ਭਾਰਤੀ ਰਿਆਸਤਾਂ ਵਿਚ ਵੀ ਵੇਖਿਆ ਜਾ ਸਕਦਾ ਸੀ। ਬਾਦਸ਼ਾਹ, ਰਾਜੇ, ਨਵਾਬ, ਜ਼ਿਮੀਂਦਾਰ ਤੇ ਜਾਗੀਰਦਾਰ ਲਾਲਚ ਦੇ ਕੇ ਜਾਂ ਜ਼ਬਰਦਸਤੀ ਆਪਣੀ ਮਨ-ਮਰਜ਼ੀ ਦੀਆਂ ਕੁੜੀਆਂ ਲੋਕਾਂ ਪਾਸੋਂ ਖੋਹ ਲੈਂਦੇ, ਤੇ ਕੁਝ ਚਿਰ ਆਪਣੀ ਹੱਵਸ ਪੂਰੀ ਕਰਨ ਪਿੱਛੋਂ ਉਹਨਾਂ ਬੇਗੁਨਾਹਾਂ ਨੂੰ ਜ਼ਿੰਦਾ ਦਰ-ਗੋਰ ਕਰ ਦੇਂਦੇ ਸਨ। ਸੋ ਇਹੋ ਜੇਹੀਆਂ ਕਰਤੂਤਾਂ ਕਾਰਨ ਹਾਕਮਾਂ ਤੋਂ ਲੋਕੀ ਬੜੇ ਸਤੇ ਹੋਏ ਸਨ। ਬੰਦਾ, ਚੂੰਕਿ ਲੋਕਾਂ ਦੇ ਹੱਕਾਂ ਲਈ ਲੜ ਰਿਹਾ ਸੀ, ਉਸਦਾ ਜ਼ਾਤੀ ਮਕਸਦ ਕੋਈ ਨਹੀਂ ਸੀ, ਇਸ ਲਈ ਹੇਠਲੇ ਦਰਜੇ ਦੇ ਮਜ਼ਲੂਮ ਲੋਕੀ ਉਸਦੀ ਮੁਹਿੰਮ ਵਿਚ ਸ਼ਾਮਲ ਹੋ ਗਏ। ਇਹ ਨਿਰੇ ਸਿੱਖ ਹੀ ਨਹੀਂ ਸਨ, ਸਗੋਂ ਇਹਨਾਂ ਵਿਚ ਹਿੰਦੂ ਤੇ ਮੁਸਲਮਾਨ ਵੀ ਭਾਰੀ ਗਿਣਤੀ ਵਿਚ ਸ਼ਾਮਲ ਸਨ। ਕੁਝ ਤਾਂ ਇਹਨਾਂ ਲੋਕਾਂ ਵਿਚੋਂ ਸਾਂਝੀ ਮੁਸੀਬਤ ਨੂੰ ਹਮੇਸ਼ਾਂ ਲਈ ਖ਼ਤਮ ਕਰਨ ਦੇ ਇਰਾਦੇ ਨਾਲ, ਤੇ ਕੁਝ ਲੁਟਮਾਰ ਦੇ ਖਿਆਲ ਨਾਲ ਸ਼ਾਮਲ ਹੋ ਗਏ ਸਨ। ਦੋਹਾਂ ਕਿਸਮਾਂ ਦੇ ਲੋਕੀ ਹਕੂਮਤ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੇ ਸਨ, ਭਾਵੇਂ ਮਕਸਦ ਦੋਹਾਂ ਦੇ ਵੱਖੋ ਵੱਖ ਸਨ।

ਬੰਦਾ, ਲੜਾਈ ਦੇ ਨਵੀਨ ਢੰਗਾਂ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਲੜਾਈ ਤੋਂ ਪਹਿਲਾਂ ਉਹ ਦੁਸ਼ਮਣ ਦੀ ਤਾਕਤ ਤੇ ਉਸਦੇ ਮੋਰਚਿਆਂ ਦੀ ਮਜ਼ਬੂਤੀ ਨੂੰ ਚੰਗੀ ਤਰ੍ਹਾਂ ਤੋਲਦਾ। ਆਪਣੇ ਪਾਸੇ ਦੇ ਲੁਟੇਰੇ ਤੇ ਧਾੜਵੀ ਲੋਕਾਂ ਦੀ ਗਿਣਤੀ ਪੁਰ ਉਸ ਕਦੀ ਭਰੋਸਾ ਨਹੀਂ ਸੀ ਕੀਤਾ। ਆਪਣੀ ਤਾਕਤ ਉਹ ਸਿਰਫ਼ ਉਨ੍ਹਾਂ ਬਹਾਦਰ ਸਿੱਖਾਂ ਦੀ ਸਮਝਦਾ ਸੀ, ਜਿਹੜੇ ਜ਼ਾਲਮ ਨੂੰ ਖ਼ਤਮ ਕਰਨਾ ਤੇ ਆਪ ਸ਼ਹੀਦ ਹੋਣਾ ਜਾਣਦੇ ਸਨ।

ਉਸਨੇ ਕੋਈ ਲੜਾਈ ਵੀ ਦੁਸ਼ਮਣ ਤੋਂ ਬਹੁਤੀ ਫੌਜ ਹੋਣ ਕਰਕੇ ਨਹੀਂ ਸੀ ਜਿੱਤੀ, ਸਗੋਂ ਉਸਦੀ ਜਿੱਤ ਦਾ ਅਸਲ ਸਬਬ ਉਸਦੀ ਤੂਫ਼ਾਨ ਵਰਗੀ ਤੇਜ਼ੀ ਤੇ ਫ਼ਜ਼ੂਲ ਸੋਚਾਂ ਵਿਚ ਵਕਤ ਨਾ ਗੁਵਾਣਾ ਹੁੰਦਾ ਸੀ। ਜਦੋਂ ਤੇ ਜਿਥੇ ਵੀ ਉਹ ਆਪਣੀ ਫੌਜ ਦੀ ਕੋਈ ਬਾਹੀ ਕਮਜ਼ੋਰ ਵੇਖਦਾ, ਉਥੇ ਫ਼ੌਰਨ ਗੋਲੀ ਵਾਂਗ ਪੁਜਦਾ ਤੇ ਬਾਜ਼ ਵਾਂਗ ਝਪਟ ਕੇ ਦੁਸ਼ਮਣ ਪੁਰ ਟੁਟ ਪੈਂਦਾ ਅਤੇ ਛਿਨਾਂ ਪਲਾਂ ਵਿਚ ਹਵਾ ਹੋ ਜਾਂਦਾ। ਉਹ ਕਦੀ ਲੜਾਈ ਵਿਚ ਘਬਰਾਂਦਾ ਨਹੀਂ ਸੀ। ਉਸਨੂੰ ਸਦਾ ਆਪਣੇ ਆਪ ਤੇ ਆਪਣੇ ਬਹਾਦਰ ਸਾਥੀਆਂ ਪੁਰ ਮਾਣ ਰਿਹਾ ਸੀ। ਉਸਦੀ ਇਸ ਤੇਜ਼ੀ ਤੇ ਜਿੱਤਾਂ ਕਾਰਨ ਹੀ ਲੋਕ ਉਸਨੂੰ ਜਾਦੂਗਰ ਸਮਝਦੇ ਸਨ।

ਜਿਨ੍ਹਾਂ ਮੁਹਿੰਮਾਂ ਵਿਚ ਉਹ ਆਪ ਸ਼ਾਮਲ ਨਾ ਹੁੰਦਾ, ਉਥੇ ਵੀ ਜਦੋਂ ਸਿੱਖ ਫੌਜਾਂ ਦੁਸ਼ਮਣ ਪੁਰ ਟੁਟਦੀਆਂ, ਤਾਂ 'ਬੰਦਾ ਆ ਗਿਆ' ਦਾ ਇਕ ਨਾਹਰਾ ਹੀ ਦੁਸ਼ਮਣ ਨੂੰ ਭਾਜੜ ਪਾ ਦੇਣ ਲਈ ਕਾਫ਼ੀ ਹੁੰਦਾ ਸੀ।

ਉਹ ਗੁਰੀਲਾ ਲੜਾਈ ਦੇ ਢੰਗ ਤੋਂ ਚੰਗੀ ਤਰ੍ਹਾਂ ਵਾਕਫ਼ ਸੀ। ਜਦ ਦੁਸ਼ਮਣ ਦੀ ਤਾਕਤ ਬਹੁਤ ਜ਼ਿਆਦਾ ਹੁੰਦੀ, ਤਾਂ ਉਹ ਇਕ ਦਮ ਫੌਜ ਲੈ ਕੇ ਪਿੱਛੇ ਹਟ ਆਉਂਦਾ। ਦੁਸ਼ਮਣ ਉਸਦੇ ਪਿੱਛੇ ਹਟਣ ਨੂੰ ਉਸਦੀ ਹਾਰ ਸਮਝ ਕੇ ਉਸਦਾ ਪਿੱਛਾ ਕਰਦਾ। ਬੰਦਾ, ਵਾਹੋਦਾਹੀ ਨਠੀ ਜਾਂਦਾ ਤੇ ਜਦ ਵੈਰੀ ਦਾ ਪਿੱਛੇ ਆ ਰਿਹਾ ਦਸਤਾ ਬਾਕੀ ਫੌਜ ਨਾਲੋਂ ਵੱਖ ਹੋ ਜਾਂਦਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਬੰਦਾ ਆਪਣੀ ਨਠ ਰਹੀ ਫੌਜ ਦਾ ਰੁਖ਼ ਪਰਤਾ ਕੇ ਵੈਰੀ ਪੁਰ ਇਸ ਤਰ੍ਹਾਂ ਝਪਟਾ ਮਾਰਦਾ, ਕਿ ਵੈਰੀ ਦੀਆਂ ਸਤੇ ਸੁਧਾਂ ਭੁਲ ਜਾਂਦੀਆਂ। ਜਾਂ ਤਾਂ ਦੁਸ਼ਮਣ ਦੇ ਉਹ ਸਭ ਸਿਪਾਹੀ ਮਾਰੇ ਜਾਂਦੇ, ਤੇ ਜਾਂ ਆਪਣਾ ਸਭ ਕੁਝ ਛੱਡ ਛਡਾ, ਐਸੇ ਨਠਦੇ ਕਿ ਮੁੜ ਕਦੀ ਬੰਦੇ ਦੀ ਫੌਜ ਦੇ ਨਠਣ ਸਮੇਂ, ਉਸਦਾ ਪਿੱਛਾ ਨਾ ਕਰਦੇ।

ਬੰਦੇ ਦੀਆਂ ਚਲਾਈਆਂ ਇਨ੍ਹਾਂ ਹੀ ਲੀਹਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਤਕ ਸਿੱਖ ਫੌਜਾਂ ਅਮਲ ਕਰਦੀਆਂ ਰਹੀਆਂ।

ਮੁਗ਼ਲਾਂ ਤੋਂ ਪਹਿਲਾਂ ਕੋਈ ਵੀ ਭਾਰਤੀ ਹਕੂਮਤ ਵਧੀਆ ਢੰਗ ਨਾਲ ਭਾਰਤ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਨੂੰ ਸੰਯੁਕਤ ਨਹੀਂ ਸੀ ਕਰ ਸਕੀ। ਤੇ ਜਿਸ ਮੁਗ਼ਲ ਰਾਜ ਦੀ ਇਮਾਰਤ ਦੀ ਉਸਾਰੀ ਬਾਬਰ, ਹਮਾਯੂੰ, ਅਕਬਰ ਤੇ ਜਹਾਂਗੀਰ ਆਦਿ ਬਾਦਸ਼ਾਹਾਂ ਨੇ ਆਪਣਾ ਲਹੂ ਡੋਹਲ ਕੇ ਕੀਤੀ ਸੀ, ਆਪਣੀ ਗ਼ਲਤ ਪਾਲਿਸੀ ਨਾਲ ਉਸੇ ਸ਼ਾਨਦਾਰ ਇਮਾਰਤ ਦੀਆਂ ਜੜ੍ਹਾਂ ਔਰੰਗਜ਼ੇਬ ਤੇ ਉਸ ਤੋਂ ਪਿੱਛੋਂ ਦੇ ਬਾਦਸ਼ਾਹਾਂ ਨੇ ਬਿਲਕੁਲ ਖੋਖਲੀਆਂ ਕਰ ਦਿਤੀਆਂ। ਤਖ਼ਤ ਸਾਂਭਣ ਸਮੇਂ ਆਪਣੇ ਭਰਾਵਾਂ ਤੇ ਉਨ੍ਹਾਂ ਦੇ ਹਮਦਰਦਾਂ ਨੂੰ ਕਤਲ ਕਰਨਾ ਤਾਂ ਮੁਗ਼ਲ ਬਾਦਸ਼ਾਹਾਂ ਨੂੰ ਵਿਰਸੇ ਵਿਚੋਂ ਮਿਲੀ ਗੁੜ੍ਹਤੀ ਸੀ, ਪਰ ਮਜ਼੍ਹਬ ਦੇ ਨਾਂ ਤੇ ਮਨੁੱਖਾਂ ਦੇ ਖ਼ੂਨ ਨਾਲ ਹੱਥ ਰੰਗਣ ਦਾ ਸਵਾਬ ਬਹੁਤਾ ਔਰੰਗਜ਼ੇਬ ਨੇ ਹੀ ਖੱਟਿਆ। ਇਸਦੇ ਰਾਜ ਸਮੇਂ ਸਿੱਖਾਂ ਤੇ ਹਿੰਦੂਆਂ ਪੁਰ ਜੋ ਜੋ ਜ਼ੁਲਮ ਢਾਹੇ ਗਏ, ਉਹ ਕਥਨ ਕਰਦਿਆਂ ਕਲਮ ਕੰਬਦੀ ਹੈ, ਪਰ ਇਸ ਜ਼ੁਲਮ ਦਾ ਨਤੀਜਾ ਇਹ ਨਿਕਲਿਆ, ਕਿ ਸਾਰੇ ਹਿੰਦੁਸਤਾਨ ਵਿਚ ਇਕ ਕਿਸਮ ਦੀ ਬਗ਼ਾਵਤ ਫੈਲ ਗਈ। ਪੰਜਾਬ ਵਿਚ ਦਸਵੇਂ ਗੁਰੂ ਜੀ ਨੇ ਖੇਰੂੰ ਖੇਰੂੰ ਹੋਈ ਹਿੰਦੂ ਜਾਤੀ 'ਚੋਂ ਚੋਣਵੇਂ ਸੂਰਮੇ ਕਢੇ, ਤੇ ਉਨ੍ਹਾਂ ਨੂੰ ਜਥੇਬੰਦ ਕਰਕੇ ਕਈ ਦਰਜਨ ਵਾਰ ਮੁਗ਼ਲਾਂ ਨਾਲ ਟੱਕਰ ਲਈ। ਇਨ੍ਹਾਂ ਲੜਾਈਆਂ ਵਿਚ ਉਨ੍ਹਾਂ ਦੇ ਹਜ਼ਾਰਾਂ ਬਹਾਦਰ ਸਿੱਖ, ਚਾਰ ਬੱਚੇ ਤੇ ਅਨੇਕਾਂ ਹਿੰਦੂ ਮੁਸਲਮਾਨ ਸਹਾਇਕ ਸ਼ਹੀਦ ਹੋਏ। ਨਤੀਜੇ ਵਜੋਂ ਪੰਜਾਬ ਦਾ ਬੱਚਾ ਬੱਚਾ ਆਪਣੇ ਨਾਲ ਹੋਏ ਜ਼ੁਲਮ ਦਾ ਬਦਲਾ ਲੈਣ ਲਈ ਤਿਆਰ ਹੋ ਪਿਆ। ਮੁਗ਼ਲ ਫੌਜ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਣ ਦਾ ਕਿੰਨੀ ਵਾਰ ਯਤਨ ਕੀਤਾ, ਪਰ ਉਹ "ਜਬੈ ਬਾਣ ਲਾਗੈ, ਤਬੈ ਰੋਸ ਜਾਗੈ" ਦੇ ਗੁਰਵਾਕ ਅਨੁਸਾਰ ਹਰ ਵਾਰ ਅੱਗੇ ਤੋਂ ਵਧ ਜੋਸ਼ ਖ਼ਰੋਸ਼ ਨਾਲ ਮੌਤ ਨੂੰ ਜੱਫੀਆਂ ਪਾਣ ਲਈ ਤਿਆਰ ਹੋ ਜਾਂਦੇ ਸਨ। ਇਧਰ ਪੰਜਾਬ ਵਿਚ ਇਹ ਹਾਲ ਸੀ, ਤੇ ਦੂਜੇ ਪਾਸੇ ਬਾਕੀ ਸਾਰੇ ਮੁਲਕ ਵਿਚ ਰਾਜਪੂਤਾਂ ਤੇ ਮਰਹੱਟਿਆਂ ਨੇ ਹਕੂਮਤ ਨੂੰ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਰਖਿਆ ਸੀ।

ਔਰੰਗਜ਼ੇਬ ਇਕ ਮੁਹਿੰਮ ਨੂੰ ਸਰ ਕਰਨ ਜਾਂਦਾ, ਤਾਂ ਦੂਜੇ ਪਾਸੇ ਕੋਈ ਹੋਰ ਜਥੇਬੰਦੀ ਸਿਰ ਚੁਕ ਲੈਂਦੀ ਤੇ ਇਨ੍ਹਾਂ ਹੀ ਉਲਝਣਾਂ ਕਾਰਨ ਔਰੰਗਜ਼ੇਬ ਲਈ ਸੁਖ ਦੀ ਨੀਂਦ ਸੌਣਾ ਹਰਾਮ ਹੋ ਗਿਆ ਸੀ। ਉਸਦੀ ਸਿਹਤ ਡਿਗਣੀ ਸ਼ੁਰੂ ਹੋ ਗਈ। ਇਨ੍ਹੀਂ ਦਿਨੀਂ ਹੀ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਉਸਦੀ ਹਕੂਮਤ ਵਲੋਂ ਕੀਤੇ ਗਏ ਸਲੂਕ ਬਾਰੇ ਇਕ ਤਾੜਨਾ ਭਰੀ ਚਿੱਠੀ ਲਿਖੀ, ਜਿਸਨੂੰ ਇਤਿਹਾਸ ਵਿਚ "ਜ਼ਫ਼ਰਨਾਮਾ" ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸੇ ਚਿੱਠੀ ਨੇ ਔਰੰਗਜ਼ੇਬ ਵਰਗੇ ਮੁਤੱਸਬ ਤੇ ਜਾਬਰ ਦਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਦਸ਼ਾਹ ਨੂੰ ਵੀ ਇਕ ਵਾਰ ਹਲੂਣ ਕੇ ਰਖ ਦਿਤਾ। ਉਸ ਨੇ ਜ਼ਫ਼ਰਨਾਮੇ ਦੇ ਜਵਾਬ ਵਿਚ ਗੁਰੂ ਜੀ ਨੂੰ ਦੱਖਣ ਵਿਚ ਹੀ ਆਪਣੇ ਪਾਸ ਸੱਦ ਘਲਿਆ, ਤਾਂ ਜੋ ਸਮਝੌਤੇ ਦੀ ਗੱਲਬਾਤ ਕੀਤੀ ਜਾ ਸਕੇ। ਗੁਰੂ ਜੀ, ਔਰੰਗਜ਼ੇਬ ਵਰਗੇ ਬੇ-ਇਤਬਾਰੇ ਬਾਦਸ਼ਾਹ ਪੁਰ ਯਕੀਨ ਨਾ ਹੋਣ ਦੇ ਬਾਵਜੂਦ ਦੱਖਣ ਰਵਾਨਾ ਹੋ ਗਏ, ਪਰ ਕਿਉਂ ? ਇਤਿਹਾਸ ਇਸ ਬਾਰੇ ਖ਼ਾਮੋਸ਼ ਹੈ। ਐਸਾ ਜਾਪਦਾ ਹੈ, ਕਿ ਉਨ੍ਹਾਂ ਦੇ ਸਾਹਮਣੇ ਦੋ ਮਕਸਦ ਸਨ। ਇਕ ਤਾਂ ਔਰੰਗਜ਼ੇਬ ਦੇ ਸਾਹਮਣੇ ਮੁਲਕ ਦੀ ਹਕੀਕੀ ਤਸਵੀਰ ਰਖ ਕੇ ਉਸਨੂੰ ਸਿਧੇ ਰਾਹ ਪਾਉਣਾ ਤੇ ਦੂਜੇ ਜੇਕਰ ਉਹ ਆਪਣੇ ਹੱਠ ਤੋਂ ਬਾਜ਼ ਨਾ ਆਵੇ, ਤਾਂ ਹਿੰਦੁਸਤਾਨ ਭਰ ਦੀਆਂ ਸਾਰੀਆਂ ਮਜ਼ਲੂਮ ਜੰਗਜੂ ਜਥੇਬੰਦੀਆਂ ਨੂੰ ਇਕੱਠਿਆਂ ਕਰਕੇ ਮੌਜੂਦਾ ਹਕੂਮਤ ਦਾ ਤਖ਼ਤਾ ਉਲਟਾ ਕੇ ਨਵੇਂ ਭਾਰਤ ਦੀ ਨੀਂਹ ਰਖਣੀ, ਪਰ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ। ਔਰੰਗਜ਼ੇਬ ਗੁਰੂ ਜੀ ਦੇ ਦੱਖਣ ਪਹੁੰਚਣ ਤੋਂ ਪਹਿਲਾਂ ਹੀ ਮਰ ਗਿਆ ਤੇ ਉਸ ਪਿੱਛੋਂ ਥੋੜ੍ਹੇ ਸਮੇਂ ਬਾਅਦ ਹੀ ਗੁਰੂ ਗੋਬਿੰਦ ਸਿੰਘ ਜੀ, ਜ਼ਾਲਮਾਂ ਨੂੰ ਸੋਧਣ ਹਿੱਤ, ਬੰਦਾ ਬਹਾਦਰ ਨੂੰ ਪੰਜਾਬ ਭੇਜਣ ਉਪਰੰਤ ਇਸ ਦੁਨੀਆਂ ਤੋਂ ਕੂਚ ਕਰ ਗਏ। ਜੇ ਮਰਹੱਟਿਆਂ, ਰਾਜਪੂਤਾਂ, ਰੋਹੇਲਿਆਂ, ਜਾਟਾਂ ਅਰ ਸਿੱਖਾਂ ਵਿਚਕਾਰ ਇਹ ਸਮਝੌਤਾ ਹੋ ਜਾਂਦਾ, ਤਾਂ ਇਨ੍ਹਾਂ ਸਾਰਿਆਂ ਨੂੰ ਉਹ ਦਿਨ ਨਾ ਵੇਖਣੇ ਪੈਂਦੇ, ਜਿਨ੍ਹਾਂ ਨਾਲ ਤਾਰੀਖ਼ ਦੇ ਵਰਕੇ ਖ਼ੂਨ ਨਾਲ ਰੰਗੇ ਹੋਏ ਹਨ।

ਮੁਗ਼ਲ ਰਾਜਧਾਨੀ ਤੋਂ ਬਚਦਾ ਬਚਾਂਦਾ ਬੰਦਾ ਬਹਾਦਰ ਪੰਜਾਬ ਆਣ ਪਹੁੰਚਿਆ। ਪੰਜਾਬ ਪਹੁੰਚ ਕੇ ਉਸਨੇ ਗੁਰੂ ਜੀ ਦੇ ਸਾਰੇ ਪੁਰਾਣੇ ਸੇਵਕਾਂ ਨੂੰ ਚਿੱਠੀਆਂ ਲਿਖੀਆਂ। ਸਿੱਖਾਂ ਦੀ ਜਿਹੜੀ ਤਾਕਤ ਗੁਰੂ ਜੀ ਦੇ ਦੱਖਣ ਜਾਣ ਪਿੱਛੋਂ ਖੇਰੂੰ ਖੇਰੂੰ ਹੋ ਗਈ ਸੀ, ਉਹ ਸਾਰੀ ਇਕ ਦਮ ਬੰਦੇ ਦੇ ਝੰਡੇ ਹੇਠਾਂ 'ਕੱਠੀ ਹੋਣੀ ਸ਼ੁਰੂ ਹੋ ਗਈ। ਬੰਦੇ ਨੇ ਉਨ੍ਹਾਂ ਨੂੰ ਆਪਣੇ ਧਰਮ ਪਿਤਾ ਦੇ ਬੱਚਿਆਂ ਨਾਲ ਹੋਏ ਜ਼ੁਲਮਾਂ ਦੀ ਯਾਦ ਦਿਲਾਈ। ਸਿੱਖਾਂ ਨੇ ਇਨ੍ਹਾਂ ਬਾਲ ਸ਼ਹੀਦਾਂ ਦਾ ਬਦਲਾ ਲੈਣ ਦੀ ਕਸਮ ਖਾ ਲਈ। ਚਿਰ ਤੋਂ ਸਿੱਖ ਫ਼ੌਜ ਸਰਹੰਦ ਪੁਰ ਕਚੀਚੀਆਂ ਵਟ ਰਹੀ ਸੀ, ਪਰ ਬੰਦਾ ਬੜਾ ਹੁਸ਼ਿਆਰ ਤੇ ਵਕਤ ਦੀ ਨਬਜ਼ ਪਛਾਣਨ ਵਾਲਾ ਸੀ। ਉਸ ਨੇ ਸਰਹੰਦ ਪੁਰ ਉਸ ਵੇਲੇ ਹਮਲਾ ਕਰਨਾ ਯੋਗ ਨਾ ਸਮਝਿਆ। ਇਸਦੇ ਦੋ ਸਬਬ ਸਨ—ਇਕ ਤਾਂ ਇਹ, ਕਿ ਸਰਹੰਦ ਇਸ ਸਾਰੇ ਇਲਾਕੇ ਵਿਚ ਮੁਗ਼ਲਾਂ ਦੀ ਮੰਨੀ-ਪਰਮੰਨੀ ਤਾਕਤ ਸੀ ਤੇ ਉਸਨੂੰ ਚੁਪਾਸਿਉਂ ਮਦਦ ਵੀ ਬਥੇਰੀ ਮਿਲ ਸਕਦੀ ਸੀ। ਇਸ ਲਈ ਦੂਰ-ਅੰਦੇਸ਼ ਬੰਦੇ ਨੇ ਇਹ ਸੋਚਿਆ ਕਿ ਸਰਹੰਦ ਦੇ ਇਰਦ-ਗਿਰਦ ਦੇ ਕਮਜ਼ੋਰ ਇਲਾਕੇ ਨੂੰ ਪਹਿਲਾਂ ਹਥਿਆ ਲਿਆ ਜਾਵੇ, ਤਾਂ ਜੋ ਉਧਰੋਂ ਕਿਸੇ ਕਿਸਮ ਦੀ ਮਦਦ ਸਰਹੰਦ ਨਾ ਪਹੁੰਚ ਸਕੇ। ਦੂਜੇ ਉਸਨੂੰ ਪਤਾ ਲੱਗਾ ਕਿ ਕੀਰਤਪੁਰ ਵਿਚ ਪਸ਼ੌਰਾ ਸਿੰਘ ਅਰੌੜੇ ਦਾ ਜੱਥਾ ਉਸ ਨਾਲ ਮਿਲਣ ਲਈ ਉਡੀਕ ਰਿਹਾ ਹੈ, ਪਰ ਚੁਪਾਸਿਓਂ ਰਾਹ ਰੁਕੇ ਹੋਣ ਕਰਕੇ ਉਹ ਅੱਗੇ ਨਹੀਂ ਸੀ ਵਧ ਸਕਦਾ। ਬੰਦਾ, ਕੀਰਤਪੁਰ ਦੇ ਨੇੜੇ ਪਹੁੰਚ ਕੇ ਉਸ ਜੱਥੇ ਨੂੰ ਨਾਲ ਮਿਲਾ ਕੇ ਆਪਣੀ ਤਾਕਤ ਹੋਰ ਮਜ਼ਬੂਤ ਕਰਨੀ ਚਾਹੁੰਦਾ ਸੀ। ਸੋ ਥਾਨੇਸਰ, ਸ਼ਾਹਬਾਦ, ਮੁਸਤਫ਼ਾਬਾਦ, ਕਪੂਰੀ ਤੇ ਸਢੌਰੇ ਆਦਿ ਨੂੰ ਸਰ ਕਰਕੇ ਹੀ ਉਹ ਅੱਗੇ ਵਧਣਾ ਚਾਹੁੰਦਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੋ-ਤਿੰਨ ਮਹੀਨਿਆਂ ਵਿਚ ਬੰਦੇ ਪਾਸ ਚਾਰ ਹਜ਼ਾਰ ਘੋੜ-ਸਵਾਰ ਤੇ ਸੱਤ-ਅੱਠ ਹਜ਼ਾਰ ਪੈਦਲ ਫੌਜ ਇਕੱਠੀ ਹੋ ਗਈ। ਇਸ ਪਿਛੋਂ ਇਹ ਗਿਣਤੀ ਵਧਦੀ ਵਧਦੀ ਚਾਲ੍ਹੀ ਹਜ਼ਾਰ ਤਕ ਜਾ ਪੁੱਜੀ। ਪ੍ਰਸਿਧ ਇਤਿਹਾਸਕਾਰ ਗੋਕਲ ਚੰਦ ਨਾਰੰਗ ਦੇ ਵਿਚਾਰ ਅਨੁਸਾਰ, ''ਇਸ ਵੇਲੇ ਬੰਦੇ ਦੀ ਕਮਾਨ ਹੇਠਾਂ ਇਕ ਤਕੜੀ ਫੌਜ ਦੇ ਤਿੰਨ ਹਿੱਸੇ ਹਨ। ਪਹਿਲਾ ਹਿੱਸਾ ਉਨ੍ਹਾਂ ਸੱਚੇ ਤੇ ਸੁੱਚੇ ਗੁਰੂ ਗੋਬਿੰਦ ਸਿੰਘ ਜੀ ਦੇ ਵਫ਼ਾਦਾਰ ਸਿੱਖ ਸਿਪਾਹੀਆਂ ਦਾ ਸੀ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਬੈਠ ਕੇ ਉਨ੍ਹਾਂ ਤੋਂ ਫੌਜੀ ਸਿਖਲਾਈ ਪ੍ਰਾਪਤ ਕੀਤੀ ਸੀ। ਉਨ੍ਹਾਂ ਦੇ ਸੀਨੇ ਵਿਚ ਹਾਲਾਂ ਤਕ ਉਹ ਅੱਗ ਸੁਲਗ ਰਹੀ ਸੀ, ਜਿਹੜੀ ਗੁਰੂ ਜੀ ਨੇ ਆਪ ਜਲਾਈ ਸੀ। ਉਹ ਕੁਰਬਾਨੀ ਦੀ ਸਪਿਰਟ ਨਾਲ ਭਰੇ ਬੰਦੇ ਦੀ ਫੌਜ ਵਿਚ ਸ਼ਾਮਲ ਹੋਏ ਸਨ। ਇਹ ਲੋਕ ਕਿਸੇ ਲਾਲਚ ਅਧੀਨ ਫੌਜ ਵਿਚ ਸ਼ਾਮਲ ਨਹੀਂ ਸਨ ਹੋਏ, ਸਗੋਂ ਆਪਣੀਆਂ ਜਾਇਦਾਦਾਂ ਤੇ ਮਾਲ ਡੰਗਰ ਵੇਚ ਕੇ ਹਥਿਆਰ ਤੇ ਸਿੱਕਾ-ਬਾਰੂਦ ਖ਼ਰੀਦ ਲਿਆਏ ਸਨ। ਇਸ ਕੌਮੀ ਲੜਾਈ ਨੂੰ ਜਿਤਣਾ ਜਾਂ ਸ਼ਹੀਦਾਂ ਦੀ ਮੌਤ ਮਰ ਜਾਣਾ ਹੀ ਇਨ੍ਹਾਂ ਦਾ ਮੁਖ ਮਨੋਰਥ ਸੀ।

''ਦੂਜਾ ਹਿੱਸਾ ਉਹ ਸੀ, ਜਿਸਨੂੰ ਰਾਮ ਸਿੰਘ ਅਤੇ ਤਰਲੋਕ ਸਿੰਘ ਵਰਗੇ ਫੂਲ ਖ਼ਾਨਦਾਨ ਦੇ ਨਵਾਬਾਂ ਨੇ ਭਰਤੀ ਕਰਾਇਆ ਸੀ। ਇਨ੍ਹਾਂ ਨੂੰ ਇਸ ਨਵੀਂ ਤਹਿਰੀਕ ਦੀ ਕਾਮਯਾਬੀ ਦੀ ਇੰਨੀ ਖ਼ਾਹਿਸ਼ ਨਹੀਂ ਸੀ, ਜਿੰਨੀ ਕਿ ਆਪਣੇ ਬਚਾਉ ਦੀ ਸੀ। ਉਹ ਆਪਣੀਆਂ ਵੱਡੀਆਂ ਵੱਡੀਆਂ ਜਗੀਰਾਂ ਛੱਡਣਾ ਤੇ ਮੁਗ਼ਲ ਦਰਬਾਰ ਨਾਲ ਆਪਣੇ ਸੰਬੰਧ ਵਿਗਾੜਨਾ ਨਹੀਂ ਸਨ ਚਾਹੁੰਦੇ। ਪਰ ਉਨ੍ਹਾਂ ਵਿਚ ਇੰਨੀ ਜੁਰਅੱਤ ਨਹੀਂ ਸੀ, ਕਿ ਉਹ ਖੁਲ੍ਹਮ-ਖੁਲ੍ਹਾ ਬੰਦੇ ਦੀ ਫੌਜ ਨਾਲ ਜਾ ਮਿਲਦੇ। ਹਾਂ, ਅੰਦਰ ਖ਼ਾਨੇ ਉਹ ਹਥਿਆਰਾਂ ਤੇ ਸਿਪਾਹੀਆਂ ਦੀ ਮਦਦ ਦੇਂਦੇ ਸਨ, ਪਰ ਆਪ ਸਾਹਮਣੇ ਨਹੀਂ ਸਨ ਆਉਂਦੇ।

''ਤੀਜਾ ਹਿੱਸਾ ਉਨ੍ਹਾਂ ਲੁਟੇਰਿਆਂ ਦਾ ਸੀ, ਜਿਹੜੇ ਹਰ ਇਹੋ ਜਿਹੀ ਲੜਾਈ ਵਿਚ ਲੁਟਮਾਰ ਦੇ ਖ਼ਿਆਲ ਨਾਲ ਸ਼ਾਮਲ ਹੋ ਜਾਂਦੇ ਹਨ। ਇਨ੍ਹਾਂ ਵਿਚ ਵਧੇਰੇ ਗਿਣਤੀ ਗ਼ੈਰ-ਸਿੱਖਾਂ ਦੀ ਸੀ। ਜਦੋਂ ਸਰਹੰਦ ਦੀ ਲੜਾਈ ਵਿਚ ਦੁਸ਼ਮਣ ਦੀਆਂ ਤੋਪਾਂ ਨੇ ਪਹਿਲਾ ਗੋਲਾ ਛੱਡਿਆ ਤਾਂ ਇਹ ਸਾਰੇ ਮੈਦਾਨ ਛੱਡ ਕੇ ਨੱਠ ਤੁਰੇ।''

ਦਸਮ ਪਾਤਸ਼ਾਹ ਤੋਂ ਅਸੀਸਾਂ ਲੈ ਬੰਦਾ ਬਹਾਦਰ ਸਤੰਬਰ-ਅਕਤੂਬਰ 1/08 ਈ: ਨੂੰ ਪੰਜਾਬ ਵਲ ਰਵਾਨਾ ਹੋਇਆ। ਪੰਜਾਬ ਪੁਜਣ ਵਿਚ ਉਸਨੂੰ ਲਗਪਗ ਇਕ ਸਾਲ ਲੱਗ ਗਿਆ। ਉਹ ਸਿਧੇ ਰਸਤੇ ਪੰਜਾਬ ਪਹੁੰਚਣਾ ਨਹੀਂ ਸੀ ਚਾਹੁੰਦਾ। ਉਸਨੇ ਲੰਮਾ ਰਸਤਾ ਝਾਗ ਕੇ ਮਹਾਰਾਸ਼ਟਰ ਤੇ ਰਾਜਸਥਾਨ ਰਾਹੀਂ ਪੰਜਾਬ ਆਉਣ ਦਾ ਪ੍ਰੋਗਰਾਮ ਬਣਾਇਆ, ਕਿਉਂਕਿ ਸਿਧੇ ਰਾਹ ਆਉਣ ਨਾਲ ਰਾਹ ਵਿਚ ਇਸ ਜਥੇ ਨੇ ਅਵੱਸ਼ ਮੁਗ਼ਲ ਹਕੂਮਤ ਦੇ ਕਾਬੂ ਆ ਜਾਣਾ ਸੀ।

ਜਦੋਂ ਕਾਫ਼ੀ ਮੁਸ਼ਕਲਾਂ ਝਾਗ ਬੰਦਾ ਬਹਾਦਰ ਭਰਤਪੁਰ ਪੁਜਾ, ਤਾਂ ਉਸਦੇ ਜਥੇ ਪਾਸ ਰਾਸ਼ਨ ਪਾਣੀ ਸਭ ਕੁਝ ਖ਼ਤਮ ਹੋ ਚੁਕਾ ਸੀ। ਸਿੱਖ, ਇਸ ਨਾਜ਼ਕ ਸਮੇਂ ਕੋਈ ਗ਼ੈਰ-ਕਾਨੂੰਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਰਵਾਈ ਕਰਕੇ ਮਾਇਆ ਇਕੱਤਰ ਕਰਨੀ ਨਹੀਂ ਸਨ ਚਾਹੁੰਦੇ, ਫਿਰ ਰਾਸ਼ਨ ਪਾਣੀ ਦਾ ਪ੍ਰਬੰਧ ਕਿਵੇਂ ਹੋਵੇ ? ਅੰਤ ਸਭ ਨੇ ਰਲ ਕੇ ਦਸਮ ਪਾਤਸ਼ਾਹ ਅੱਗੇ ਅਰਦਾਸ ਕੀਤੀ, "ਹੇ ਸੱਚੇ ਪਾਤਸ਼ਾਹ ! ਇਸ ਔਖੀ ਘੜੀ ਆਪ ਹੀ ਸਾਨੂੰ ਸਹਾਈ ਹੋ ਸਕਦੇ ਹੋ । ਸਾਡਾ ਪੈਂਡਾ ਬਿਖੜਾ ਤੇ ਲੰਮੇਰਾ ਹੈ, ਪਹੁੰਚਣਾ ਅਸੀਂ ਬਹੁਤ ਦੂਰ ਹੈ, ਪਰ ਪੈਸੇ ਦੀ ਕਮੀ ਕਾਰਨ ਅਗਲਾ ਕਦਮ ਪੁਟਣਾ ਵੀ ਸੰਭਵ ਨਹੀਂ...।" ਜੱਥਾ ਇਸ ਅਰਦਾਸ ਵਿਚ ਜੁੜਿਆ ਸੀ, ਕਿ ਇਕ ਵਪਾਰੀ ਲੁਬਾਣਾ ਸਿੰਘ ਉਥੋਂ ਦੀ ਲੰਘਿਆ । ਉਸਨੂੰ ਕਿਸੇ ਨੇ ਇਸ ਜਥੇ ਦੀ ਮਾਇਕ ਔਕੜ ਦਾ ਪਤਾ ਦਿਤਾ । ਉਹ ਫ਼ੌਰਨ ਬੰਦਾ ਸਿੰਘ ਪਾਸ ਪਹੁੰਚਿਆ, ਤੇ ਆਪਣੇ ਦਸਵੰਦ ਵਜੋਂ 500 ਮੋਹਰਾਂ ਜਥੇ ਦੇ ਭੇਟ ਕਰ ਦਿਤੀਆਂ । ਬਸ ਇਸ ਨਾਲ ਇਸ ਜਥੇ ਦੀਆਂ ਮਾਇਕ ਔਕੜਾਂ ਦੂਰ ਹੋ ਗਈਆਂ, ਤੇ ਉਹ ਆਪਣੀ ਮੰਜ਼ਲ ਵਲ ਤੁਰ ਪਏ ।[1] ਰਾਹ 'ਚੋਂ ਭਾਈ ਮਨੀ ਸਿੰਘ ਤੇ ਮਾਤਾ ਸਾਹਿਬ ਕੌਰ ਜਥੇ ਨਾਲੋਂ ਵੱਖ ਹੋ, ਦਿੱਲੀ ਵਲ ਚਲੇ ਗਏ ।[2]

ਬੰਦਾ ਬਹਾਦਰ ਦਾ ਫ਼ੌਜੀ ਜਥਾ ਜਦ ਪਿੰਡ ਭੰਗਰ (ਹਿਸਾਰ) ਬਿਸਰਾਮ ਕਰ ਰਿਹਾ ਸੀ, ਕਿ ਇਸ ਪਿੰਡ ਤੇ ਡਾਕੂ ਆਣ ਪਏ । ਡਰਦਿਆਂ ਮਾਰਿਆਂ ਸਾਰਾ ਪਿੰਡ ਖ਼ਾਲੀ ਹੋ ਗਿਆ । ਸਭ ਲੋਕ ਉਥੋਂ ਨਠ ਕੇ ਨੇੜੇ ਦੇ ਜੰਗਲ ਵਿਚ ਜਾ ਛਿਪੇ । ਭਜੇ ਜਾਂਦੇ ਪੇਂਡੂਆਂ ਨੂੰ ਜਥੇ ਵਾਲਿਆਂ ਨੇ ਰੋਕਣ ਦਾ ਬੜਾ ਯਤਨ ਕੀਤਾ, ਕਿ ਇਕੱਠੇ ਹੋ ਕੇ ਇਨ੍ਹਾਂ ਡਾਕੂਆਂ ਦਾ ਮੁਕਾਬਲਾ ਕਰਾਂਗੇ, ਪਰ ਪੇਂਡੂਆਂ ਨੇ ਉਨ੍ਹਾਂ ਦੀ ਇਕ ਨਾਂਹ ਸੁਣੀ, ਤੇ ਜੰਗਲ ਵਿਚ ਅਲੋਪ ਹੋ ਗਏ ।

ਅਖ਼ੀਰ ਗਿਣਤੀ ਦੇ ਕੁਝ ਸਿੱਖਾਂ ਨੇ ਡਾਕੂਆਂ ਦਾ ਮੁਕਾਬਲਾ ਕਰਨ ਦੀ ਠਾਣੀ । ਜਥੇ ਨੇ ਡਾਕੂਆਂ ਨੂੰ ਲਲਕਾਰਿਆ । ਉਹ ਡਾਕੂਆਂ ਤੇ ਟੁਟ ਕੇ ਪੈ ਗਏ । ਡਾਕੂ ਪੇਂਡੂਆਂ ਨੂੰ ਲੁਟਣ ਆਏ ਸਨ, ਉਲਟਾ ਉਹ ਆਪਣੇ ਪਾਸ ਜੋ ਕੁਝ ਵੀ ਸੀ, ਉਹ ਸਿੱਖਾਂ ਹਥੋਂ ਲੁਟਾ ਕੇ ਨਠ ਉਠੇ । ਉਨ੍ਹਾਂ ਦੇ ਹਥਿਆਰ ਵੀ ਸਿੱਖਾਂ ਹੱਥ ਆ ਗਏ, ਤੇ ਧਨ ਵੀ । ਇਸ ਤਰ੍ਹਾਂ ਇਸ ਜਥੇ ਨੇ ਕਈ ਪਿੰਡਾਂ ਨੂੰ ਲੁਟੇਰਿਆਂ ਹਥੋਂ ਬਚਾਇਆ, ਤੇ ਉਹ ਆਪਣੇ ਮਿਥੇ ਨਿਸ਼ਾਨੇ ਵਲ ਵਧਦੇ ਗਏ ।

---

1. ਗਿ: ਗਿਆਨ ਸਿੰਘ : ਸ਼ਮਸ਼ੇਰ ਖ਼ਾਲਸਾ
2. ਬੰਦਾ ਬਹਾਦਰ ਦੇ ਜਥੇ ਨਾਲ ਹੀ ਮਾਤਾ ਸਾਹਿਬ ਕੌਰ, ਤੇ ਭਾਈ ਮਨੀ ਸਿੰਘ ਵੀ ਦਿੱਲੀ ਵਲ ਰਵਾਨਾ ਹੋ ਗਏ ਸਨ । ਮਾਤਾ ਸਾਹਿਬ ਕੌਰ ਦੀ ਮ੍ਰਿਤੂ 30 ਦਸੰਬਰ ਸੰਨ 1734 ਈ: ਨੂੰ ਦਿੱਲੀ ਵਿਚ ਹੀ ਹੋਈ । ਮਾਤਾ ਸੁੰਦਰੀ ਜੀ ਦੀ ਸੰਨ 1747 ਈ: ਵਿਚ ਮ੍ਰਿਤੂ ਹੋਈ । ਗੁਰੂ ਜੀ ਦੇ ਦੋਵੇਂ ਮਹਿਲ, ਦਿੱਲੀ ਵਿਚ ਵਖੋ-ਵਖ ਠਿਕਾਣਿਆਂ ਤੇ ਰਹਿੰਦੇ ਸਨ, ਤੇ ਦਿੱਲੀ ਦੇ ਹਿੰਦੂ ਸ਼ਰਧਾਲੂ ਉਨ੍ਹਾਂ ਦੀ ਦੇਖਭਾਲ ਕਰਦੇ ਸਨ । ਮਾਤਾ ਸਾਹਿਬ ਕੌਰ ਕਈ ਵਾਰ ਮਥਰਾ ਜਾ ਟਿਕਦੇ ਸਨ, ਜਿਥੇ ਰਾਜਾ ਜੈਪੁਰ ਨੇ ਉਨ੍ਹਾਂ ਨੂੰ ਜਾਗੀਰ ਦਿਤੀ ਹੋਈ ਸੀ । ਭਾਈ ਮਨੀ ਸਿੰਘ ਹੋਰਾਂ ਪਾਸ ਜੋ ਦਸਮ ਪਾਤਸ਼ਾਹ ਦੇ ਬਖ਼ਸ਼ਸ਼ ਕੀਤੇ ਹਥਿਆਰ ਸਨ, ਉਹ ਹੁਣ ਵੀ ਗੁਰਦੁਆਰਾ ਰਕਾਬ ਗੰਜ ਵਿਚ ਸੁਰੱਖਿਅਤ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੇ ਦੀਆਂ ਜਿੱਤਾਂ

[1]

ਮੁਗ਼ਲ ਖ਼ਜ਼ਾਨੇ ਤੇ ਛਾਪਾ

ਕੈਥਲ ਨੇੜੇ ਇਕ ਫੌਜੀ ਦਸਤੇ ਦੀ ਹਿਫ਼ਾਜ਼ਤ ਹੇਠਾਂ ਵਡੀ ਮਾਤਰਾ ਵਿਚ ਲਗਾਨ ਆਦਿ ਰਾਹੀਂ ਇਕੱਠਾ ਕੀਤਾ ਸ਼ਾਹੀ ਖ਼ਜ਼ਾਨਾ ਦਿੱਲੀ ਲਿਜਾਇਆ ਜਾ ਰਿਹਾ ਸੀ। ਇਸਦੀ ਖ਼ਬਰ ਸੂਹੀਆਂ ਨੇ ਬੰਦੇ ਨੂੰ ਪੁਚਾ ਦਿਤੀ। ਇਕ ਤਕੜੇ ਦਸਤੇ ਨਾਲ ਬੰਦੇ ਨੇ ਮੁਗ਼ਲ ਖ਼ਜ਼ਾਨੇ ਦੇ ਰਖਵਾਲਿਆਂ ਤੇ ਜ਼ੋਰਦਾਰ ਹੱਲਾ ਬੋਲਿਆ। ਇਸ ਅਚਾਨਕ ਹਮਲੇ ਨਾਲ ਮੁਗ਼ਲ ਦਸਤੇ ਨੂੰ ਭਾਜੜਾਂ ਪੈ ਗਈਆਂ। ਆਪਣੇ ਬਹੁਤ ਸਾਰੇ ਸਿਪਾਹੀ ਮਰਵਾ ਕੇ ਸਾਰਾ ਖ਼ਜ਼ਾਨਾ ਤੇ ਭਾਰੀ ਗਿਣਤੀ ਵਿਚ ਘੋੜੇ ਛੱਡ ਕੇ ਬਚੇ ਖੁਚੇ ਸਿਪਾਹੀ ਹਰਨ ਹੋ ਗਏ। ਬੰਦੇ ਨੇ ਲੁਟ ਦੇ ਮਾਲ ਨੂੰ ਆਪਣੇ ਫ਼ੌਜੀਆਂ ਵਿਚ ਵੰਡਿਆ, ਤੇ ਹਥਿਆਰਾਂ ਤੇ ਘੋੜਿਆਂ ਨਾਲ ਆਪਣੀ ਸ਼ਕਤੀ ਨੂੰ ਹੋਰ ਮਜ਼ਬੂਤ ਕਰ ਲਿਆ।

ਸਮਾਨਾ

ਉਸ ਸਮੇਂ ਸਮਾਨੇ ਦਾ ਫ਼ੌਜਦਾਰ ਜ਼ਾਲਮ ਜਲਾਲ-ਓ-ਦੀਨ ਸੀ, ਜੋ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਜ਼ਿੰਮੇਵਾਰ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਾਹਿਬਜ਼ਾਦਿਆਂ ਦੇ ਦੋਵੇਂ ਕਾਤਲ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਵੀ ਸਮਾਨਾ ਵਿਚ ਹੀ ਰਹਿੰਦੇ ਸਨ। ਇਹ ਨਗਰ ਇਕ ਤਰ੍ਹਾਂ ਦੀ ਮਜ਼ਬੂਤ ਗੜ੍ਹੀ ਸੀ। ਬੰਦੇ ਨੇ 26 ਨਵੰਬਰ ਸੰਨ 1709 ਈ: ਨੂੰ ਚੁਪਾਸਿਉਂ ਇਸ ਗੜ੍ਹੀ ਨੂੰ ਘੇਰ ਲਿਆ। ਬੜਾ ਸਖ਼ਤ ਮੁਕਾਬਲਾ ਹੋਇਆ। ਇਸ ਲੜਾਈ ਵਿਚ ਫ਼ੌਜਦਾਰ ਜਲਾਲ-ਓ-ਦੀਨ ਤੇ ਸਾਹਿਬਜ਼ਾਦਿਆਂ ਦੇ ਦੋਵੇਂ ਕਾਤਲ ਮਾਰੇ ਗਏ। ਸਮਾਨੇ ਵਿਚ ਦਸ ਹਜ਼ਾਰ ਦੇ ਲਗਪਗ ਮੁਗ਼ਲ ਤੇ ਸੱਯਦ ਕਤਲ ਕਰ ਦਿਤੇ ਗਏ। ਜਿੱਤ ਮਗਰੋਂ ਬੰਦਾ ਬਹਾਦਰ ਨੇ ਫ਼ਤਹਿ ਸਿੰਘ ਨੂੰ ਇਥੋਂ ਦਾ ਫ਼ੌਜਦਾਰ ਮੁਕੱਰਰ ਕਰ ਦਿਤਾ।

ਕੈਥਲ

ਸਮਾਨੇ ਦੀ ਜਿੱਤ ਪਿਛੋਂ ਬੰਦਾ ਬਹਾਦਰ ਆਪਣੀ ਫੌਜ ਲੈ ਕੇ ਕੈਥਲ ਤੇ ਜਾ ਪਿਆ। ਸਮਾਨੇ ਦੀ ਜਿੱਤ ਨੇ ਜਿਥੇ ਬੰਦਾ ਬਹਾਦਰ ਦੇ ਫ਼ੌਜੀਆਂ ਦੇ ਹੌਸਲੇ ਬਲੰਦ ਕੀਤੇ, ਓਥੇ ਉਥੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਫੌਜ ਤੇ ਕੈਥਲ ਨਿਵਾਸੀਆਂ ਦੇ ਹੌਂਸਲੇ ਪਸਤ ਹੋ ਗਏ। ਥੋੜ੍ਹੀ ਜਿਹੀ ਲੜਾਈ ਪਿਛੋਂ ਬਹੁਤ ਸਾਰੇ ਹਥਿਆਰ, ਘੋੜੇ ਤੇ ਕੈਥਲ ਵਾਸੀਆਂ ਦੀਆਂ ਲਾਸ਼ਾਂ ਛੱਡ ਕੇ ਬਚੇ-ਖੁਚੇ ਫੌਜੀ ਨਗਰ ਨੂੰ ਆਪਣੀ ਕਿਸਮਤ ਤੇ ਛੱਡ ਕੇ ਨਠ ਗਏ।

ਬੰਦਾ ਬਹਾਦਰ ਨੇ ਹਾਲੀਂ ਸਰਹੰਦ ਵਲ ਵਧਣਾ ਮੁਨਾਸਬ ਨਾਂਹ ਸਮਝਿਆ। ਉਹ ਮਾਝੇ ਮਾਲਵੇ ਤੇ ਦੁਆਬੇ ਵਲੋਂ ਹਥਿਆਰਬੰਦ ਸਿੱਖ ਜਥੇ ਦੀ ਆਮਦ ਦੀ ਉਡੀਕ ਵਿਚ ਸੀ। ਉਸਨੇ ਸਰਹੰਦ ਤੋਂ ਪਹਿਲਾਂ ਘੁੜਾਮ, ਠਸਕਾ ਤੇ ਮੁਸਤਫ਼ਾਬਾਦ ਨੂੰ ਸਰ ਕਰਨਾ ਮੁਨਾਸਬ ਸਮਝਿਆ। ਘੁੜਾਮ ਤੇ ਠਸਕਾ ਤਾਂ ਛੇਤੀ ਹੀ ਉਸਦੇ ਹੱਥ ਆ ਗਏ, ਪਰ ਮੁਸਤਫ਼ਾਬਾਦ ਵਿਚ ਜੰਮ ਕੇ ਲੜਾਈ ਹੋਈ। ਇਥੋਂ ਦੇ ਫ਼ੌਜਦਾਰ ਪਾਸ ਹਥਿਆਰਬੰਦ ਦੋ ਹਜ਼ਾਰ ਫੌਜੀ ਮੌਜੂਦ ਸਨ। ਉਨ੍ਹਾਂ ਨੇ ਬੰਦੇ ਦਾ ਡਟ ਕੇ ਮੁਕਾਬਲਾ ਕੀਤਾ, ਪਰ ਅੰਤ ਹਾਰ ਮੰਨ ਕੇ ਉਨ੍ਹਾਂ ਹਥਿਆਰ ਸੁਟ ਦਿਤੇ।

ਸਢੌਰਾ

ਇਥੋਂ ਦਾ ਫੌਜਦਾਰ ਉਸਮਾਨ ਖ਼ਾਨ, ਬੜਾ ਜ਼ਾਲਮ ਤੇ ਤਕੜਾ ਰਾਜ-ਪ੍ਰਬੰਧਕ ਸੀ। ਉਸਦੀ ਇਲਾਕੇ ਵਿਚ ਬੜੀ ਧਾਂਕ ਸੀ। ਲੋਕੀਂ ਉਸਦੇ ਨਾਂ ਤੋਂ ਥਰ ਥਰ ਕੰਬਦੇ ਸਨ। ਉਹ ਸ਼ਹਿਰ ਵੀ ਬੜਾ ਧਨੀ ਤੇ ਖ਼ੁਸ਼ਹਾਲ ਸੀ। ਇਸੇ ਉਸਮਾਨ ਖ਼ਾਨ ਨੇ ਸੱਯਦ ਬੁਧੂ ਸ਼ਾਹ (ਸੱਯਦ ਬਦਰ-ਓ-ਦੀਨ) ਨੂੰ ਬੜੇ ਤਸੀਹੇ ਦੇ ਦੇ ਕੇ ਮਾਰਿਆ ਸੀ। ਸੱਯਦ ਜੀ ਨੇ ਸ੍ਰੀ ਨਗਰ ਦੇ ਪਹਾੜੀ ਰਾਜੇ ਫ਼ਤੇ ਸਿੰਘ ਤੇ ਉਸਦੇ ਸਾਥੀ ਰਾਜਿਆਂ ਨਾਲ ਭੰਗਾਣੀ ਵਿਖੇ ਹੋਈ ਪਹਿਲੀ ਲੜਾਈ ਵਿਚ ਆਪਣੇ ਸੱਤ ਸੌ ਮੁਰੀਦਾਂ ਤੇ ਆਪਣੇ ਬੇਟਿਆਂ ਨਾਲ ਗੁਰੂ ਜੀ ਦਾ ਸਾਥ ਦਿਤਾ ਸੀ। ਇਸੇ ਲਈ ਉਸਮਾਨ ਖ਼ਾਨ ਸੱਯਦ ਜੀ ਨਾਲ ਖਾਰ ਖਾਂਦਾ ਸੀ। ਉਸਮਾਨ ਖ਼ਾਨ ਨੇ ਆਪਣੀ ਹਿੰਦੂ ਪਰਜਾ ਦਾ ਨੱਕ 'ਚ ਦਮ ਕੀਤਾ ਹੋਇਆ ਸੀ। ਉਸਨੇ ਹਿੰਦੂ ਮਿਰਤਕਾਂ ਦੀਆਂ ਲਾਸ਼ਾਂ ਨੂੰ ਸਾੜਨ ਦੀ ਵੀ ਮਨਾਹੀ ਕੀਤੀ ਹੋਈ ਸੀ। ਉਹ ਖੁਲ੍ਹੇ ਮੈਦਾਨ ਵਿਚ ਗਊ-ਬੱਧ ਕਰਵਾਂਦਾ ਸੀ। ਗਊ, ਜਿਸਨੂੰ ਹਿੰਦੂ ਪਵਿੱਤਰ ਸਮਝਦੇ ਹਨ। ਬਹੁਤ ਸਾਰੇ ਹਿੰਦੂ ਸਢੌਰਾ ਛੱਡ ਕੇ ਨਠ ਗਏ ਸਨ। ਉਨ੍ਹਾਂ ਦੁਖੀ ਲੋਕਾਂ ਨੇ ਬੰਦੇ ਅੱਗੇ ਜਾ ਪੁਕਾਰ ਕੀਤੀ, ਕਿ ਉਹ ਇਸ ਜਰਵਾਣੇ ਤੋਂ ਸਾਡਾ ਧਰਮ ਤੇ ਜਾਨ ਛੁਡਾਏ।

ਕਪੂਰੀ ਤੇ ਹਮਲਾ

ਕਪੂਰੀ ਦੇ ਨਵਾਬ ਸੱਯਦ ਅਮਾਨ ਉੱਲਾ ਨੇ ਬੇ-ਓੜਕ ਧਨ ਇਕੱਠਾ ਕਰਕੇ ਇਸ ਕਸਬੇ ਨੂੰ ਬਹਿਸ਼ਤ ਬਣਾ ਦਿਤਾ ਸੀ। ਉਸਦਾ ਪੁੱਤਰ ਕਦਮ-ਓ-ਦੀਨ ਬੜਾ ਕਾਮੀ ਤੇ ਬਦਮਾਸ਼ ਸੀ। ਉਸ ਤੋਂ ਨੇੜੇ ਤੇੜੇ ਦੀ ਕਿਸੇ ਸੁੰਦਰੀ ਦੀ ਅਸਮਤ ਦਾਗ਼ੀ ਹੋਣੋਂ ਨਹੀਂ ਸੀ ਬਚ ਸਕੀ। ਹਰ ਹੀਲੇ, ਰੁਪਏ ਦੇ ਲਾਲਚ ਜਾਂ ਤਾਕਤ ਨਾਲ ਉਹ ਨਵ-ਵਿਆਹੀ ਕੁੜੀ ਦੇ ਡੋਲੇ ਨੂੰ ਸਹੁਰੇ ਜਾਣ ਤੋਂ ਪਹਿਲਾਂ ਕਪੂਰੀ ਲੈ ਆਉਂਦਾ ਤੇ ਜ਼ਬਰਦਸਤੀ ਉਸਦਾ ਸਤਿ ਭੰਗ ਕਰਕੇ ਵਾਪਸ ਤੋਰਦਾ। ਆਸ ਪਾਸ ਦੇ ਇਲਾਕੇ ਦੀਆਂ ਯੁਵਤੀਆਂ ਦੀ ਆਬਰੂ ਲਾਹੁਣ ਨਾਲ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਦਰਿੰਦੇ ਦੀਆਂ ਖ਼ਾਹਿਸ਼ਾਂ ਪੂਰੀਆਂ ਨਾ ਹੁੰਦੀਆਂ, ਸਗੋਂ ਉਹ ਜਦੋਂ ਕਦੋਂ ਜਿਸ ਕੁੜੀ ਦੇ ਰੂਪ ਦੀ ਮਹਿਮਾ ਸੁਣ ਪਾਉਂਦਾ, ਉਸਨੂੰ ਕਿਸੇ ਬਹਾਨੇ ਜ਼ਰੂਰ ਪਕੜ ਮੰਗਾਉਂਦਾ। ਇਕ ਵਾਰ ਉਸਨੇ ਅੰਮ੍ਰਿਤਸਰ ਸ਼ਹਿਰ ਦੀ ਇਕ ਨੌਜਵਾਨ ਕੁੜੀ ਦੇ ਹੁਸਨ ਦੀ ਬੜੀ ਤਾਰੀਫ਼ ਸੁਣੀ। ਬਸ ਫਿਰ ਕੀ ਸੀ, ਉਸ ਭੇਸ ਬਦਲਿਆ ਤੇ ਅੰਮ੍ਰਿਤਸਰ ਜਾ ਪੁਜਾ। ਉਸ ਯੁਵਤੀ ਨੂੰ ਘਰੋਂ ਚੁਕ ਕੇ ਕਪੂਰੀ ਆਪਣੇ ਮਹਿਲੀਂ ਆਣ ਪੁਚਾਇਆ।

ਸੋ, ਸਢੋਰੇ ਤੋਂ ਪਹਿਲਾਂ ਬੰਦੇ ਨੇ ਕਪੂਰੀ ਤੇ ਜਾ ਹੱਲਾ ਬੋਲਿਆ, ਤੇ ਉਥੋਂ ਦੇ ਫ਼ੌਜਦਾਰ ਕਦਮ-ਓ-ਦੀਨ ਨੂੰ ਪਾਰ ਬੁਲਾ ਕੇ ਸ਼ਹਿਰ ਨੂੰ ਅੱਗ ਲਾ ਦਿਤੀ ਗਈ। ਇਸ ਲੜਾਈ ਵਿਚ ਤਕੜਾ ਸ਼ਾਹੀ ਖ਼ਜ਼ਾਨਾ, ਬਹੁਤ ਸਾਰੇ ਹਥਿਆਰ, ਤੇ ਘੋੜੇ ਬੰਦੇ ਹੱਥ ਆਏ।

ਸਢੋਰਾ

ਕਪੂਰੀ ਤੇ ਹੱਥ ਸਾਫ਼ ਕਰਨ ਮਗਰੋਂ ਬੰਦੇ ਦੀ ਫੌਜ ਸਢੋਰੇ ਜਾ ਵੜੀ। ਇਥੇ ਬੜੀ ਤਕੜੀ ਤੇ ਗਹਿ ਗਚ ਲੜਾਈ ਹੋਈ। ਦੋਹਾਂ ਪਾਸਿਆਂ ਦੇ ਹਜ਼ਾਰਾਂ ਸੂਰਮੇ ਮੈਦਾਨ ਵਿਚ ਕੰਮ ਆਏ। ਅਖ਼ੀਰ ਸਢੋਰਾ ਬੰਦੇ ਦੇ ਕਬਜ਼ੇ ਵਿਚ ਆ ਗਿਆ। ਮਜ਼ਲੂਮ ਲੋਕਾਂ ਨੇ ਜ਼ਾਲਮਾਂ ਤੋਂ ਗਿਣ ਗਿਣ ਕੇ ਬਦਲੇ ਲਏ ਤੇ ਲੁਟੇਰਿਆਂ ਨੇ ਸ਼ਹਿਰ ਵਿਚ ਭਰਵੀਂ ਲੁਟ-ਮਾਰ ਕੀਤੀ।[1]

---

1. ਦੋ-ਤਿੰਨਾਂ ਮਹੀਨਿਆਂ ਵਿਚ ਬੰਦੇ ਪਾਸ ਚਾਰ ਹਜ਼ਾਰ ਘੋੜ-ਸਵਾਰ ਤੇ ਸੱਤ-ਅਠ ਹਜ਼ਾਰ ਪੈਦਲ ਫ਼ੌਜ ਇਕੱਠੀ ਹੋ ਗਈ। ਇਸ ਪਿਛੋਂ ਇਹ ਗਿਣਤੀ ਵਧਦੀ ਵਧਦੀ ਚਾਲ੍ਹੀ ਹਜ਼ਾਰ ਤੀਕ ਜਾ ਪੁਜੀ। —ਖ਼ਾਫ਼ੀ ਖ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਮਾਰੀ ਸਰਹੰਦ

ਸਰਹੰਦ—ਸਿੱਖਾਂ ਨੂੰ ਵੰਗਾਰ ਰਹੀ ਸੀ। ਇਸੇ 'ਗੁਰੂ ਮਾਰੀ ਸਰਹੰਦ' ਨੇ ਦਸਵੇਂ ਗੁਰੂ ਜੀ ਦੇ ਮਾਸੂਮ ਸਾਹਿਬਜ਼ਾਦਿਆਂ ਦਾ ਲਹੂ ਪੀਤਾ ਸੀ। ਵਜ਼ੀਰ ਖ਼ਾਂ, ਸਿੱਖਾਂ ਦੀਆਂ ਰੋਜ਼ਾਨਾ ਹੋ ਰਹੀਆਂ ਜਿੱਤਾਂ ਨਾਲ ਘਬਰਾ ਗਿਆ, ਪਰ ਉਸ ਹੌਸਲਾ ਨਾ ਛੱਡਿਆ। ਬਨੂੜ ਆਦਿ ਸ਼ਹਿਰਾਂ ਨੂੰ ਫ਼ਤਹਿ ਕਰਨ ਮਗਰੋਂ ਬੰਦੇ ਬਹਾਦਰ ਨੇ ਸਰਹੰਦ ਤੋਂ ਬਾਰਾਂ ਕੋਹ ਦੂਰ ਚਪੜ ਚਿੜੀ ਵਿਖੇ ਲੜਾਈ ਲਈ ਮੋਰਚੇ ਗੱਡ ਦਿਤੇ। ਸਰਹੰਦ ਵਿਚ ਹੀ ਸਿੱਖਾਂ ਦੇ ਭਵਿੱਖ ਦਾ ਫ਼ੈਸਲਾ ਹੋਣਾ ਸੀ। ਸਰਹੰਦ ਵਿਚ ਕੁਝ ਤੋਪਾਂ ਵੀ ਸਨ, ਸੋ ਉਨ੍ਹਾਂ ਨੂੰ ਸਰਹੰਦੀ ਫੌਜ ਸਾਹਮਣੇ ਗੱਡ ਦਿਤਾ ਗਿਆ। ਫੌਜ ਦੇ ਮੋਹਰੇ ਹਾਥੀਆਂ ਦੀਆਂ ਕਤਾਰਾਂ ਸਨ, ਜੋ ਸਿੱਖ ਸਿਪਾਹੀਆਂ ਨੂੰ ਮਧੋਲ ਸੁਟਣ ਲਈ ਖੜੇ ਕੀਤੇ ਗਏ ਸਨ। ਜਹਾਦ ਤੇ ਦੀਨੀ ਲੜਾਈ ਦੇ ਢੰਡੋਰਿਆਂ ਨਾਲ ਵੀ ਕਾਫ਼ੀ ਲੋਕ 'ਕੱਠੇ ਹੋ ਗਏ ਸਨ। ਇਸ ਤਰ੍ਹਾਂ ਇੰਨੀ ਪਕਿਆਈ ਹੋ ਜਾਣ ਤੇ ਵਜ਼ੀਰ ਖ਼ਾਨ ਨੂੰ ਆਸ ਹੋ ਗਈ, ਕਿ ਉਹ 'ਬੰਦੇ' ਤੇ ਉਸਦੀ ਫੌਜ ਨੂੰ ਮਾਰ ਨਠਾਏਗਾ, ਜਾਂ ਉਸਨੂੰ ਫੜ ਕੇ ਚੁਰਾਹੇ ਵਿਚ ਗੱਡੀ ਸੂਲੀ ਤੇ ਚੜ੍ਹਾ ਦੇਵੇਗਾ। ਸਿੱਖਾਂ ਪਾਸ ਪੂਰੇ ਘੋੜੇ ਤੇ ਹਥਿਆਰ ਵੀ ਨਹੀਂ ਸਨ, ਪਰ ਉਹ ਹਰ ਕੀਮਤ ਤੇ ਆਪਣੇ ਗੁਰੂ ਦੇ ਬੱਚਿਆਂ ਦੇ ਖ਼ੂਨ ਦਾ ਬਦਲਾ ਲੈਣ ਲਈ ਤੁਲੇ ਹੋਏ ਸਨ। ਉਨ੍ਹਾਂ ਦੀ ਗਿਣਤੀ ਵੀ ਦੁਸ਼ਮਣ ਫੌਜ ਦੇ ਮੁਕਾਬਲੇ ਵਿਚ ਬਹੁਤ ਥੋੜ੍ਹੀ ਸੀ।[1]

---

1. ਸਰਹੰਦ ਤੇ ਹਮਲਾ ਕਰਨ ਤੋਂ ਪਹਿਲਾਂ ਮਾਝੇ ਮਾਲਵੇ ਦੇ ਸਿੱਖਾਂ ਦੀ ਉਡੀਕ ਜ਼ਰੂਰੀ ਸੀ, ਜੋ ਉਸ ਸਮੇਂ ਕੀਰਤਪੁਰ ਸਾਹਿਬ ਇਕੱਠੇ ਹੋਏ ਸਨ। ਵਜ਼ੀਰ ਖ਼ਾਨ ਨੇ ਮਾਝੇ ਦੁਆਬੇ ਦੇ ਸਿੱਖਾਂ ਨੂੰ ਰਾਹ ਵਿਚ ਰੋਕਣ ਲਈ ਨਵਾਬ ਮਲੇਰਕੋਟਲਾ ਨੇ ਸਿੱਖਾਂ ਨੂੰ ਬੰਦੇ ਨੂੰ ਮਿਲਣ ਤੋਂ ਰੋਕਣ ਲਈ ਰੋਪੜ ਵਿਖੇ ਠਲ ਪਾਣ ਲਈ ਹੁਕਮ ਦੇ ਦਿਤਾ। ਦੋਹਾਂ ਧਿਰਾਂ ਵਿਚਾਲੇ ਘਮਸਾਨ ਦੀ ਲੜਾਈ ਹੋਈ। ਮਲੇਰਕੋਟਲੀਆ ਨਵਾਬ ਮਾਰਿਆ ਗਿਆ। ਉਸਦੀ ਫੌਜ ਭੱਜ ਗਈ। ਸੋ ਮਾਝੇ ਦੁਆਬੇ ਦੇ ਸਿੱਖ ਭਾਰੀ ਗਿਣਤੀ ਵਿਚ ਚਪੜ ਚਿੜੀ ਦੇ ਸਥਾਨ ਤੇ ਬੰਦੇ ਨੂੰ ਆ ਮਿਲੇ। ਸਰਹੰਦ ਦੀ ਲੜਾਈ ਸਮੇਂ ਬੰਦੇ ਨਾਲ ਲਗਭਗ ਪੰਦਰਾਂ ਤੋਂ ਵੀਹ ਹਜ਼ਾਰ ਤਕ ਫੌਜੀ ਸਨ, ਪਰ ਉਨ੍ਹਾਂ ਪਾਸ ਤੋੜਦਾਰ ਬੰਦੂਕਾਂ, ਬਰਛੇ ਤੇ ਤਲਵਾਰਾਂ ਹੀ ਸਨ। ਬੰਦੇ ਪਾਸ ਪੰਜ ਹਜ਼ਾਰ ਘੋੜ-ਸਵਾਰ ਸਨ। ਦੂਜੇ ਪਾਸੇ ਵਜ਼ੀਰ ਖ਼ਾਨ ਦੀ ਕਮਾਨ ਹੇਠ ਲਗਭਗ 20,000 ਸਿਖੀ ਹੋਈ ਫੌਜ, ਜਿਨ੍ਹਾਂ ਵਿਚ ਸਤ-ਅੱਠ ਹਜ਼ਾਰ ਘੋੜ-ਸਵਾਰ, ਨੌਂ-ਦਸ ਹਜ਼ਾਰ ਮਸਕੀਟੀਅਰ, ਅਤੇ ਕਾਫ਼ੀ ਮਾਤਰਾ ਵਿਚ ਤੋਪਾਂ ਵੀ ਸਨ। ਇਸ ਤੋਂ ਬਿਨਾਂ ਉਹਦੇ ਪਾਸ ਬਹੁਤ ਸਾਰੇ ਹਾਥੀ ਵੀ ਸਨ। —ਖ਼ਾਫ਼ੀ ਖ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੇ ਨਾਲ ਤਕੜੀ ਗਿਣਤੀ ਵਿਚ ਆ ਰਹੇ ਧਾੜਵੀ ਦਸਤਿਆਂ ਪੁਰ ਸਿੱਖਾਂ ਨੂੰ ਪੂਰਨ ਵਿਸ਼ਵਾਸ਼ ਨਹੀਂ ਸੀ, ਕਿ ਉਹ ਕਦੋਂ ਲੁਟਮਾਰ ਕਰਕੇ ਖਿਸਕਦੇ ਬਣਨ।

ਸਰਹੰਦ ਤੇ ਹਮਲੇ ਦਾ ਬਿਗਲ ਬਜ ਗਿਆ। ਵਜ਼ੀਰ ਖ਼ਾਨ ਨੇ ਸਰਹੰਦ ਤੋਂ ਦਸ ਮੀਲ ਬਾਹਿਰ ਨਿਕਲ ਕੇ ਚਪੜ ਚਿੜੀ ਦੇ ਅਸਥਾਨ ਤੇ 12 ਮਈ 1710 ਈ: ਨੂੰ ਲੜਾਈ ਲਈ ਮੋਰਚੇ ਗਡ ਦਿਤੇ। ਵਜ਼ੀਰ ਖ਼ਾਨ ਦੀ ਤਕੜੀ ਫੌਜ ਦੀ ਪਿੱਠ ਦੀਵਾਰ ਨਾਲ ਸੀ। ਹਥਿਆਰ ਵੀ ਉਨ੍ਹਾਂ ਪਾਸ ਸਿੱਖਾਂ ਦੇ ਮੁਕਾਬਲੇ ਵਿਚ ਬਹੁਤ ਵਧੀਆ ਤੇ ਭਾਰੀ ਗਿਣਤੀ ਵਿਚ ਸਨ।

ਖ਼ਾਲਸਾ ਫੌਜ ਦਾ ਸਰਹੰਦ ਦੀਆਂ ਤੋਪਾਂ ਨੇ ਸਵਾਗਤ ਕੀਤਾ। ਪਹਿਲੇ ਗੋਲੇ ਨੇ ਹੀ ਸਿੱਖਾਂ ਨਾਲ ਆ ਰਹੇ ਗ਼ੈਰ-ਸਿੱਖ ਧਾੜਵੀ ਦਸਤੇ ਨੂੰ ਇਕ ਪਾਸੇ ਖਦੇੜ ਦਿਤਾ। ਇਹ ਦਸਤਾ ਆਪਣੇ ਆਪ ਨੂੰ ਤੋਪਾਂ ਦੀ ਮਾਰ ਤੋਂ ਬਚਾਂਦਾ ਦੂਰ ਨਿਕਲ ਗਿਆ, ਤਾਂਜੋ ਸਿੱਖਾਂ ਦੀ ਜਿੱਤ ਸਮੇਂ ਲੁਟ ਦੇ ਮਾਲ ਨਾਲ ਖ਼ੂਬ ਹੱਥ ਰੰਗੇ ਜਾ ਸਕਣ।

ਬੰਦੇ ਦੀ ਫੌਜ ਜੇ ਆਪਣੀ ਥਾਂ ਖੜੋਤੀ ਰਹਿੰਦੀ, ਜਾਂ ਹੌਲੀ ਹੌਲੀ ਅੱਗੇ ਵਧਦੀ ਤਾਂ ਸਰਹੰਦੀ ਤੋਪਾਂ ਨੇ ਉਸਨੂੰ ਭੁੰਨ ਦੇਣਾ ਸੀ। ਸੋ ਇਕਾ-ਇਕ ਸਿੱਖਾਂ ਦੇ ਤੂਫ਼ਾਨੀ ਦਸਤੇ, ਤੋਪਾਂ ਡੇ ਹਾਥੀਆਂ ਦੀਆਂ ਕਤਾਰਾਂ ਤੋਂ ਆਪਣੇ ਆਪ ਨੂੰ ਬਚਾਂਦੇ ਵੈਰੀ ਦੇ ਗਲ ਜਾ ਪਏ। ਤੋਪਾਂ ਨੇ ਸਿੱਖਾਂ ਦਾ ਚੋਖਾ ਨੁਕਸਾਨ ਕੀਤਾ ਤੇ ਦੁਸ਼ਮਣ ਨੇ ਵੀ ਦਿਲ ਖੋਲ੍ਹ ਕੇ ਲੜਾਈ ਲੜੀ। ਐਨ ਉਸ ਵੇਲੇ ਬੰਦੇ ਦੀ ਫੌਜ ਵਿਚੋਂ ਇਕ ਹੋਰ ਮੁਸਲਮ ਫੌਜੀ ਦਸਤਾ ਨੱਠ ਉਠਿਆ, ਜਿਹੜਾ ਅੰਦਰ-ਖ਼ਾਨਿਉਂ ਵਜ਼ੀਰ ਖ਼ਾਨ ਨਾਲ ਮਿਲਿਆ ਹੋਇਆ ਸੀ। ਇਸ ਨਾਲ ਲੜਾਈ ਦਾ ਰੁਖ਼ ਬਦਲ ਗਿਆ ਤੇ ਵੈਰੀ ਦਾ ਪਾਸਾ ਭਾਰੀ ਪੈ ਗਿਆ। ਦੂਰ ਟਿੱਲੇ ਪੁਰ ਬੈਠਾ ਬੰਦਾ ਬਹਾਦਰ, ਲੜਾਈ ਦੇ ਹਾਲਾਤ ਬੜੇ ਗਹੁ ਨਾਲ ਵੇਖ ਰਿਹਾ ਸੀ। ਜਦ ਉਸਨੇ ਸਿੱਖਾਂ ਦੀ ਡਾਵਾਂ ਡੋਲ ਹਾਲਤ ਵੇਖੀ, ਤਾਂ ਘੋੜੇ ਨੂੰ ਤੇਜ਼ੀ ਨਾਲ ਦੁੜਾ ਕੇ "ਅਕਾਲ ਅਕਾਲ" ਦਾ ਨਾਅਰਾ ਮਾਰਦਾ ਅੱਖ ਦੇ ਫੋਰ ਵਿਚ ਦੁਸ਼ਮਣ ਤੇ ਜਾ ਪਿਆ। ਬਸ ਫਿਰ ਕੀ ਸੀ, ਪਿਛੇ ਹਟ ਰਹੇ ਸਿੱਖ ਮੁੜ ਡਟ ਗਏ ਤੇ ਉਨ੍ਹਾਂ ਨੇ ਮਲੇਰਕੋਟੀਏ ਸਰਦਾਰ ਸ਼ੇਰ ਮੁਹੰਮਦ ਖ਼ਾਂ ਤੇ ਖ਼ਵਾਜਾ ਅਲੀ ਥਾਂ ਰਖੇ। ਫੌਜ ਦੇ ਇਨ੍ਹਾਂ ਦੋ ਬਹਾਦਰ ਸਰਦਾਰਾਂ ਦਾ ਡੁਲ੍ਹਿਆ ਖ਼ੂਨ ਵੇਖ ਦੁਸ਼ਮਣ ਦੀ ਫੌਜ ਵਿਚ ਇਕ ਦਮ ਖਲ ਬਲੀ ਮਚ ਗਈ।

ਸਰਹੰਦ ਦੀ ਬਰਬਾਦੀ

ਉਧਰ ਸਰਹੰਦੀ ਫੌਜ ਬੜੀ ਬਹਾਦਰੀ ਨਾਲ ਜੰਮ ਕੇ ਲੜ ਰਹੀ ਸੀ। ਸਵੇਰ ਤੋਂ ਇਹ ਖ਼ੂਨੀ ਲੜਾਈ ਸ਼ੁਰੂ ਸੀ। ਸ਼ਾਮ ਦੇ ਚਾਰ ਬਜਣ ਵਾਲੇ ਸਨ, ਕਿ ਅਚਾਨਕ ਵਜ਼ੀਰ ਖ਼ਾਂ ਨੂੰ ਤੀਰ ਲੱਗਾ ਤੇ ਉਹ ਹਾਥੀ ਤੋਂ ਡਿਗ ਪਿਆ। ਬਸ ਫਿਰ ਕੀ ਸੀ? ਮੁਗ਼ਲਈ ਫੌਜ ਮੈਦਾਨ ਛੱਡ ਕੇ ਨੱਠ ਉਠੀ ਤੇ ਜਿੱਤ ਦੇ ਸ਼ਾਦਿਆਨੇ ਬਜਾਂਦੇ ਸਿੱਖ ਜੇਤੂ ਦੀ ਸ਼ਕਲ ਵਿਚ ਸਰਹੰਦ ਵਿਚ ਦਾਖ਼ਲ ਹੋਏ। ਵਜ਼ੀਰ ਖ਼ਾਨ ਹਾਲੀਂ ਜੀਂਦਾ ਸੀ। ਉਸਨੂੰ ਸਿੱਖਾਂ ਫੜ ਲਿਆ, ਤੇ ਲੱਤਾਂ ਬੰਨ੍ਹ ਕੇ ਘੋੜੇ ਪਿਛੇ ਨੂੜ ਦਿਤਾ। ਗਲੀਆਂ ਬਜ਼ਾਰਾਂ ਵਿਚ ਉਸਦੀ ਲਾਸ਼ ਨੂੰ ਬੁਰੀ ਤਰ੍ਹਾਂ ਘਸੀਟਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਉਸਨੂੰ ਚਰੱਖੜ ਨਾਲ ਪੁਠਾ ਲਟਕਾ ਦਿਤਾ ਗਿਆ। ਤਾਂ ਜੋ ਉਸ ਲਾਸ਼ ਨੂੰ ਗਿੱਧਾਂ ਨੋਚਦੀਆਂ ਰਹਿਣ, ਤੇ ਅੱਗੋਂ ਲਈ ਜ਼ਾਲਮਾਂ ਨੂੰ ਸਿਖਿਆ ਮਿਲ ਸਕੇ। ਬਹੁਤ ਸਾਰਾ ਜੰਗੀ ਸਾਮਾਨ ਸਿੱਖਾਂ ਦੇ ਹੱਥ ਆਇਆ। ਜੈਕਾਰੇ ਗਜਾਂਦੇ ਉਹ ਸ਼ਹਿਰ ਵਿਚ ਜਾ ਵੜੇ,। ਤੋਪਾਂ ਦੇ ਚਲਣ ਨਾਲ ਲੁਟੇਰਿਆਂ ਦੀਆਂ ਜਿਹੜੀਆਂ ਧਾੜਾਂ ਅਲੋਪ ਹੋ ਗਈਆਂ ਸਨ, ਉਹ ਮੁੜ ਜੇਤੂਆਂ ਨੂੰ ਆਣ ਮਿਲੀਆਂ ਤੇ ਲੁਟ-ਮਾਰ ਵਿਚ ਜੁਟ ਗਈਆਂ।[2]

ਸਰਹੰਦ ਬੜਾ ਪੁਰਾਣਾ ਇਤਿਹਾਸਕ ਸ਼ਹਿਰ ਸੀ। ਜਦੋਂ ਮੁਗ਼ਲ ਬਾਦਸ਼ਾਹ ਕਸ਼ਮੀਰ ਜਾਂਦੇ, ਤਾਂ ਰਾਹ ਵਿਚ ਇਥੇ ਹੀ ਪੜਾਅ ਕੀਤਾ ਕਰਦੇ। ਇਥੇ ਬੜੇ ਬੜੇ ਸੁੰਦਰ ਬਾਗ਼ ਬਗ਼ੀਚੇ, ਮਹੱਲ ਮਾੜੀਆਂ ਤੇ ਤਲਾਬ ਆਦਿ ਸਨ। ਸ਼ਹਿਰ ਵਿਚ ਵਡੇ ਵਡੇ ਅਮੀਰ, ਧਨੀ, ਸੇਠ, ਕਾਰੀਗਰ, ਕਵੀ, ਆਲਮ ਫ਼ਾਜ਼ਲ ਤੇ ਪੀਰ ਫ਼ਕੀਰ ਰਹਿੰਦੇ ਸਨ। ਉਸ ਸਮੇਂ ਇਸ ਸ਼ਹਿਰ ਵਿਚ ਬੜੀ ਰੌਣਕ ਸੀ, ਪਰ ਚਿਰਾਂ ਦੇ ਇਸ ਪੁਰਾਣੇ ਤਵਾਰੀਖ਼ੀ ਸ਼ਹਿਰ ਦੀ ਕਿਸਮਤ ਵਿਚ ਘੜੀਆਂ ਪਲ੍ਹਾਂ ਵਿਚ ਪੂਰਨ ਬਰਬਾਦੀ ਲਿਖੀ ਹੋਈ ਸੀ। ਸ਼ਹਿਰੀਆਂ ਨੂੰ ਵਜ਼ੀਰ ਖ਼ਾਨ ਦੀ ਜਿੱਤ ਪੁਰ ਪੂਰਾ ਯਕੀਨ ਸੀ। ਜਦੋਂ ਉਨ੍ਹਾਂ ਨੇ ਉਸਦੀ ਮੌਤ ਦੀ ਖ਼ਬਰ ਦੇ ਨਾਲ ਹੀ ਬੰਦੇ ਜਾਦੂਗਰ ਦੀਆਂ ਤੂਫ਼ਾਨੀ ਫੌਜਾਂ ਦੇ ਵਾਹੋਦਾਹੀ ਸ਼ਹਿਰ ਵਲ ਆ ਵੜਨ ਦੀ ਖ਼ਬਰ ਸੁਣੀ,ਤਾਂ ਉਹ ਘਰ ਘਾਟ ਸਭ ਕੁਝ ਛੱਡ ਕੇ ਨਠ ਉਠੇ। ਵਜ਼ੀਰ ਖ਼ਾਨ ਦੇ ਪੁਤਰ ਨੂੰ ਪਤਾ ਸੀ, ਕਿ ਸਿੱਖਾਂ ਦੇ ਆ ਜਾਣ ਤੇ ਉਸਦੇ ਟੱਬਰ ਦਾ ਕੀ ਹਸ਼ਰ ਹੋਵੇਗਾ? ਸੋ ਉਹ ਝਟਾ ਪਟ ਸਾਰੇ ਟੱਬਰ ਨੂੰ ਲੈ ਕੇ ਦਿੱਲੀ ਵਲ ਭਜ ਤੁਰਿਆ, ਪਰ ਵਜ਼ੀਰ ਖ਼ਾਨ ਦਾ ਦੀਵਾਨ ਸੁਚਾ ਨੰਦ[3]—ਜਿਸਨੇ ਗ਼ਰੀਬ, ਮਜ਼ਲੂਮ ਤੇ ਦੀਨ ਲੋਕਾਂ ਪੁਰ ਆਪਣੇ ਮਾਲਕ ਤੋਂ ਘਟ ਜ਼ੁਲਮ ਨਹੀਂ ਸਨ ਢਾਹੇ—ਨੱਠਣ ਦੀਆਂ ਤਿਆਰੀਆਂ ਵਿਚ ਹੀ ਸੀ, ਕਿ ਫੜਿਆ ਗਿਆ। ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੇ ਲਹੂ

---

1. ਵਜ਼ੀਰ ਖ਼ਾਨ ਦੀ ਤੀਰ ਲੱਗਣ ਨਾਲ ਮੌਤ ਹੋ ਗਈ। —ਮੁਹੰਮਦ ਲਤੀਫ਼

2. ਵਜ਼ੀਰ ਖ਼ਾਨ, ਬਾਜ ਸਿੰਘ ਦੇ ਮੁਕਾਬਲੇ ਤੇ ਇਹ ਲਲਕਾਰਾ ਮਾਰਦਾ ਨਿਕਲਿਆ, "ਓ ਗੰਦੇ ਕੁੱਤੇ—ਆਪਣਾ ਬਚਾ ਕਰ ਲੈ।" ਉਸਨੇ ਤੇਜ਼ ਬਰਛੇ ਨਾਲ ਬਾਜ ਸਿੰਘ ਤੇ ਜ਼ੋਰ ਦੀ ਵਾਰ ਕੀਤਾ। ਬਾਜ ਸਿੰਘ ਨੇ ਵਜ਼ੀਰ ਖ਼ਾਨ ਤੋਂ ਬਰਛਾ ਖੋਹ ਲਿਆ, ਤੇ ਉਹੀ ਬਰਛਾ ਉਸਦੇ ਘੋੜੇ ਦੇ ਸਿਰ ਤੇ ਮਾਰ ਘੋੜੇ ਨੂੰ ਜ਼ਖ਼ਮੀ ਕਰ ਦਿਤਾ। ਇਹ ਵੇਖ ਵਜ਼ੀਰ ਖ਼ਾਨ ਨੇ ਛੇਤੀ ਨਾਲ ਆਪਣੀ ਕਮਾਨ ਦਾ ਚਿਲਾ ਚੜ੍ਹਾ ਕੇ ਬਾਜ ਸਿੰਘ ਨੂੰ ਤੀਰ ਮਾਰਿਆ, ਜੋ ਬਾਜ ਸਿੰਘ ਦੀ ਬਾਂਹ ਵਿਚ ਖੁਭ ਗਿਆ। ਇਸ ਤੇ ਵਜ਼ੀਰ ਖ਼ਾਨ ਨੇ ਆਪਣੀ ਤਲਵਾਰ ਕਢ ਲਈ ਤੇ ਉਸਨੇ ਪੂਰੇ ਜ਼ੋਰ ਨਾਲ ਬਾਜ ਸਿੰਘ ਤੇ ਹਮਲਾ ਕੀਤਾ। ਫ਼ਤੇਹ ਸਿੰਘ ਜੋ ਨੇੜੇ ਹੀ ਖੜਾ ਸੀ, ਨੇ ਬੜੀ ਤੇਜ਼ੀ ਨਾਲ ਵਜ਼ੀਰ ਖ਼ਾਨ ਤੇ ਆਪਣੀ ਤਲਵਾਰ ਨਾਲ ਹਮਲਾ ਕੀਤਾ। ਫ਼ਤੇਹ ਸਿੰਘ ਦੀ ਤਲਵਾਰ ਵਜ਼ੀਰ ਖ਼ਾਨ ਦੀ ਬਾਂਹ, ਛਾਤੀ ਤੇ ਸਿਰ ਨੂੰ ਚੀਰਦੀ ਹੋਈ ਨਿਕਲ ਗਈ। ਇਸ ਵਾਰ ਨਾਲ ਵਜ਼ੀਰ ਖ਼ਾਨ ਧਰਤੀ ਤੇ ਆਣ ਡਿਗਾ। [ਅਹਿਵਾਲੇ ਸਲਾਤੀਨ-ਏ-ਹਿੰਦ

3. ਸੁਚਾ ਨੰਦ ਦੇ ਟੱਬਰ ਦੀਆਂ ਇਸਤ੍ਰੀਆਂ ਨੂੰ ਸਿਰਫ਼ ਇਕ ਇਕ ਕਪੜਾ ਸਿਰ ਢਕਣ ਨੂੰ ਦੇ ਕੇ ਬਿਲਕੁਲ ਨੰਗਿਆਂ ਕਰਕੇ ਸ਼ਹਿਰ ਦਾ ਹਰ ਘਰ ਮੰਗਣ ਲਈ ਮਜਬੂਰ ਕੀਤਾ ਗਿਆ, ਤੇ ਜਦ ਉਹ ਸਾਰਾ ਸ਼ਹਿਰ ਇਸੇ ਹਾਲਤ ਵਿਚ ਮੰਗ ਚੁਕੀਆ, ਤਾਂ ਉਨ੍ਹਾਂ ਨੂੰ ਕਤਲ ਕਰ ਦਿਤਾ ਗਿਆ। [ਤਾਰੀਖ਼ ਮੁਹੰਮਦ ਸ਼ਾਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਲ ਇਸ ਹੱਤਿਆਰੇ ਨੇ ਆਪਣੇ ਹੱਥ ਰੰਗੇ ਸਨ। ਸਿੱਖਾਂ ਨੇ ਦਿਲ ਖੋਲ੍ਹ ਕੇ ਇਸ ਦੀਆਂ ਕਾਲੀਆਂ ਕਰਤੂਤਾਂ ਦੇ ਬਦਲੇ ਲਏ। ਅੰਤ ਸੁਚਾ ਨੰਦ ਦੇ ਸਾਰੇ ਪ੍ਰਵਾਰ ਨੂੰ ਕਤਲ ਕਰ ਦਿਤਾ ਗਿਆ।

ਇਸ ਕੰਮੋਂ ਵੇਹਲਿਆਂ ਹੋ ਕੇ ਬੰਦੇ ਦੀ ਫੌਜ ਸ਼ਾਹੀ ਖ਼ਜ਼ਾਨੇ ਤੇ ਜਾ ਪਈ। ਸ਼ਾਹੀ ਮਹੱਲ, ਅਮੀਰਾਂ ਤੇ ਧਨੀਆਂ ਦੇ ਮਕਾਨ ਤੇ ਖ਼ਾਨਗਾਹਾਂ ਆਦਿ ਲੁਟ ਲਈਆਂ ਗਈਆਂ। ਇਸ ਲੁਟ ਵਿਚ ਬਾਹਿਰ ਦੇ ਲੁਟੇਰੇ, ਇਰਦ ਗਿਰਦ ਦੇ ਧਾੜਵੀ ਤੇ ਸ਼ਹਿਰ ਦੇ ਬਦਮਾਸ਼ ਵੀ ਸ਼ਾਮਲ ਸਨ, ਜੋ ਨਿਰਾ ਲੁਟ-ਮਾਰ ਤੇ ਹੀ ਯਕੀਨ ਰਖਦੇ ਸਨ। ਬਹੁਤੀ ਲੋਟੀ ਉਨ੍ਹਾਂ ਨੇ ਹੀ ਮਚਾਈ।

ਇਸੇ ਗੁਰੂ ਮਾਰੀ ਸਰਹੰਦ ਦੇ ਸ਼ਾਨਦਾਰ ਮਹੱਲਾਂ ਵਿਚ ਬੈਠ ਕੇ ਵਜ਼ੀਰ ਖ਼ਾਨ ਤੇ ਉਸਦੇ ਵਡਕਿਆਂ ਨੇ ਮੌਜਾਂ ਮਾਣੀਆਂ, ਐਸ਼ਾਂ ਕੀਤੀਆਂ ਤੇ ਹੁਕਮ ਚਲਾਏ ਸਨ, ਅੱਜ ਉਹ ਅਮਾਰਤਾਂ ਢਹਿ ਢੇਰੀ ਕਰ ਦਿਤੀਆਂ ਗਈਆਂ। ਸਰਹੰਦ ਦੀ ਇੱਟ ਨਾਲ ਇੱਟ ਵਜਾ ਦਿਤੀ ਗਈ। ਸਰਹੰਦ ਦੀ ਇਸ ਤਬਾਹੀ ਵਿਚ ਬੰਦੇ ਦੀ ਫੌਜ ਤੋਂ ਵਧ ਉਨ੍ਹਾਂ ਸਰਹੰਦ ਵਾਸੀ ਤੇ ਇਰਦ ਗਿਰਦ ਦੇ ਲੁਟੇਰਿਆਂ ਨੇ ਹਿੱਸਾ ਪਾਇਆ, ਜਿਨ੍ਹਾਂ ਤੇ ਵਜ਼ੀਰ ਖ਼ਾਨ ਦੀਆਂ ਬੜੀਆਂ ਆਸਾਂ ਸਨ।

ਕਈ ਦਿਨਾਂ ਤੀਕ ਸਰਹੰਦ ਨੂੰ ਬੁਰੀ ਤਰ੍ਹਾਂ ਲੁਟਿਆ ਤੇ ਤਬਾਹ ਕੀਤਾ ਜਾਂਦਾ ਰਿਹਾ। ਸਿੱਖਾਂ ਨੇ ਤਾਂ ਖ਼ਜ਼ਾਨੇ ਤੇ ਹੋਰ ਮੋਟੀਆਂ ਮੋਟੀਆਂ ਕੀਮਤੀ ਚੀਜ਼ਾਂ ਤੇ ਹੀ ਹੱਥ ਸਾਫ਼ ਕੀਤੇ, ਪਰ ਬਾਹਰ ਤੇ ਸਰਹੰਦ ਦੇ ਧੜਵੈਲਾਂ ਨੇ ਸਰਹੰਦ ਵਿਚ ਕੋਈ ਕੰਮ ਦੀ ਚੀਜ਼ ਨਾ ਛੱਡੀ। ਚੌਥੇ ਦਿਨ ਬੰਦੇ ਦੇ ਹੁਕਮ ਨਾਲ ਲੁਟਮਾਰ ਬੰਦ ਕਰ ਦਿਤੀ ਗਈ। ਕਿਲ੍ਹੇ ਤੇ ਖ਼ਾਲਸਾਈ ਝੰਡਾ ਲਹਿਰਾਇਆ ਗਿਆ। ਸ੍ਰ: ਬਾਜ ਸਿੰਘ ਨੂੰ ਉਥੋਂ ਦਾ ਗਵਰਨਰ ਤੇ ਆਲੀ ਸਿੰਘ ਨੂੰ ਉਸਦਾ ਸਹਾਇਕ ਮੁਕੱਰਰ ਕੀਤਾ ਗਿਆ। ਇਨ੍ਹਾਂ ਦੋਹਾਂ ਸਰਦਾਰਾਂ ਨੇ ਸ਼ਹਿਰ ਤੇ ਨੇੜੇ ਤੇੜੇ ਦੇ ਜਿੱਤੇ ਇਲਾਕੇ ਦਾ ਸਾਰਾ ਪ੍ਰਬੰਧ ਮੁੜ ਕੇ ਠੀਕ ਠਾਕ ਕੀਤਾ।

ਸਰਹੰਦ ਦੀ ਗਹਿ ਗਚ ਲੜਾਈ ਮਗਰੋਂ ਸੁਨਾਮ, ਘੁੜਾਮ, ਮਲੇਰਕੋਟਲਾ ਆਦਿ ਵੀ ਥੋੜ੍ਹੀਆਂ ਜਿਹੀਆਂ ਝੜਪਾਂ ਪਿਛੋਂ ਸਿੱਖਾਂ ਦੇ ਕਬਜ਼ੇ ਵਿਚ ਆ ਗਏ। ਅੱਜ ਖ਼ਾਲਸੇ ਦੇ ਸਾਹਮਣੇ ਸਰਹੰਦ ਦੇ ਅਠਾਈ ਦੇ ਅਠਾਈ ਪ੍ਰਗਣੇ ਸਿਰ ਝੁਕਾਈ ਖੜੋਤੇ ਸਨ। ਇਸ ਸਾਰੇ ਇਲਾਕੇ ਨੂੰ ਬਾਬਾ ਬਾਜ ਸਿੰਘ, ਬਿਨੋਦ ਸਿੰਘ, ਰਾਮ ਸਿੰਘ, ਫ਼ਤਹਿ ਸਿੰਘ, ਸ਼ਾਮ ਸਿੰਘ ਤੇ ਕੋਇਰ ਸਿੰਘ ਆਦਿ ਸਿਆਸੀ ਪ੍ਰਬੰਧਕਾਂ ਦੇ ਹਵਾਲੇ ਕਰ ਦਿਤਾ। ਸਰਹੰਦ ਦੀ ਜਿੱਤ ਮਗਰੋਂ ਕਰਨਾਲ ਤੋਂ ਲੁਧਿਆਣੇ ਤੀਕ ਦੇ ਇਲਾਕੇ ਦਾ ਲਗਾਨ ਛੱਤੀ ਲਖ ਰੁਪਏ ਸਾਲਾਨਾ—ਸਰਹੰਦ ਦੇ ਪ੍ਰਬੰਧਕਾਂ ਹੱਥ ਆ ਗਿਆ। ਇਸ ਮਗਰੋਂ ਬੰਦਾ ਆਪਣੇ ਫੌਜੀਆਂ ਨੂੰ ਲੈ ਕੇ ਦਿੱਲੀ ਵਲ ਰਵਾਨਾ ਹੋ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਹੰਦ ਦੀ ਲੜਾਈ ਮਗਰੋਂ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂਆਂ ਤੇ ਬਹੁਤ ਸਾਰੇ ਮੁਸਲਮਾਨਾਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ। ਸਰਹੰਦ ਦੇ ਨੇੜੇ ਦੇ ਇਲਾਕੇ ਦਾ ਦੀਨਦਾਰ ਖ਼ਾਨ, ਦੀਨਦਾਰ ਸਿੰਘ ਤੇ ਸਰਹੰਦ ਵਿਚ ਰਹਿ ਰਿਹਾ ਮੁਗ਼ਲ ਦਰਬਾਰ ਦਾ ਰਪੋਟੀਆ—ਮੀਰ ਨਸੀਰ-ਓ-ਦੀਨ, ਨਸੀਰ ਸਿੰਘ ਬਣ ਗਏ। ਬੰਦੇ ਬਹਾਦਰ ਨੇ ਕਿਸੇ ਨੂੰ ਵੀ ਜਬਰਨ ਧਰਮ ਤਬਦੀਲੀ ਲਈ ਜ਼ੋਰ ਨਾਂਹ ਦਿਤਾ, ਸਗੋਂ ਉਸਨੇ ਐਲਾਨ ਕੀਤਾ,"ਜੋ ਮੁਸਲਮਾਨ ਸਾਡੀ ਫ਼ੌਜ ਵਿਚ ਭਰਤੀ ਹੋਣਗੇ, ਉਨ੍ਹਾਂ ਨੂੰ ਨਮਾਜ਼ ਪੜ੍ਹਨ, ਰੋਜ਼ੇ ਰਖਣ ਤੇ ਬਾਂਗ ਦੇਣ ਦੀ ਖੁਲ੍ਹ ਹੋਵੇਗੀ।"[1]

1. ਇਸ ਐਲਾਨ ਦਾ ਇਹ ਨਤੀਜਾ ਨਿਕਲਿਆ, ਕਿ ਪੰਜ ਹਜ਼ਾਰ ਮੁਸਲਮਾਨ ਉਸਦੀ ਫ਼ੌਜ ਵਿਚ ਭਰਤੀ ਹੋ ਗਏ। ਇਨ੍ਹਾਂ ਮੁਸਲਮਾਨ ਫ਼ੌਜੀਆਂ ਦੀ ਗਿਣਤੀ ਦਿਨ-ਬਦਿਨ ਵਧਣ ਲੱਗੀ। [ਅਖ਼ਬਾਰ-ਏ-ਦਰਬਾਰੇ ਮੁਅੱਲਾ ਦੀ 28 ਅਪ੍ਰੈਲ ਸੰਨ 1711 ਈ: ਦੀ ਰਪੋਟ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੇ ਦੀਆਂ ਜਿੱਤਾਂ

[2]

ਸਹਾਰਨਪੁਰ ਵਲ ਚੜ੍ਹਾਈ

ਸਰਹੰਦ ਦੀ ਜਿੱਤ ਮਗਰੋਂ ਬੰਦਾ ਬਹਾਦਰ ਨੂੰ ਸਹਾਰਨਪੁਰ ਵਲੋਂ ਖ਼ਬਰਾਂ ਪਹੁੰਚੀਆਂ, ਕਿ ਉਥੋਂ ਦਾ ਹਾਕਮ ਸੱਯਦ ਅਲੀ ਮੁਹੰਮਦ ਖ਼ਾਂ ਬੜਾ ਜ਼ਾਲਮ ਹੈ, ਤੇ ਸਿੱਖਾਂ ਨੂੰ ਬੜਾ ਤੰਗ ਕਰਦਾ ਹੈ। ਬੰਦੇ ਨੇ ਕਪੂਰ ਸਿੰਘ ਨੂੰ ਇਸ ਇਲਾਕੇ 'ਚੋਂ ਖ਼ਬਰਾਂ ਆਦਿ ਪੁਚਾਣ ਤੇ ਸਿੱਖਾਂ ਦੀ ਖ਼ਬਰਦਾਰੀ ਰਖਣ ਲਈ ਮੁਕੱਰਰ ਕੀਤਾ ਹੋਇਆ ਸੀ। ਜਦੋਂ ਸਹਾਰਨਪੁਰ ਦੇ ਹਾਕਮ ਤੇ ਜਲਾਲਾਬਾਦ ਦੇ ਨਵਾਬ ਜਲਾਲ ਖ਼ਾਂ ਨੇ ਇਹ ਸੁਣਿਆ, ਕਿ ਬੰਦੇ ਦੀ ਵਧਦੀ ਤਾਕਤ ਵੇਖ ਕੇ ਅਨਾਸਰ (ਦਿਉ ਬੰਦ) ਦੇ ਬਹੁਤ ਸਾਰੇ ਹਿੰਦੂ, ਸਿੱਖ ਬਣ ਗਏ ਹਨ, ਤਾਂ ਉਨ੍ਹਾਂ ਨੇ ਇਨ੍ਹਾਂ ਨਵੇਂ ਸਜੇ ਸਭ ਸਿੱਖਾਂ ਨੂੰ ਕੈਦ ਕਰ ਲਿਆ। ਉਨ੍ਹਾਂ ਵਿਚ ਕਪੂਰ ਸਿੰਘ ਵੀ ਫੜ ਲਿਆ ਗਿਆ ਸੀ। ਗ੍ਰਿਫ਼ਤਾਰੀ ਤੋਂ ਪਹਿਲਾਂ ਉਸਨੇ ਬੰਦੇ ਨੂੰ ਇਨ੍ਹਾਂ ਸਾਰੇ ਹਾਲਾਤ ਦੀ ਖ਼ਬਰ ਭੇਜ ਦਿਤੀ ਤੇ ਨਾਲ ਹੀ ਬੇਨਤੀ ਕੀਤੀ, ਕਿ ਲੋਕੀ ਹਾਕਮਾਂ ਤੋਂ ਬਹੁਤ ਤੰਗ ਹਨ, ਇਸ ਲਈ ਇਧਰ ਜਲਦੀ ਆਉ।

ਇਸ ਸਮੇਂ ਬੰਦੇ ਦਾ ਪਰੋਗਰਾਮ ਦਵਾਬੇ ਵਲ ਜਾਣ ਦਾ ਸੀ, ਪਰ ਇਨ੍ਹਾਂ ਖ਼ਬਰਾਂ ਨੇ ਉਸਨੂੰ ਪਹਿਲਾਂ ਸਹਾਰਨਪੁਰ ਵਲ ਕੂਚ ਕਰਨ ਲਈ ਮਜਬੂਰ ਕਰ ਦਿਤਾ। ਜਦ ਸੱਯਦ ਅਲੀ ਮੁਹੰਮਦ ਨੂੰ ਸਿੱਖਾਂ ਦੇ ਇਧਰ ਆਉਣ ਦਾ ਪਤਾ ਲੱਗਾ, ਤਾਂ ਉਹ ਰਾਤੋ ਰਾਤ ਆਪਣੇ ਟੱਬਰ ਨੂੰ ਲੈ ਕੇ ਨੱਠ ਗਿਆ। ਉਥੋਂ ਦੇ ਰਈਸਾਂ ਤੇ ਅਮੀਰਾਂ ਨੇ ਉਸਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਸਰਹੰਦ ਦੇ ਫ਼ੌਜਦਾਰ ਦਾ ਹਸ਼ਰ ਵੇਖ ਚੁਕਿਆ ਸੀ, ਸੋ ਉਸਨੇ ਇਕ ਨਾ ਸੁਣੀ। ਸਿੱਖ, ਜਦ ਸਹਾਰਨਪੁਰ ਪੁਜੇ, ਤਾਂ ਮੈਦਾਨ ਖ਼ਾਲੀ ਸੀ। ਫ਼ੌਜੀਆਂ ਨੇ ਸ਼ਹਿਰ ਨੂੰ ਚੰਗੀ ਤਰ੍ਹਾਂ ਲੁਟਿਆ ਤੇ ਜਰਵਾਣਿਆਂ ਨੂੰ ਉਨ੍ਹਾਂ ਦੀਆਂ ਕਰਤੂਤਾਂ ਦੀਆਂ ਕੜੀਆਂ ਸਜ਼ਾਵਾਂ ਦਿਤੀਆਂ। ਸਹਾਰਨਪੁਰੋਂ ਥੋੜ੍ਹੀ ਦੂਰ ਇਕ ਪਿੰਡ ਬੇ-ਹੁਟ ਨਾਂ ਦਾ ਸੀ, ਇਥੋਂ ਦੇ ਪੀਰ, ਇਲਾਕੇ ਦੇ ਹਿੰਦੂਆਂ ਪੁਰ ਬੜਾ ਜ਼ੁਲਮ ਕਰਦੇ ਸਨ। ਇਹ ਲੋਕ ਗਊ-ਹੱਤਿਆ ਕਰਕੇ ਹਿੰਦੂਆਂ ਦੇ ਜਜ਼ਬਿਆਂ ਨੂੰ ਠੇਸ ਪੁਚਾਂਦੇ ਰਹਿੰਦੇ ਸਨ। ਸਿੱਖਾਂ ਦੇ ਇਕ ਦਸਤੇ ਨੇ ਇਸ ਪਿੰਡ ਜਾ ਕੇ ਪੀਰਾਂ ਦੇ ਘਰ ਲੁਟ ਲਏ ਤੇ 300 ਦੇ ਕਰੀਬ ਪੀਰਜ਼ਾਦਿਆਂ ਨੂੰ ਕਤਲ ਕਰਕੇ ਉਨ੍ਹਾਂ ਦਾ ਨਾਮੋ-ਨਿਸ਼ਾਨ ਮਿਟਾ ਦਿਤਾ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਲਾਲਾਬਾਦ ਤੇ ਹੱਲਾ

ਜਲਾਲਾਬਾਦ ਦੇ ਇਲਾਕੇ ਦੇ ਨਵ-ਸਜੇ ਸਿੰਘ, ਸਣੇ ਕਪੂਰ ਸਿੰਘ ਦੇ ਕੈਦ ਸਨ। ਇਥੋਂ ਦਾ ਹਾਕਮ ਜਲਾਲ ਖ਼ਾਂ, ਅਲੀ ਮੁਹੰਮਦ ਵਾਂਗ ਬੁਜ਼ਦਿਲ ਨਹੀਂ ਸੀ। ਉਸਨੇ ਕਈ ਲੜਾਈਆਂ ਵਿਚ ਜਿੱਤਾਂ ਪ੍ਰਾਪਤ ਕੀਤੀਆਂ ਸਨ।

ਬੰਦੇ ਬਹਾਦਰ ਨੇ ਸਭ ਤੋਂ ਪਹਿਲਾਂ ਜਲਾਲ ਖ਼ਾਂ ਵਲ ਸੁਨੇਹਾ ਘਲਿਆ, ਕਿ ਜੇ ਉਹ ਈਨ ਮੰਨ ਲਵੇ, ਤੇ ਕੈਦ ਕੀਤੇ ਸਿੰਘਾਂ ਨੂੰ ਰਿਹਾ ਕਰ ਦੇਵੇ, ਤਾਂ ਜਲਾਲਾਬਾਦ ਪੁਰ ਹਮਲਾ ਨਹੀਂ ਕੀਤਾ ਜਾਵੇਗਾ। ਉਧਰ ਜਲਾਲ ਖ਼ਾਂ ਨੇ ਦੋ ਟੂਕ ਉਤਰ ਦਿਤਾ, ਕਿ ਜਿੱਤ ਹਾਰ ਦਾ ਫ਼ੈਸਲਾ ਲੜਾਈ ਦੇ ਮੈਦਾਨ ਵਿਚ ਹੋਵੇਗਾ। ਉਸਨੇ ਬੰਦੇ ਦੇ ਭੇਜੇ ਕਈ ਨੁਮਾਇੰਦਿਆਂ ਨੂੰ ਖੋਤਿਆਂ ਤੇ ਬਿਠਾ ਕੇ ਜਲਾਲਾਬਾਦ ਦੇ ਬਜ਼ਾਰਾਂ ਵਿਚ ਪਰੇਡ ਕਰਾ ਕੇ ਉਨ੍ਹਾਂ ਦੀ ਬੇਇੱਜ਼ਤੀ ਕੀਤੀ। ਉਸ ਪਾਸ ਪਠਾਣਾਂ ਦੀ ਤਕੜੀ ਫੌਜ ਸੀ। ਬੜਾ ਮਜ਼ਬੂਤ ਕਿਲ੍ਹਾ ਤੇ ਭਾਰੀ ਮਾਤਰਾ ਵਿਚ ਹਥਿਆਰ ਸਨ। ਉਹ ਮੁਕਾਬਲੇ ਲਈ ਤਿਆਰ ਹੋ ਗਿਆ, ਤੇ ਬੰਦੇ ਦੇ ਚੈਲੰਜ ਨੂੰ ਉਸਨੇ ਪ੍ਰਵਾਨ ਕਰ ਲਿਆ।

ਸਿੱਖ ਫੌਜ ਨੇ ਕੂਚ ਦਾ ਬਿਗਲ ਬਜਾ ਦਿਤਾ। ਜਲਾਲਾਬਾਦ, ਸਹਾਰਨਪੁਰੋਂ 20 ਕੋਹਾਂ ਦੀ ਦੂਰੀ ਤੇ ਹੈ। ਰਾਹ ਵਿਚ ਅੰਬੇਟੇ ਨਨੇਤੇ ਨੂੰ ਸੋਧਦੇ ਜੁਲਾਈ ਸੰਨ 1710 ਈ: ਵਿਚ ਸਿੱਖ ਜਲਾਲਾਬਾਦ ਜਾ ਪਏ। ਜਲਾਲਾਬਾਦ ਵਿਚ ਅੱਗੇ ਪੂਰੀ ਪੂਰੀ ਤਿਆਰੀ ਹੋਈ ਹੋਈ ਸੀ। ਪੂਰੇ ਤਿੰਨ ਦਿਨ ਤਕ ਲੜਾਈ ਹੁੰਦੀ ਰਹੀ। ਜਦ ਪਠਾਣ, ਸਿੱਖਾਂ ਦੇ ਘੇਰੇ ਵਿਚ ਆ ਗਏ ਤੇ ਉਨ੍ਹਾਂ ਦੇ ਦੋ ਬਹਾਦਰ ਆਗੂ—ਜਮਾਲ ਖ਼ਾਂ ਤੇ ਪੀਰ ਖ਼ਾਂ—ਮਾਰੇ ਗਏ। ਸੋ ਫ਼ੌਰਨ ਜਲਾਲ ਖ਼ਾਂ ਦੇ ਪੁੱਤਰ ਦੀਨਦਾਰ ਖ਼ਾਂ ਨੂੰ ਸੱਤ ਸੌ ਦੋਣਵੇਂ ਜਵਾਨ ਦੇ ਕੇ ਸਿੱਖਾਂ ਦੇ ਟਾਕਰੇ ਲਈ ਭੇਜਿਆ ਗਿਆ।

ਜਲਾਲਾਬਾਦੀ ਫੌਜ ਸਵੇਰ ਦੀ ਨਮਾਜ਼ ਪੜ੍ਹ ਕੇ "ਅਲੀ ਅਲੀ" ਦੇ ਨਾਹਰੇ ਮਾਰਦੀ ਸਿੰਘਾਂ ਪੁਰ ਆਣ ਪਈ। ਚੰਗੀ ਤਕੜੀ ਕਟ-ਵਢ ਪਿਛੋਂ ਇਨ੍ਹਾਂ ਦਾ ਲੜਾਈ ਦਾ ਪਾਸਾ ਤਾਂ ਭਾਰੀ ਨਾ ਹੋ ਸਕਿਆ, ਪਰ ਇਹ ਜਮਾਲ ਖ਼ਾਂ ਤੇ ਪੀਰ ਖ਼ਾਂ ਦੀਆਂ ਲੋਥਾਂ ਜ਼ਰੂਰ ਉਠਾ ਕੇ ਲੈ ਗਏ। ਪਠਾਣੀ ਫੌਜ, ਸਿੱਖਾਂ ਦੇ ਤਕੜੇ ਘੇਰੇ 'ਚੋਂ ਆਪਣੇ ਆਪ ਨੂੰ ਬਚਾਂਦੀ ਸ਼ਹਿਰ ਵਿਚ ਦਾਖ਼ਲ ਹੋ ਕਿਲ੍ਹੇ-ਬੰਦ ਹੋ ਗਈ। ਸਿੱਖਾਂ ਨੇ ਜਲਾਲਾਬਾਦ ਸ਼ਹਿਰ ਨੂੰ ਘੇਰੇ ਵਿਚ ਲੈ ਲਿਆ, ਪਰ ਇਸਦਾ ਸਰ ਕਰਨਾ ਸੌਖਾ ਕੰਮ ਨਹੀਂ ਸੀ। ਸ਼ਹਿਰ ਦੇ ਬਾਹਰ ਦੀ ਮਜ਼ਬੂਤ ਕਿਲ੍ਹਾ-ਨੁਮਾ ਚਾਰ-ਦੀਵਾਰੀ, ਤੇ ਉਪਰੋਂ ਲਗਾਤਾਰ ਬਾਰਸ਼ਾਂ ਨੇ ਸ਼ਹਿਰ ਨੂੰ ਆਪਣੀ ਹਿਫ਼ਾਜ਼ਤ ਵਿਚ ਲੈ ਲਿਆ। ਕਿੰਨੇ ਦਿਨ ਸਿੱਖ ਫੌਜ ਸ਼ਹਿਰ ਨੂੰ ਘੇਰੀ ਤੇ ਚੁਪਾਸੀਂ ਲੁਟ-ਮਾਰ ਕਰਦੀ ਉਥੇ ਪਈ ਰਹੀ, ਪਰ ਇਹ ਮੋਰਚਾ ਮੁਕੰਮਲ ਤੌਰ ਤੇ ਸਰ ਨਾ ਹੋ ਸਕਿਆ। ਬਾਰਸ਼ਾਂ ਦੇ ਵਿਘਨ ਕਾਰਨ ਇਹ ਮੁਹਿੰਮ ਅੱਗੋਂ ਪਾ ਕੇ ਸਿੱਖ ਫੌਜ ਇਸ ਘੇਰੇ ਨੂੰ ਵਿਚੇ ਛੱਡ ਕੇ ਕਰਨਾਲ ਵਲ ਹ ਤੁਰੀ। ਉਧਰ ਜਲਾਲ ਖ਼ਾਂ ਨੇ ਸਿੱਖਾਂ ਦੇ ਘੇਰਾ ਛੱਡਦਿਆਂ ਹੀ ਕੈਦ ਕੀਤੇ ਹੋਏ ਸਾਰੇ ਸਿੱਖਾਂ ਨੂੰ ਕਤਲ ਕਰ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਨਾਲ ਤੇ ਪਾਨੀਪਤ ਤੇ ਹਮਲਾ

ਬੰਦੇ ਨੂੰ ਆਸ ਸੀ, ਕਿ ਜਲਾਲਾਬਾਦ ਵਾਂਗ ਕਰਨਾਲ ਵਿਚ ਵੀ ਤਕੜਾ ਟਾਕਰਾ ਹੋਵੇਗਾ, ਪਰ ਉਥੋਂ ਦਾ ਹਾਕਮ ਬੰਦੇ ਦੇ ਆਣ ਦੀ ਖਬਰ ਸੁਣ ਕੇ ਮੈਦਾਨ ਛੱਡ ਕੇ ਨਠ ਉਠਿਆ। ਇਸ ਤੋਂ ਅੱਗੇ ਪਾਨੀਪਤ ਤਕ ਉਨ੍ਹਾਂ ਦੇ ਸਾਹਮਣੇ ਕੋਈ ਤਾਕਤ ਨਾ ਖੜੋ ਸਕੀ।

ਹੁਣ ਹਾਲਤ ਇਹ ਸੀ, ਕਿ ਮੁਲਤਾਨ ਤੋਂ ਦਿੱਲੀ ਤਕ ਬੰਦੇ ਦੇ ਨਾਂ ਤੋਂ ਮੁਗ਼ਲ ਹਕੂਮਤ ਕੰਬ ਰਹੀ ਸੀ।[1] ਦਿੱਲੀ ਦੇ ਸੂਬੇਦਾਰ ਆਸਫ਼-ਉਲ-ਦੌਲਾ ਵਿਚ ਇੰਨੀ ਹਿੰਮਤ ਨਹੀਂ ਸੀ, ਕਿ ਉਹ ਬੰਦੇ ਦੀ ਵਧਦੀ ਤਾਕਤ ਦਾ ਮੁਕਾਬਲਾ ਕਰ ਸਕੇ। ਇਸ ਇਲਾਕੇ ਦੇ ਲੋਕ ਡਰਦੇ ਮਾਰੇ ਆਪਣਾ ਘਰ ਘਾਟ ਛੱਡ ਕੇ ਨਠ ਗਏ।

---

1. ਅੱਜਕਲ ਦੇ ਜਲਾਲਾਬਾਦ ਦੀ ਥਾਂ ਪਹਿਲਾਂ ਇਥੇ ਰਾਜਪੂਤ ਵਸਦੇ ਸਨ। ਉਦੋਂ ਇਸ ਸ਼ਹਿਰ ਦਾ ਨਾਂ 'ਖੇੜਾ ਮਨਿਹਾਰ' ਸੀ। ਇਹ ਰਾਜਪੂਤ ਬੜੇ ਬਹਾਦਰ ਤੇ ਆਪ-ਹੁਦਰੇ ਸਨ।

   ਇਸ ਇਲਾਕੇ ਦੇ ਹਾਕਮਾਂ ਨੂੰ ਇਹ ਲੋਕ ਟੈਕਸ ਵਜੋਂ ਇਕ ਕੌਡੀ ਵੀ ਨਹੀਂ ਸਨ ਦੇਂਦੇ। ਜਲਾਲ ਖ਼ਾਂ ਦਾ ਪਿਉ ਹਜ਼ਾਰ ਖ਼ਾਂ ਜਦ ਸਹਾਰਨਪੁਰ ਦਾ ਸੂਬਾ ਬਣਿਆ, ਤਾਂ ਇਹ ਰਾਜਪੂਤ ਬਾਗ਼ੀ ਹੋ ਗਏ। ਉਸਨੇ ਰਾਜਪੂਤਾਂ ਨਾਲ ਤਕੜੀ ਲੜਾਈ ਲੜੀ, ਪਰ ਇਸ ਲੜਾਈ ਵਿਚ ਜਿੱਤ ਹਾਰ ਦਾ ਕੋਈ ਫ਼ੈਸਲਾ ਨਾ ਹੋ ਸਕਿਆ, ਹਜ਼ਾਰ ਖ਼ਾਂ ਲੜਾਈ ਵਿਚ ਮਾਰਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦੇ ਦੀਆਂ ਜਿੱਤਾਂ

[3]

ਹੈਦਰੀ ਝੰਡੇ ਹੇਠਾਂ ਇਕੱਠ

ਜਦ ਬੰਦੇ ਬਹਾਦਰ ਨੇ ਗੁਰੂ ਮਾਰੀ ਸਰਹੰਦ ਦੀ ਖੇਹ ਖਬੜੀ ਉਡਾ ਕੇ ਤੇ ਉਸ ਦੇ ਕਿਲ੍ਹੇ ਪੁਰ ਖ਼ਾਲਸਾਈ ਝੰਡਾ ਗੱਡ ਦਿਤਾ, ਤਾਂ ਪੰਜਾਬ ਦੇ ਕੋਨੇ ਕੋਨੇ ਵਿਚ ਦਬਕ ਕੇ ਬੈਠੈ ਹੋਏ ਸਿੱਖ ਉਠ ਖੜੋਤੇ। ਬੰਦਾ, ਆਪਣੀ ਫੌਜ ਲੈ ਕੇ ਸਹਾਰਨਪੁਰ ਵਲ ਨਿਕਲ ਗਿਆ, ਤਾਂ ਪਿਛੋਂ ਮਾਝੇ ਦੇ ਸਿੱਖ ਵੀ ਮੁਗਲ ਹਕੂਮਤ ਤੋਂ ਆਕੀ ਹੋ ਬੈਠੇ। ਉਨ੍ਹਾਂ ਨੇ ਅੰਮ੍ਰਿਤਸਰ ਵਿਖੇ, ਇਕ ਤਕੜਾ ਇਕੱਠ ਕੀਤਾ, ਤੇ ਗੁਰਮਤਾ ਸੋਧ ਕੇ ਕਈ ਇਲਾਕਿਆਂ ਪੁਰ ਕਬਜ਼ਾ ਕਰ ਲਿਆ। ਉਨ੍ਹੀਂ ਦਿਨੀਂ ਲਾਹੌਰ ਦਾ ਸੂਬਾ ਅਸਲਮ ਖ਼ਾਂ ਸੀ। ਉਹ ਸਿੱਖਾਂ ਨੂੰ ਦਿੱਲੀ ਤਕ ਪਸਰਿਆ ਵੇਖ ਕੇ ਘਬਰਾ ਗਿਆ। ਉਦੋਂ ਲੁਟ-ਮਾਰ ਕਰਦੇ ਸਿੱਖ, ਕਾਹਨੂਵਾਨ ਤਕ ਜਾ ਪੁਜੇ ਸਨ।

ਉਸ ਸਮੇਂ ਲਾਹੌਰ ਜ਼ਿਲੇ ਦੇ ਪਿੰਡਾਂ ਦੇ ਮੁਸਲਮਾਨ ਆਪਣੀ ਜਾਨ ਬਚਾਣ ਲਈ ਲਾਹੌਰ ਸ਼ਹਿਰ ਵਲ ਉਠ ਨਠੇ। ਰਾਹ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਭਜੇ ਜਾਂਦੇ ਇਹ ਲੋਕ ਸਿੱਖ ਫੌਜੀਆਂ ਦਾ ਸ਼ਿਕਾਰ ਹੋ ਗਏ। ਇਲਾਕੇ ਦੇ ਹਿੰਦੂ ਮੁਸਲਮਾਨ, ਜੇਹੜੇ ਹਾਕਮਾਂ ਤੋਂ ਤੰਗ ਸਨ, ਉਨ੍ਹਾਂ ਵੀ ਇਨ੍ਹਾਂ ਦੀ ਚੰਗੀ ਖ਼ਬਰ ਲਈ ਤੇ ਪਿਛਲੇ ਜ਼ੁਲਮਾਂ ਦੇ ਗਿਣ ਗਿਣ ਕੇ ਬਦਲੇ ਲਏ। ਇਸ ਤਰ੍ਹਾਂ ਲੋਕਾਂ ਦੇ ਪਿੰਡ ਛਡਕੇ ਨਠ ਉਠਣ ਨਾਲ ਪੇਂਡੂਆਂ ਦੇ ਦਿਲਾਂ ਵਿਚ ਹੋਰ ਵਧੇਰੇ ਖ਼ੌਫ਼ ਪੈਦਾ ਹੋ ਗਿਆ। ਪਰ ਲੁਕ-ਛਿਪ ਕੇ ਤੇ ਮੁਸੀਬਤਾਂ ਉਠਾ ਕੇ ਜਿਹੜੇ ਪੇਂਡੂ, ਮੌਲਵੀ ਤੇ ਹਕੂਮਤ ਦੇ ਕਾਰਿੰਦੇ ਲਾਹੌਰ ਪੁਜੇ, ਉਨ੍ਹਾਂ ਇਥੇ ਵੀ ਆਪਣੀ ਹਿਫ਼ਾਜ਼ਤ ਨਾ ਸਮਝੀ। ਲਾਹੌਰੀ ਸੂਬਾ ਅਸਲਮ ਖ਼ਾਂ ਤਿਆਰੀ ਵਜੋਂ ਅਵੇਸਲਾ ਹੋਈ ਬੈਠਾ ਸੀ, ਤੇ ਇਸ ਤਾੜ ਵਿਚ ਸੀ, ਕਿ ਜੇ ਸਿੱਖਾਂ ਵਲੋਂ ਲਾਹੌਰ ਤੇ ਹਮਲਾ ਹੋ ਗਿਆ, ਤਾਂ ਉਹ ਚੁਪ-ਚਾਪ ਇਥੋਂ ਖਿਸਕ ਜਾਵੇਗਾ। ਇਹ ਹਾਲਤ ਵੇਖ ਕੇ ਮੁਲਾਣਿਆਂ ਨੇ ਇਸ ਮੁਆਮਲੇ ਨੂੰ ਮਜ਼ਬੀ ਰੰਗ ਚਾੜ੍ਹਿਆ। ਪਿੰਡ ਪਿੰਡ ਢੰਡੋਰਾ ਪਿਟਿਆ ਗਿਆ, ਕਿ ਲਾਹੌਰ ਵਿਚ ਹੈਦਰੀ ਝੰਡੇ ਹੇਠ ਸਭ ਮੁਸਲਮਾਨ ਇਕੱਠੇ ਹੋ ਜਾਣ, ਵਰਨਾ ਹਕੂਮਤ ਦੇ ਨਾਲ ਹੀ ਉਨ੍ਹਾਂ ਦੇ ਦੀਨ ਨੂੰ ਵੀ ਸਖ਼ਤ ਖ਼ਤਰਾ ਹੈ। ਇਸ ਐਲਾਨ ਨਾਲ ਇਲਾਕੇ ਦੇ ਹਥਿਆਰ-ਬੰਦ ਮੁਸਲਮਾਨ, ਪਠਾਣ, ਸ਼ੇਖ਼, ਤੇ ਮੁਗ਼ਲ ਸਾਰੇ "**ਹੈਦਰੀ ਝੰਡੇ**" ਹੇਠਾਂ ਇਕੱਤ੍ਰ ਹੋ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਖਾਂ ਤੇ ਜਵਾਬੀ ਹਮਲਾ

ਇਸ ਸਮੇਂ ਸਿੱਖਾਂ ਦਾ ਜੰਗਜੂ ਫ਼ੌਜੀ ਦਸਤਾਂ ਤਾਂ ਸਹਾਰਨਪੁਰ ਵਲ ਗਿਆ ਹੋਇਆ ਸੀ, ਪਿਛੇ ਗਿਣਤੀ ਦੇ ਹੀ ਸਿੱਖ ਸਨ। ਉਨ੍ਹਾਂ ਦੀ ਸਾਰੀ ਗਿਣਤੀ ਇਕ ਹਜ਼ਾਰ ਤੋਂ ਵਧ ਨਹੀਂ ਸੀ। ਉਨ੍ਹਾਂ ਨੂੰ ਆਪਣੇ ਫ਼ੌਜੀਆਂ ਪੁਰ ਬੜਾ ਮਾਣ ਸੀ, ਇਸੇ ਲਈ ਬੰਦੇ ਦੀ ਗ਼ੈਰ-ਹਾਜ਼ਰੀ ਵਿਚ ਉਨ੍ਹਾਂ ਲੜਾਈ ਜਾਰੀ ਰਖੀ ਤੇ ਬੰਦੇ ਨੂੰ ਪੰਜਾਬ ਵਲ ਪਰਤ ਆਣ ਦਾ ਸੁਨੇਹਾ ਘਲ ਦਿਤਾ।

ਇਧਰ ਪੰਜਾਬ ਦੇ ਸਿੱਖਾਂ ਨੇ ਆਪਣੀ ਫ਼ੌਜ ਦੇ ਚਾਰ ਹਿੱਸੇ ਬਣਾ ਲਏ। ਇਹ ਚਾਰ ਦਲ ਬੰਦੇ ਦੇ ਜਿੱਤੇ ਹੋਏ ਪੰਜਾਬ ਦੀਆਂ ਹੱਦਾਂ ਵਧਾਣ ਦੇ ਆਹਰੀਂ ਲੱਗ ਗਏ। ਇਕ ਜੱਥਾ ਲਾਹੌਰ ਦੇ ਨੇੜੇ ਦੇ ਇਕ ਪਿੰਡ ਨੇਸ਼ਟਾ ਵਿਚ ਕਾਨੂੰਗੋ ਭਗਵੰਤ ਰਾਏ ਦੀ ਹਵੇਲੀ ਜਾ ਉਤਰਿਆ। ਹੈਦਰੀ ਝੰਡੇ ਵਾਲੇ, ਗ਼ਾਜ਼ੀਆਂ ਦੀ ਤਕੜੀ ਫ਼ੌਜ ਲੈ ਕੁਕੜ ਦੀ ਬਾਂਗ ਨਾਲ ਉਸ ਹਵੇਲੀ ਦੇ ਦਵਾਲੇ ਜਾ ਹੋਏ। ਸਿੱਖਾਂ ਨੂੰ ਗ਼ਾਜ਼ੀਆਂ ਦੀ ਆਮਦ ਦਾ ਪਤਾ ਲੱਗ ਗਿਆ ਸੀ, ਸੋ ਉਹਨਾਂ ਵੀ ਹਵੇਲੀ ਦੀ ਥੋੜ੍ਹੀ ਬਹੁਤ ਪਕਿਆਈ ਕਰ ਲਈ। ਗ਼ਾਜ਼ੀਆਂ ਨੇ ਜਦ ਪਹਿਲੀ ਵਾਰ "ਅਲੀ ਅਲੀ" ਦਾ ਨਾਹਰਾ ਮਾਰ ਕੇ ਹਵੇਲੀ ਪੁਰ ਹੱਲਾ ਬੋਲਿਆ, ਤਾਂ ਗਿਣਤੀ ਦੇ ਸਿੱਖਾਂ ਦੀਆਂ ਗੋਲੀਆਂ ਤੇ ਤੀਰਾਂ ਨਾਲ ਸੈਂਕੜੇ ਦੁਸ਼ਮਣ ਧਰਤੀ ਤੇ ਆ ਰਹੇ। ਮੁੜ ਮੁੜ ਕੇ ਮਜ਼ਹਬੀ ਜੋਸ਼ ਨਾਲ ਉਹ ਹਵੇਲੀ ਪੁਰ ਹੱਲਾ ਬੋਲਦੇ ਸਨ, ਪਰ ਹਰ ਵਾਰੀ ਉਹਨਾਂ ਨੂੰ ਮੂੰਹ ਦੀ ਖਾਣੀ ਪੈਂਦੀ ਸੀ। ਸਿੱਖਾਂ ਦਾ ਹਵੇਲੀ ਅੰਦਰ ਹੋਣ ਕਰਕੇ ਘਟ ਨੁਕਸਾਨ ਹੁੰਦਾ, ਪਰ ਦੁਸ਼ਮਣ ਦਾ ਮੈਦਾਨ ਵਿਚ ਹੋਣ ਕਾਰਣ ਤਕੜਾ ਨੁਕਸਾਨ ਹੋਇਆ।

ਗਿਣਤੀ ਵਿਚ ਸਿੱਖ ਫ਼ੌਜੀ ਬਹੁਤ ਥੋੜੇ ਹੋਣ ਕਰਕੇ ਬਹੁਤੀ ਦੇਰ ਮੁਕਾਬਲਾ ਕਰਨੋਂ ਕਤਰਾਂਦੇ ਸਨ। ਸੋ ਉਹ ਰਾਤ ਨੂੰ ਦੁਸ਼ਮਨ ਦੀ ਇਕ ਕਮਜ਼ੋਰ ਬਾਹੀ ਭੰਨ ਕੇ ਨਿਕਲ ਤੁਰੇ। ਗ਼ਾਜ਼ੀਆਂ ਨੇ ਕਿਲ੍ਹਾ ਖ਼ਾਲੀ ਵੇਖ ਕੇ ਸ਼ੋਰ ਮਚਾ ਦਿਤਾ, ਕਿ ਸਿੱਖ ਡਰਦੇ ਮਾਰੇ ਨਠ ਗਏ ਹਨ। ਪਰ ਇਹ ਉਹਨਾਂ ਦੀ ਭੁਲ ਸੀ। ਸਿੱਖ ਮੁਢ ਤੋਂ ਹੀ ਗੁਰੀਲਾ ਜੰਗ ਖੇਡਣ ਦੇ ਆਦੀ ਸਨ। ਉਹ ਜਦੋਂ ਆਪਣੇ ਆਪ ਨੂੰ ਕਮਜ਼ੋਰ ਵੇਖਦੇ, ਹਰਨ ਹੋ ਜਾਂਦੇ, ਤੇ ਫਿਰ ਆਪਣੀ ਫ਼ੌਜੀ ਸ਼ਕਤੀ ਇਕੱਤ੍ਰ ਕਰਕੇ ਦੁਸ਼ਮਨ ਪੁਰ ਅਚਾਨਕ ਆ ਟੁਟਦੇ, ਤੇ ਇਸ ਤਰ੍ਹਾਂ ਦੁਸ਼ਮਨ ਦਾ ਵਧੇਰੇ ਨੁਕਸਾਨ ਹੁੰਦਾ।

ਦੂਜਾ ਹੱਲਾ—ਚਮਿਆਰੀ ਦੀ ਲੜਾਈ

ਉਪ੍ਰੋਕਤ ਲੜਾਈ ਵਿਚ ਗ਼ਾਜ਼ੀ, ਜਿੱਤ ਦੀ ਖ਼ੁਸ਼ੀ ਵਿਚ ਸ਼ਾਦੀਆਨੇ ਵਜਾਂਦੇ ਲਾਹੌਰ ਆ ਗਏ, ਪਰ ਥੋੜੇ ਦਿਨਾਂ ਪਿਛੋਂ ਫਿਰ ਖ਼ਬਰਾਂ ਪੁਜੀਆਂ, ਕਿ ਸਿੱਖਾਂ ਨੇ ਮੁੜ ਲੁਟ-ਮਾਰ ਸ਼ੁਰੂ ਕਰ ਦਿਤੀ ਹੈ ਤੇ 'ਚਮਿਆਰੀ' ਪਿੰਡ ਆਣ ਡੇਰੇ ਗੱਡੇ ਹਨ। ਪਿਛਲੀ ਜਿੱਤ ਤੋਂ ਭੂਹੇ ਹੋਈਆਂ ਪਿੰਡ ਪਿੰਡ ਮਜ਼ਹਬੀ ਜੋਸ਼ ਫੈਲਾਂਦੀਆਂ ਤੇ ਹੈਦਰੀ ਝੰਡਾ ਝੁਲਾਂਦੀਆਂ ਲਾਹੌਰੀ ਫ਼ੌਜਾਂ ਅੱਗੇ ਤੋਂ ਵੀ ਵੱਡਾ ਦਲ ਇਕੱਠਾ ਕਰਕੇ ਚਮਿਆਰੀ ਵਲ ਨੂੰ ਤੁਰ ਪਈਆਂ। ਰਾਹ ਦੇ ਗ਼ਰੀਬ ਜੱਟਾਂ ਨੂੰ ਤਬਾਹ ਕਰਦੇ, ਨੌਜਵਾਨ ਇਸਤ੍ਰੀਆਂ ਦੇ ਸਤ ਭੰਗ ਕਰਦੇ ਤੇ ਬੇ-ਗੁਨਾਹ ਧਰਤੀ ਨੂੰ ਖ਼ੂਨ ਨਾਲ ਰੰਗਦੇ, ਇਹ ਜਹਾਦੀ ਜਦ ਭੀਲੋਵਾਲ ਪੁਜੇ, ਤਾਂ ਇਹਨਾਂ ਦੀਆਂ ਕਰਤੂਤਾਂ ਤੋਂ ਜਹਾਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਦਾਰ ਵੀ ਤੰਗ ਆ ਗਏ ਸਨ । ਫੌਜ ਦੇ ਅਫ਼ਸਰਾਂ ਨੇ, ਮੁਲਖਈਏ ਨੂੰ ਆਪ-ਹੁਦਰੀਆਂ ਤੋਂ ਬਾਜ਼ ਰਖਣ ਲਈ ਕਈ ਬਦਮਾਸ਼ਾਂ ਨੂੰ ਸਖ਼ਤ ਸਜ਼ਾਂਵਾਂ ਦਿਤੀਆਂ, ਪਰ ਜਥੇਬੰਦੀ ਮਜ਼ਬੂਤ ਨਾ ਹੋਣ ਕਾਰਨ ਕਿਸੇ ਤਰ੍ਹਾਂ ਠੱਲ ਨਾ ਪੈ ਸਕੀ ।

ਉਸ ਸਮੇਂ ਸਿੰਘਾਂ ਦਾ ਜਥਾ ਚਮਿਆਰੀ (ਰਾਜਾ ਸਾਂਸੀ ਦੇ ਨੇੜੇ) ਠਹਿਰਿਆ ਹੋਇਆ ਸੀ । ਇਹਨਾਂ ਦੀ ਗਿਣਤੀ 500 ਦੇ ਕਰੀਬ ਸੀ ।

ਹਾਲਾਤ ਵਸ ਇਲਾਕੇ ਦੇ ਹਾਕਮਾਂ ਤੋਂ ਤੰਗ ਆਏ ਹੋਏ, ਦੋ-ਤਿੰਨ ਸੌ ਪਠਾਣ ਵੀ ਸਿੱਖ ਫੌਜ ਵਿਚ ਆ ਸ਼ਾਮਲ ਹੋਏ ਸਨ, ਪਰ ਜਦ ਪਠਾਣਾਂ ਨੇ ਲੜਾਈ ਵਿਚ ਲਾਹੌਰੀ ਫੌਜ ਦਾ ਪਾਸਾ ਭਾਰੀ ਵੇਖਿਆ, ਤਾਂ ਉਹ ਚੁਪਚਾਪ ਆਪੋ ਆਪਣੇ ਪਿੰਡਾਂ ਵਲ ਭਜ ਉਠੇ । ਲੜਾਈ ਦੇ ਮੈਦਾਨੋਂ ਇਸ ਦਸਤੇ ਦੇ ਅਚਾਨਕ ਨਠਣ ਨਾਲ ਜਹਾਦੀਆਂ ਦੇ ਹੌਸਲੇ ਦੂਣੇ ਹੋ ਗਏ । ਉਹ ਵਧ ਵਧ ਕੇ ਤਲਵਾਰਾਂ ਚਲਾਣ ਲੱਗੇ । ਗਿਣਤੀ ਦੇ ਸਿੱਖਾਂ ਦੇ ਭਾਅ ਦੀ ਬਣ ਗਈ । ਉਹ ਪਿਛਾਂਹ ਹਟਦੇ ਹਟਦੇ ਚਮਿਆਰੀ ਦੇ ਛੋਟੇ ਜੇਹੇ ਕਿਲ੍ਹੇ ਵਿਚ ਜਾ ਵੜੇ । ਐਨ ਇਸ ਵੇਲੇ ਬਾਰਸ਼ ਸ਼ੁਰੂ ਹੋ ਗਈ, ਜਿਸ ਨਾਲ ਲੜਾਈ ਥੰਮ੍ਹ ਗਈ, ਤੇ ਚੁਪਾਸੀਂ ਸ਼ਾਂਤੀ ਹੋ ਗਈ, ਪਰ ਅੱਧੀ ਰਾਤ ਨੂੰ ਜਦ ਦੁਸ਼ਮਣ ਦੀ ਫੌਜ ਘੂਕ ਸੁਤੀ ਪਈ ਸੀ,ਤਾਂ ਗੜ੍ਹੀ 'ਚੋਂ ਸਿੱਖ ਨਿਕਲੇ । ਉਹ ਸੁਤੇ ਪਏ ਗ਼ਾਜ਼ੀਆਂ ਨੂੰ ਸਦਾ ਦੀ ਨੀਂਦੇ ਸੁਆਂਦੇ ਤੇ ਹੱਥ ਆਇਆ ਮਾਲ ਲੁਟਦੇ, ਇਕ ਪਾਸੇ ਨੂੰ ਨਿਕਲ ਗਏ । ਸ਼ਿਕਾਰ ਨੂੰ ਹਥੋਂ ਜਾਂਦਿਆਂ ਵੇਖ ਲਾਹੌਰੀ ਫੌਜ ਦੇ ਸਰਦਾਰਾਂ ਨੂੰ ਸਖ਼ਤ ਅਫ਼ਸੋਸ ਹੋਇਆ । ਦੂਜੇ ਦਿਨ ਇਹ ਫੌਜ ਸ਼ਿਕਾਰ ਦੇ ਹਥੋਂ ਨਿਕਲ ਜਾਣ ਤੇ ਰਾਹ ਦੇ ਬੇਗੁਨਾਹਾਂ ਤੇ ਜ਼ੁਲਮ ਢਾਹੁੰਦੀ ਭੀਲੋਵਾਲ ਆ ਪੁਜੀ । ਮੁਰਤਜ਼ਾ ਖ਼ਾਂ ਖਰਲ ਤੇ ਮੀਰ ਅਤਾ-ਉੱਲਾ ਦੀ ਫੌਜ ਤਾਂ ਕਿਲ੍ਹੇ ਵਿਚ ਜਾ ਕੇ ਅਰਾਮ ਕਰਨ ਲੱਗੀ, ਪਰ ਬਾਕੀ ਦੇ ਸਿਪਾਹੀਆਂ ਨੇ ਮੈਦਾਨ ਵਿਚ ਹੀ ਡੇਰਾ ਲਾ ਲਿਆ । ਜਦ ਰਾਤ ਨੂੰ ਇਹ ਲੋਕ ਘੂਕ ਸੁਤੇ ਪਏ ਸਨ, ਤਾਂ ਚਮਿਆਰੀਉਂ ਖਿਸਕਿਆ ਸ਼ਿਕਾਰ ਮੁੜ ਸ਼ਿਕਾਰੀ ਪੁਰ ਆਣ ਝਪਟਿਆ । ਮੈਦਾਨ ਵਿਚ ਸੁਤੇ ਪਏ ਗ਼ਾਜ਼ੀਆਂ ਨੂੰ ਸੰਭਲਣ ਦਾ ਸਮਾਂ ਹੀ ਨਾ ਮਿਲਿਆ । ਹਨੇਰੇ ਵਿਚ ਚੰਗੀ ਕਟਾ-ਵਢ ਹੋਈ । ਜਦ ਕਿਲ੍ਹੇ ਅੰਦਰ ਵਾਲੀ ਫੌਜ ਨੂੰ ਪਤਾ ਲੱਗਾ, ਤਾਂ ਉਹ ਹਥਿਆਰ-ਬੰਦ ਹੋ ਕੇ ਸਿੱਖਾਂ ਪੁਰ ਟੁਟ ਪਈ । ਪਰ ਹੁਣ ਤਕ ਬਾਹਰ ਦੇ ਮੁਲਖਈਏ 'ਚੋਂ ਬਹੁਤ ਸਾਰੇ ਬੰਦੇ ਮਾਰੇ ਗਏ ਸਨ ਤੇ ਬਾਕੀ ਦੇ ਭਜ ਗਏ ਸਨ । ਬਹਾਦਰ ਯੋਧਾ ਮੁਰਤਜ਼ਾ ਖ਼ਾਂ ਤੇ ਟੋਡਰ ਮਲ ਦਾ ਪੋਤਰਾ ਤੇ ਹੋਰ ਕਈ ਬਹਾਦਰ ਜਰਨੈਲ ਭੀਲੋਵਾਲ ਦੀ ਲੜਾਈ ਦੀ ਭੇਟਾ ਹੋ ਗਏ । ਸਿੱਖਾਂ ਨੇ ਮੈਦਾਨ ਵਿਚ ਪਏ ਮਾਲ ਨੂੰ ਲੁਟ ਲਿਆ ਤੇ ਸੂਰਜ ਦੀ ਪਹਿਲੀ ਕਿਰਨ ਤੋਂ ਪਹਿਲਾਂ ਹੀ "ਹਰਨ" ਹੋ ਗਏ ।

ਇਸ ਤਰ੍ਹਾਂ ਲਾਹੌਰੀ ਫੌਜੀ ਸਰਦਾਰ ਆਪਣੇ ਹਜ਼ਾਰਾਂ ਜਵਾਨ ਗੁਆ ਤੇ ਮਾਲ-ਮਤਾ ਅਤੇ ਹਥਿਆਰ ਖੁਹਾ ਕੇ ਹੱਥ ਮਲਦੇ ਮੁੜ ਲਾਹੌਰ ਪਰਤ ਆਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਲੰਧਰ ਤੇ ਹੁਸ਼ਿਆਰਪੁਰ ਤੇ ਖ਼ਾਲਸਾਈ ਕਬਜ਼ਾ

ਉਸ ਸਮੇਂ ਸ਼ਮਸ ਖ਼ਾਂ ਜਲੰਧਰ ਤੇ ਹਕੂਮਤ ਕਰਦਾ ਸੀ। ਉਹ ਬੜਾ ਸਖ਼ਤ-ਦਿਲ ਜ਼ਾਲਮ ਹਾਕਮ ਸੀ। ਉਧਰ ਲਾਹੌਰ ਦਾ ਹਾਕਮ ਅਬਦੁਲ ਸਮੱਦ, ਐਸ਼-ਅਰਾਮ ਵਿਚ ਮਸਤ ਸੀ, ਤਾਂ ਵੇਲਾ ਤਾੜ ਕੇ ਸ਼ਮਸ ਖ਼ਾਂ ਨੇ ਆਪਣੇ ਇਰਦ-ਗਿਰਦ ਦਾ ਇਲਾਕਾ ਬੇ-ਖਸਮਾ ਸਮਝ ਕੇ ਸੰਭਾਲ ਲਿਆ। ਸਿੱਖ, ਬੰਦੇ ਦੀਆਂ ਜਿੱਤਾਂ ਕਾਰਨ ਆਪਣੇ ਆਪ ਨੂੰ ਪੰਜਾਬ ਦਾ ਹਾਕਮ ਸਮਝਦੇ ਸਨ। ਉਹਨਾਂ ਸ਼ਮਸ ਖ਼ਾਂ ਨੂੰ ਚਿੱਠੀ ਲਿਖੀ, ਕਿ "ਜੇ ਆਪਣੀ ਸੁਖ ਲੋੜਦਾ ਏਂ, ਤਾਂ ਖ਼ਾਲਸੇ ਦੀ ਈਨ ਮੰਨ ਲੈ।" ਪਰ ਉਹ ਬੜਾ ਸਿਆਣਾ ਸੀ। ਉਹ ਵੇਲੇ ਨੂੰ ਟਾਲ ਕੇ ਤਿਆਰੀ ਵਿਚ ਜੁਟ ਪਿਆ। ਸਿੱਖ 'ਰਾਹੋਂ' ਪਿੰਡ ਦੇ ਨੇੜੇ ਪੁਜ ਗਏ। ਸ਼ਮਸ ਖ਼ਾਂ ਨੇ ਲੋਕਾਂ ਨੂੰ ਸਿੱਖਾਂ ਵਿਰੁਧ ਖ਼ੂਬ ਭੜਕਾਇਆ ਤੇ ਇਕ ਲਖ ਜਹਾਦੀ ਲੈ ਕੇ ਉਹ 11 ਅਕਤੂਬਰ, ਸੰਨ 1710 ਈ: ਨੂੰ ਪੂਰੀ ਤਿਆਰੀ ਕਰਕੇ ਸਿੱਖਾਂ ਪੁਰ ਜਾ ਪਿਆ। ਬੜੀ ਤਕੜੀ ਲੜਾਈ ਹੋਈ, ਪਰ ਦਿਨ ਦੀਵੀਂ ਫ਼ੈਸਲਾ ਕੁਝ ਨਾ ਹੋ ਸਕਿਆ। ਰਾਤ ਨੂੰ ਸਿੱਖ ਉਥੋਂ ਖੁਲ੍ਹੇ ਮੈਦਾਨ ਵਲ ਵਗ ਪਏ। ਸਵੇਰੇ ਮੈਦਾਨ ਖ਼ਾਲੀ ਵੇਖ ਕੇ ਸ਼ਮਸ ਖ਼ਾਂ ਫੁਲਿਆ ਨਾ ਸਮਾਇਆ। ਉਹ ਖ਼ੁਸ਼ੀ ਤੇ ਜਿੱਤ ਦੇ ਨਗਾਰੇ ਵਜਾਂਦਾ 'ਰਾਹੋ' ਦਾ ਕਿਲ੍ਹਾ ਛੱਡ ਕੇ ਸੁਲਤਾਨਪੁਰ ਵਲ ਤੁਰ ਪਿਆ। ਸਿੱਖ ਫੌਜ ਇਸ ਕਿਲ੍ਹੇ ਨੂੰ ਖ਼ਾਲੀ ਵੇਖ ਕੇ ਜਾ ਪਈ, ਤੇ ਥੋੜ੍ਹੀ ਜਿਹੀ ਲੜਾਈ ਮਗਰੋਂ ਕਿਲ੍ਹੇ ਤੇ ਕਾਬਜ਼ ਹੋ ਗਈ।

ਇਥੋਂ ਦੇ ਕਿਲ੍ਹੇ ਪੁਰ ਖ਼ਾਲਸਾਈ ਝੰਡਾ ਲਹਿਰਾ ਕੇ ਫੌਜ ਨੇ ਜਲੰਧਰ ਵਲ ਕੂਚ ਕਰ ਦਿਤਾ। ਇਥੇ ਬਹੁਤਾ ਖ਼ੂਨ ਖ਼ਰਾਬਾ ਨਾ ਕਰਨਾ ਪਿਆ, ਤੇ ਪਠਾਣ ਨਜ਼ਰਾਨੇ ਭੇਟ ਕਰਕੇ ਈਨ ਮੰਨ ਗਏ। ਫਗਵਾੜਾ ਵੀ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ, ਉਥੇ ਵੀ ਇਕ ਸਿੱਖ ਫੌਜੀ ਚੌਕੀ ਬਿਠਾ ਦਿਤੀ ਗਈ।

ਇਸ ਲੜਾਈ ਮਗਰੋਂ ਵੀ ਸਿੱਖ ਫੌਜੀਆਂ ਨੇ ਆਰਾਮ ਨਾ ਕੀਤਾ। ਉਹ ਕਈ ਵਾਰ ਅਚਾਨਕ ਸ਼ਮਸ ਖ਼ਾਂ ਦੇ ਸ਼ਹਿਰ ਸੁਲਤਾਨਪੁਰ ਤੇ ਜਾ ਪੈਂਦੇ ਤੇ ਜੋ ਵੀ ਬਣ ਸਰ ਆਂਦੀ, ਸੇਵਾ ਕਰਕੇ ਖਿਸਕ ਜਾਂਦੇ। ਸ਼ਮਸ ਖ਼ਾਂ ਨੇ ਆਪਣੇ ਵਲੋਂ ਇਸ ਨਵੀਂ ਪਨੀਰੀ ਨੂੰ ਬੰਨੇ ਲਾਉਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਉਹ ਖੁੰਬਾਂ ਵਾਂਗ ਵਧਦੇ ਹੀ ਗਏ। ਲਗਭਗ ਬਾਈ ਵਾਰ ਉਸਨੇ ਸਿੱਖਾਂ ਨਾਲ ਟੱਕਰਾਂ ਲਈਆਂ, ਪਰ ਜਦ ਤੀਕ ਬਹਾਦਰ ਸ਼ਾਹ ਸਾਰੇ ਹਿੰਦੁਸਤਾਨ ਦੀ ਫੌਜ ਲੈ ਕੇ ਸਿੱਖਾਂ ਦੀ ਸਰਕੋਬੀ ਲਈ ਪੰਜਾਬ ਨਾ ਆਇਆ, ਸਿੱਖਾਂ ਨੇ ਉਸਦਾ ਖਹਿੜਾ ਨਾ ਛੱਡਿਆ। ਜੇ ਬਹਾਦਰ ਸ਼ਾਹ ਦੱਖਣ ਵਿਚ ਕੁਝ ਚਿਰ ਹੋਰ ਰੁਝਿਆ ਰਹਿੰਦਾ, ਤਾਂ ਸਾਰੇ ਭਾਰਤ ਤੇ ਖ਼ਾਲਸਾਈ ਝੰਡਾ ਝੂਲਦਾ। ਤੇ ਭਾਰਤ ਨੂੰ ਉਹ ਕੁਝ ਨਾਂਹ ਵੇਖਣਾ ਪੈਂਦਾ, ਤੇ ਇਸ ਤੋਂ ਪਿਛੋਂ ਲੋਕੀ, ਦੋ ਢਾਈ ਸਦੀਆਂ ਗ਼ੈਰਾਂ ਦੇ ਗ਼ੁਲਾਮ ਨਾਂਹ ਰਹਿੰਦੇ।[1]

---

1. ਮੈਲਕਮ : ਸਕੈਚ ਸਿਖਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਸ਼ਕਰ ਦਾ ਸ਼ਾਹੀ ਕੂਚ

ਬੰਦੇ ਬਹਾਦਰ ਤੇ ਉਸਦੀ ਖ਼ਾਲਸਾਈ ਫੌਜ ਨੇ ਪੰਜਾਬ ਦੀ ਇੱਟ ਨਾਲ ਇੱਟ ਖੜਕ ਦਿਤੀ ਤੇ ਬਹੁਤ ਸਾਰੇ ਮੁਗ਼ਲ ਹਕੂਮਤ ਦੇ ਥੰਮ੍ਹ—ਨਗਰ, ਧਰਤੀ ਨਾਲ ਮਿਲਾ ਦਿਤੇ, ਤੇ ਉਨ੍ਹਾਂ ਨਗਰਾਂ ਦੇ ਸੂਬੇਦਾਰ ਸਦਾ ਦੀ ਨੀਂਦ ਸੁਲਾ ਦਿਤੇ। ਉਸ ਅਫਰਾ-ਤਫਰੀ ਦੀ ਹਾਲਤ ਵਿਚ 30 ਮਈ ਸੰਨ 1710 ਈ: ਨੂੰ ਬਹਾਦਰ ਸ਼ਾਹ ਨੂੰ ਪਹਿਲੀ ਖ਼ਬਰ ਉਦੋਂ ਮਿਲੀ, ਜਦੋਂ ਉਹ ਦੱਖਣ ਦੀ ਬਗ਼ਾਵਤ ਨੂੰ ਦਬਾ ਕੇ ਅਜਮੇਰ ਪੁਜਾ ਸੀ। ਬਹਾਦਰ ਸ਼ਾਹ ਨੇ ਦਿੱਲੀ ਜਾਣ ਦੀ ਬਜਾਏ ਇਕ ਦਮ ਪੰਜਾਬ ਵਲ ਮਾਰਚ ਕਰਨ ਦਾ ਐਲਾਨ ਕਰ ਦਿਤਾ। ਉਸਦੇ ਵਜ਼ੀਰ ਮੁਨੀਰ ਖ਼ਾਂ ਨੇ ਬਾਦਸ਼ਾਹ ਦੇ ਇਸ ਫ਼ੈਸਲੇ ਦੀ ਵਿਰੋਧਤਾ ਕੀਤੀ, ਕਿ ਦੱਖਣ ਦੀਆਂ ਇਨ੍ਹਾਂ ਔਖੀਆਂ ਮੁਹਿੰਮਾਂ ਮਗਰੋਂ ਫ਼ੌਰਨ ਪੰਜਾਬ ਵਲ ਧਾਈ ਕਰਨੀ ਠੀਕ ਨਹੀਂ। ਉਸਨੇ 'ਬੰਦਾ' ਨਾਂ ਦੇ ਇਕ ਗੁੰਮਨਾਮ ਦੁਸ਼ਮਣ ਦੇ ਮੁਕਾਬਲੇ ਵਿਚ ਫੌਜ ਭੇਜਣ ਬਾਰੇ ਬਿਨੈ ਕੀਤੀ, "ਸ਼ਾਹੇ ਆਲਮ! ਕੇਂਦਰੀ ਫੌਜ ਨੂੰ ਪੰਜਾਬ ਘਲਣਾ ਠੀਕ ਨਹੀਂ। ਇਸ ਬਾਗ਼ੀ ਦਾ ਤਾਂ ਅਸੀਂ ਅੱਜ ਤੋਂ ਪਹਿਲਾਂ ਤਾਂ ਨਾਂ ਵੀ ਨਹੀਂ ਸੀ ਸੁਣਿਆ।"

ਉਸ ਸਮੇਂ ਸਰਹੰਦ ਤੇ ਥਾਨੇਸਰ ਦੇ, ਬੰਦੇ ਦੇ ਹਥੋਂ ਸਤਾਏ ਹੋਏ ਵਸਨੀਕਾਂ ਨੇ ਸਰਹੰਦ ਤੇ ਸਢੌਰੇ ਦੇ ਪੀਰਜ਼ਾਦਿਆਂ ਨੂੰ ਨਾਲ ਲੈ ਕੇ ਬਾਦਸ਼ਾਹ ਦੇ ਦਰਬਾਰ ਵਿਚ ਜਾ ਪੁਕਾਰ ਕੀਤੀ "ਹਜ਼ੂਰ! ਬੰਦੇ ਦੇ ਧਾੜਵੀ ਦਸਤਿਆਂ ਨੇ ਪੰਜਾਬ ਦੇ ਬਹੁਤ ਸਾਰੇ ਸ਼ਹਿਰਾਂ ਨੂੰ ਧਰਤੀ ਨਾਲ ਮਿਲਾ ਦਿਤਾ ਹੈ। ਇਸ ਘੜੀ ਪੰਜਾਬ ਵਿਚ ਹਕੂਮਤ ਨਾਂ ਦੀ ਕੋਈ ਚੀਜ਼ ਮੌਜੂਦ ਨਹੀਂ, ਜੋ ਉਸਦਾ ਰਾਹ ਰੋਕ ਸਕੇ।"

ਬਹਾਦਰ ਸ਼ਾਹ ਨੂੰ ਦੱਖਣ ਵਲ ਕਾਫ਼ੀ ਦੇਰ ਲੱਗ ਗਈ ਸੀ, ਪਰ ਜਦੋਂ ਉਹ ਦਖਣੋਂ ਵਾਪਸ ਮੁੜਿਆ, ਤਾਂ ਬੰਦੇ ਦੀ ਫੌਜ ਵਲੋਂ ਹੋਈ ਤਬਾਹੀ ਤੇ ਕਤਲੋ-ਖ਼ੂਨ ਅਰ ਲੁਟ-ਮਾਰ ਦੀਆਂ ਖ਼ਬਰਾਂ ਸੁਣ ਕੇ ਉਸ ਲਈ ਦਿੱਲੀ ਵੜਨਾ ਵੀ ਹਰਾਮ ਹੋ ਗਿਆ। ਉਸ ਸਮੇਂ ਬੰਦੇ ਤੋਂ ਇਲਾਵਾ ਰਾਜਪੂਤ ਵੀ ਉਸਦੇ ਦੁਸ਼ਮਣ ਸਨ ਤੇ ਵੇਲੇ ਕੁਵੇਲੇ ਉਹ ਬਗ਼ਾਵਤ ਖੜੀ ਕਰਕੇ ਬਹਾਦਰ ਸ਼ਾਹ ਨੂੰ ਤੰਗ ਕਰਦੇ ਰਹਿੰਦੇ ਸਨ। ਦਖਣ ਦੀ ਮੁਹਿੰਮ ਵੇਲੇ ਰਾਜਪੂਤ ਫੌਜ ਬਹਾਦਰ ਸ਼ਾਹ ਨਾਲ ਸੀ, ਪਰ ਵਾਪਸੀ ਪੁਰ ਉਹ ਬਿਨਾਂ ਆਗਿਆ ਲਏ ਹੀ ਆਪਣ ਘਰੀਂ ਪਰਤ ਗਈ। ਬਹਾਦਰਸ਼ਾਹ, ਇਸ ਗੁਸਤਾਖ਼ੀ ਦੀ ਉਹਨਾਂ ਨੂੰ ਸਖ਼ਤ ਸਜ਼ਾ ਦੇਣਾ ਚਾਹੁੰਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੀ । ਉਧਰ ਬੰਦੇ ਦੀ ਫੌਜ ਨੇ ਜਿਹੜੀ ਬਰਬਾਦੀ ਮੁਲਤਾਨ ਤੋਂ ਪਾਨੀਪਤ ਤਕ ਕੀਤੀ ਸੀ, ਉਸ ਨੂੰ ਵੀ ਉਹ ਨਹੀਂ ਸੀ ਸਹਾਰ ਸਕਦਾ । ਫ਼ਿਲਹਾਲ ਰਾਜਪੂਤਾਂ ਨੂੰ ਸੋਧਣ ਦੀ ਥਾਂ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਕੇ ਬਹਾਦਰ ਸ਼ਾਹ ਨੇ ਬੰਦੇ ਦੀ ਤਾਕਤ ਮਲੀਆਮੇਟ ਕਰਨ ਵਿਚ ਸਿਆਣਪ ਸਮਝੀ । ਉਸਨੇ ਸਾਰੇ ਰਾਜਪੂਤ ਸਰਦਾਰਾਂ ਨੂੰ ਇਸ ਮੁਹਿੰਮ ਵਿਚ ਸ਼ਾਮਲ ਹੋਣ ਲਈ ਸੱਦਾ ਪੱਤਰ ਘਲ ਦਿਤੇ । ਉਸਦੇ ਦੋ ਭਰਾਵਾਂ—ਤਾਰਾ ਆਜ਼ਮ ਤੇ ਕਾਮ ਬਖ਼ਸ਼—ਦੀ ਫੌਜ ਵੀ ਉਸਦੇ ਕਬਜ਼ੇ ਵਿਚ ਸੀ, ਜਿਨ੍ਹਾਂ ਨੂੰ ਵਾਰੋ ਵਾਰੀ ਉਸਨੇ ਹਰਾਇਆ ਸੀ । ਹਿੰਦੁਸਤਾਨ ਭਰ ਦੀ ਟਿੱਡੀ ਦਲ ਫੌਜ ਲੈ ਕੇ ਬਹਾਦਰ ਸ਼ਾਹ ਦਿੱਲੀ ਤੋਂ ਦਸ ਮੀਲ ਬਾਹਰੋਂ ਹੀ ਨਿਕਲ ਕੇ ਪੰਜਾਬ ਵਲ ਤੁਰ ਪਿਆ ।

ਸੂਬਿਆਂ ਦੇ ਨਾਂ ਫ਼ਰਮਾਨ

ਉਸੇ ਘੜੀ ਬਾਦਸ਼ਾਹ ਨੇ ਖ਼ਾਨੇ ਦੁਰਾਨ (ਅਵਧ ਦੇ ਸੂਬੇਦਾਰ) ਮੁਹੰਮਦ ਅਮੀਨ ਖ਼ਾਂ ਬਿਨ (ਮੁਰਾਦਾਬਾਦ ਦੇ ਫ਼ੌਜਦਾਰ) ਖ਼ਾਨ ਜਹਾਨ (ਅਲਾਹਬਾਦ ਦੇ ਸੂਬੇਦਾਰ) ਤੇ ਸੱਯਦ ਅਬਦੁਲਾ ਖ਼ਾਂ ਆਦਿ ਨੂੰ ਹੁਕਮ ਦਿਤਾ, ਕਿ ਉਹ ਇਕ ਦਮ ਆਪੋ ਆਪਣੀ ਫੌਜ ਲੈ ਕੇ ਦਿੱਲੀ ਦੇ ਸੂਬੇਦਾਰ ਅਸਦ ਖ਼ਾਨ ਨਾਲ ਮਿਲ ਕੇ ਪੰਜਾਬ ਵਲ ਮਾਰਚ ਕਰਨ । ਬਾਦਸ਼ਾਹ ਆਪ ਬਿਨਾਂ ਦਿੱਲੀ ਦਾਖ਼ਲ ਹੋਏ ਰਸੂਲਪੁਰ ਤੇ ਨਾਰਨੌਲ ਦੇ ਰਸਤੇ ਪੰਜਾਬ ਵਲ ਉਠ ਦੌੜਿਆ ।

ਬਹਾਦਰ ਸ਼ਾਹ ਨੇ 25 ਅਗਸਤ ਸੰਨ 1710 ਨੂੰ ਇਕ ਫ਼ੁਰਮਾਨ ਜਾਰੀ ਕੀਤਾ, "ਫ਼ੌਜੀ ਅਮਲੇ 'ਚੋਂ ਕੋਈ ਫ਼ੌਜੀ ਜਾਂ ਸਿਵਲੀਅਨ—ਬਾਦਸ਼ਾਹ ਸਲਾਮਤ ਦੀ ਆਗਿਆ ਬਿਨਾਂ ਦਿੱਲੀ ਨਹੀਂ ਦਾਖ਼ਲ ਹੋ ਸਕਦਾ । ਨਾ ਹੀ ਕਿਸੇ ਫ਼ੌਜੀ ਦੇ ਪ੍ਰਵਾਰ ਦਾ ਕੋਈ ਮੈਂਬਰ ਬਾਦਸ਼ਾਹ ਦੀ ਮੁਲਾਕਾਤ ਲਈ ਹੀ ਆ ਸਕਦੈ...।" ਨਾਲ ਹੀ ਦੂਜਾ ਫ਼ਰਮਾਨ ਜਾਰੀ ਕੀਤਾ, "ਅੱਜ ਤੋਂ ਬਾਅਦ ਦਿੱਲੀ ਜਾਂ ਇਸ ਫ਼ੌਜੀ ਕੈਂਪ ਦਾ ਕੋਈ ਹਿੰਦੂ ਦਾੜ੍ਹੀ ਨਹੀਂ ਰਖ ਸਕਦਾ ।"

ਸੋ ਦਾੜ੍ਹੀਆਂ ਵਾਲੇ ਸਭ ਹਿੰਦੂਆਂ ਦੀਆਂ ਜ਼ਬਰਦਸਤੀ ਦਾੜ੍ਹੀਆਂ ਮੁੰਨ ਦਿਤੀਆਂ ਗਈਆਂ । ਜੋ ਹਿੰਦੂ ਦਾੜ੍ਹੀ ਮਨਾਉਣ ਲਈ ਤਿਆਰ ਨਹੀਂ ਸਨ, ਉਨ੍ਹਾਂ ਨੂੰ ਫ਼ੌਰਨ ਨੌਕਰੀ ਤੋਂ ਬਰਖ਼ਾਸਤ ਕਰ ਦੇਣ ਦਾ ਹੁਕਮ ਜਾਰੀ ਕੀਤਾ ਗਿਆ । ਇਹ ਸਭ ਕੁਝ ਇਸ ਲਈ ਕੀਤਾ ਗਿਆ, ਤਾਂ ਜੋ ਫ਼ੌਜ ਵਿਚ ਕੋਈ ਸਿੱਖਾਂ ਦਾ ਹਮਦਰਦ ਨਾ ਰਹੇ ।

ਉਨ੍ਹੀਂ ਦਿਨੀਂ ਬੜੀਆਂ ਸਖ਼ਤ ਬਾਰਸ਼ਾਂ ਸ਼ੁਰੂ ਹੋ ਗਈਆਂ । ਬਹਾਦਰ ਸ਼ਾਹ ਦਾ ਜਨਮ-ਦਿਨ ਮਨਾਣ ਵਾਲੇ ਜਸ਼ਨ ਵਿਚ ਵੀ ਕੁਝ ਦਿਨ ਦੇਰ ਲੱਗ ਗਈ । 22 ਅਕਤੂਬਰ ਨੂੰ ਫੌਜ ਸੋਨੀਪਤ ਆ ਪੁਜੀ । ਇਥੇ ਹੀ ਬਾਦਸ਼ਾਹ ਨੂੰ ਜਲੰਧਰ ਦੋਆਬ ਦੇ ਫੌਜਦਾਰ ਸ਼ਮਸਦੀਨ ਖ਼ਾਨ ਦਾ ਪੱਤਰ ਪੁਜਾ, ਕਿ 12 ਅਕਤੂਬਰ ਨੂੰ ਉਸਨੇ ਸਿੱਖਾਂ ਨੂੰ ਤਕੜੀ ਹਾਰ ਦਿਤੀ ਹੈ । ਇਸ ਮਗਰੋਂ 30 ਅਕਤੂਬਰ ਨੂੰ ਮੁਹੰਮਦ ਅਮੀਨ ਖ਼ਾਂ, ਰੁਸਤਮ ਦਿਲ ਖ਼ਾਂ, ਭਰਤਪੁਰ ਦਾ ਜਾਟ—ਸਰਦਾਰ ਚੂੜਾਮਣਿ, ਫ਼ਰੋਜ਼ ਖ਼ਾਂ ਮੇਵਾਤੀ ਤੇ ਮਹਾਬਤ ਖ਼ਾਂ ਆਦਿ ਅਫ਼ਸਰਾਂ ਦੀ ਕਮਾਨ ਹੇਠ ਭਾਰੀ ਲਸ਼ਕਰ ਥਾਨੇਸਰ ਵਲ ਵਧਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਇਲਾਕੇ ਦੀ ਹਕੂਮਤ ਬੰਦੇ ਨੇ ਬਾਬਾ ਬਿਨੋਦ ਸਿੰਘ ਤੇ ਬਾਬਾ ਉਧਮ ਸਿੰਘ ਦੇ ਸਪੁਰਦ ਕੀਤੀ ਹੋਈ ਸੀ। ਸੋ ਉਹ ਆਪਣੀ ਫੌਜ ਲੈ ਕੇ ਸ਼ਾਹੀ ਲਸ਼ਕਰ ਦੇ ਮੁਕਾਬਲੇ ਤੇ ਆ ਡਟੇ। ਕਰਨਾਲ ਤੋਂ 25 ਕੁ ਮੀਲ ਦੇ ਫ਼ਾਸਲੇ ਤੇ ਸਿੱਖਾਂ ਦੀ ਸ਼ਾਹੀ ਫੌਜ ਨਾਲ ਪਹਿਲੀ ਟੱਕਰ ਹੋਈ। ਇਸ ਲੜਾਈ ਵਿਚ ਬੜੇ ਸੂਰਮੇ ਕੰਮ ਆਏ। ਅਖੀਰ ਸਿੱਖਾਂ ਨੂੰ ਬਹੁਤ ਸਾਰਾ ਨੁਕਸਾਨ ਉਠਾ ਕੇ ਪਿਛੇ ਹਟਣਾ ਪਿਆ। ਹਜ਼ਾਰਾਂ ਸਿੱਖ ਸ਼ਹੀਦ ਹੋ ਗਏ, ਤੇ ਜਿਹੜੇ ਫੜੇ ਗਏ, ਉਹਨਾਂ ਨਾਲ ਬੜਾ ਬੁਰਾ ਸਲੂਕ ਕੀਤਾ ਗਿਆ। ਹਰਾਵਲ ਦਸਤੇ ਦੇ ਫੌਜਦਾਰ ਫ਼ਰੋਜ਼ ਖ਼ਾਂ ਮੈਵਾਤੀ ਨੇ 300 ਸਿੱਖਾਂ ਦੇ ਸਿਰ ਕਟ ਕੇ ਬਹਾਦਰ ਸ਼ਾਹ ਨੂੰ ਭੇਜੇ, ਜਿਨ੍ਹਾਂ ਨੂੰ ਵੇਖ ਕੇ ਬਹਾਦਰ ਸ਼ਾਹ ਬੜਾ ਖ਼ੁਸ਼ ਹੋਇਆ, ਤੇ ਉਸਨੇ ਹੁਕਮ ਕੀਤਾ, ਕਿ ਜਿਥੇ ਕਿਤੇ ਵੀ ਕੋਈ ਸਿੱਖ ਨਜ਼ਰ ਆਵੇ, ਉਸਨੂੰ ਕਤਲ ਕਰ ਦਿਤਾ ਜਾਵੇ, ਤਾਂ ਜੋ ਬਾਕੀਆਂ ਨੂੰ ਸਬਕ ਮਿਲੇ। ਸਿੱਖਾਂ ਨੇ ਪਿਛੇ ਹਟ ਕੇ ਇਕ ਕਿਲ੍ਹੇ ਵਿਚ ਡੇਰਾ ਲਾ ਲਿਆ, ਫਿਰ ਇਥੋਂ ਹਟ ਕੇ ਉਹ ਅਮੀਨ ਗੜ੍ਹ ਆ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿਲ੍ਹਾ ਅਮੀਨਗੜ੍ਹ

ਥਾਨੇਸਰ ਤੇ ਤਰਾਵੜੀ ਵਿਚਕਾਰ ਬੜਾ ਭਾਰੀ ਸੰਘਣਾ ਜੰਗਲ ਹੈ। ਦਿੱਲੀਓਂ ਲਾਹੌਰ ਜਾਣ ਵਾਲੀ ਸ਼ਾਹੀ ਸੜਕ ਇਸ ਜੰਗਲ 'ਚੋਂ ਹੋ ਕੇ ਲੰਘਦੀ ਹੈ। ਸ਼ਾਹੀ ਕਾਫ਼ਲਿਆਂ, ਅਮੀਰਾਂ ਤੇ ਸੌਦਾਗਰਾਂ ਦੀ ਆਮ ਆਵਾਜਾਈ ਦੇ ਕਾਰਨ ਬੇਗਿਣਤ ਲੁਟੇਰੇ ਇਸ ਜੰਗਲ ਵਿਚ ਛਿਪੇ ਰਹਿੰਦੇ ਸਨ, ਤੇ ਵੇਲੇ ਕੁਵੇਲੇ ਹੱਥ ਰੰਗ ਕੇ ਫਿਰ ਕਿਲ੍ਹੇ-ਨੁਮਾ, ਦਰੱਖ਼ਤਾਂ, ਗ਼ਾਰਾਂ ਤੇ ਸੰਘਣੇ ਝਾੜਾਂ ਵਿਚ ਜਾ ਛਿਪਦੇ ਸਨ। ਇਸ ਜੰਗਲ ਵਿਚ ਹੀ ਇਕ ਉੱਚਾ ਤੇ ਲੰਮਾ ਚੌੜਾ ਮੈਦਾਨ ਸੀ। ਇਥੇ ਅਮੀਨ ਗੜ੍ਹ ਨਾਂ ਦਾ ਇਕ ਪਿੰਡ ਹੈ, ਤੇ ਨਾਲ ਹੀ ਇਕ ਕਿਲ੍ਹਾ ਬਣਿਆ ਹੋਇਆ ਹੈ। ਇਹ ਬੜਾ ਪੁਰਾਣਾ ਪਿੰਡ ਹੈ। ਕਿਹਾ ਜਾਂਦਾ ਹੈ, ਕਿ ਇਸੇ ਮੈਦਾਨ ਵਿਚ ਕੌਰਵਾਂ ਪਾਂਡਵਾਂ ਦੀ ਲੜਾਈ ਹੋਈ ਸੀ। ਇਸੇ ਮੈਦਾਨ ਨੇ ਪ੍ਰਿਥਵੀ ਰਾਜ ਤੇ ਸ਼ਹਾਬੁਦੀਨ ਦੀਆਂ ਕਿਸਮਤਾਂ ਬਦਲੀਆਂ ਸਨ, ਤੇ ਅੱਜ ਇਹੋ ਮੈਦਾਨ ਪੁਕਾਰ ਪੁਕਾਰ ਕੇ ਸਿੱਖਾਂ ਨੂੰ ਉਹਨਾਂ ਦੀ ਹੋਣੀ ਦੀ ਲਿਖੀ ਪੱਟੀ ਸੁਣਾ ਰਿਹਾ ਸੀ।

ਕਰਨਾਲ ਦੇ ਨੇੜੇ ਸ਼ਾਹੀ ਫ਼ੌਜ ਨਾਲ ਹੋਈ ਪਹਿਲੀ ਟੱਕਰ ਮਗਰੋਂ ਸਿੱਖ ਪਿਛੇ ਹਟ ਕੇ ਅਮੀਨ ਗੜ੍ਹ ਆ ਗਏ। ਇਥੇ ਪਹਿਲੇ ਹੱਲੇ ਵਿਚ ਉਹਨਾਂ ਨੇ ਮੁਗ਼ਲ ਫ਼ੌਜ ਦੇ ਛੱਕੇ ਛੁੜਾ[1]

---

1. ਬੰਦੇ ਦੀਆਂ ਜਿੱਤਾਂ ਸਮੇਂ ਸਿੱਖਾਂ ਦੀ ਇੰਨੀ ਤਾਕਤ ਵਧ ਗਈ ਸੀ, ਕਿ ਹਿੰਦੂ ਤਾਂ ਇਕ ਪਾਸੇ ਰਹੇ, ਕਈ ਮੁਸਲਮਾਨ ਵੀ ਆਪਣੇ ਆਪ ਨੂੰ ਸਿੰਘ ਕਹਿਲਾਣ ਵਿਚ ਫ਼ਖ਼ਰ ਸਮਝਦੇ ਸਨ। ਸਰਹੰਦ ਦਾ ਰਪੋਟੀਆ ਨਸੀਰੁਦੀਨ ਇਸਲਾਮ ਛੱਡ ਮੀਰ ਨਸੀਰ ਸਿੰਘ ਨਾਂ ਰਖ ਕੇ ਸਿੰਘ ਸਜ ਗਿਆ। ਇਸੇ ਤਰ੍ਹਾਂ ਮੁਗ਼ਲਾਂ ਦਾ ਇਕ ਤਕੜਾ ਹਾਕਮ ਦੀਨਦਾਰ ਖ਼ਾਂ, ਦੀਨਦਾਰ ਸਿੰਘ ਬਣ ਗਿਆ। ਹਿੰਦੂ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਸਜ ਗਏ ਸਨ। ਮੁਸਲਮਾਨ ਵੀ ਕਾਫ਼ੀ ਗਿਣਤੀ ਵਿਚ ਸਿੱਖ ਸਜਦੇ ਰਹੇ। ਉਹਨੀਂ ਦਿਨੀਂ ਮੁਸਲਮਾਨਾਂ ਤੇ ਹਿੰਦੂਆਂ ਦਾ ਸਿੱਖ ਸਦਵਾਣਾ ਇਕ ਕਿਸਮ ਦਾ ਫੈਸ਼ਨ ਹੋ ਗਿਆ ਸੀ।

—ਯਾਰ ਮੁਹੰਮਦ ਕਲੰਦਰ

ਖ਼ਾਲਸੇ ਦੀਆਂ ਬੇਸ਼ੁਮਾਰ ਜਿੱਤਾਂ ਕਾਰਨ ਬਹੁਤ ਸਾਰਾ ਧਨ ਬੰਦੇ ਹੱਥ ਆ ਗਿਆ। ਲੜਾਈ ਦੇ ਦੌਰਾਨ ਹੀ ਬੰਦੇ ਨੇ, ਮੁਖ਼ਲਸਪੁਰ ਦੀ ਪੁਰਾਣੀ ਗੜ੍ਹੀ ਮੁਰੰਮਤ ਕਰਾਈ। ਉਸ ਵਿਚ ਵਾਧਾ ਕੀਤਾ ਤੇ ਬਹੁਤ ਸਾਰਾ ਰਾਸ਼ਨ ਤੇ ਸਿੱਕਾ ਬਾਰੂਦ ਜਮ੍ਹਾਂ ਕਰਕੇ ਉਸਦਾ ਨਾਂ ਲੋਹਗੜ੍ਹ ਰਖ ਦਿਤਾ। ਜਿਤੇ ਹੋਏ ਇਲਾਕੇ ਵਿਚ ਬੰਦੇ ਨੇ ਖ਼ਾਲਸਾਈ ਸਿੱਕਾ ਵੀ ਚਲਾਇਆ। [ਬੰਦਾ ਬਹਾਦਰ—ਕਰਮ ਸਿੰਘ ਹਿਸਟੋਰੀਅਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿਤੇ, ਪਰ ਕਿੰਨਾ ਕੁ ਚਿਰ ਉਹ ਟਿੱਡੀ ਦਲ ਦਾ ਮੁਕਾਬਲਾ ਕਰ ਸਕਦੇ ਸਨ। ਆਪਣਾ ਬਹੁਤ ਸਾਰਾ ਨੁਕਸਾਨ ਕਰਾ ਕੇ ਦੁਸ਼ਮਣ ਦੇ ਆਹੂ ਲਾਹੁੰਦੇ, ਉਹ ਥਾਨੇਸਰ, ਸਰਹੰਦ ਤੇ ਲੋਹਗੜ੍ਹ ਵਲ ਨਿਕਲ ਤੁਰੇ। ਪਿਛੇ ਹਟ ਰਹੇ ਸਿੱਖਾਂ ਪੁਰ ਬੜੀ ਤੇਜ਼ੀ ਨਾਲ ਸ਼ਾਹੀ ਫੌਜ ਵਾਰ ਕਰਦੀ ਆ ਰਹੀ ਸੀ। ਸ਼ਾਹ ਆਬਾਦ ਵਿਖੇ ਸ਼ਾਹੀ ਫੌਜ ਨਾਲ ਹੋਏ ਟਾਕਰੇ ਵਿਚ ਵੀ ਸਿੱਖ ਫੌਜ ਦਾ ਕਾਫ਼ੀ ਨੁਕਸਾਨ ਹੋਇਆ।

ਬਾਦਸ਼ਾਹ ਦੇ ਹੁਕਮ ਨਾਲ ਬਜ਼ੀਦ ਖ਼ਾਨ ਜੰਮੂ ਦਾ ਫੌਜਦਾਰ, ਆਪਣੇ ਕਈ ਹਜ਼ਾਰ ਫੌਜੀਆਂ ਨਾਲ ਜਦੋਂ ਪਾਨੀਪਤ ਪਹੁੰਚਿਆ, ਤਾਂ ਸਿੱਖ ਫੌਜ ਨੇ ਉਸਦਾ ਰਾਹ ਰੋਕ ਲਿਆ, ਪਰ ਫਰੋਜ਼ ਖ਼ਾਨ ਦੇ ਫੌਜੀ ਦਸਤੇ ਦੇ ਨਾਲ ਆ ਮਿਲਣ ਤੇ ਉਸਨੇ ਸਿੱਖਾਂ ਤੇ ਤਕੜਾ ਹੱਲਾ ਬੋਲਿਆ। ਸਿੱਖ ਸਰਹੰਦ ਵਲ ਪਿਛੇ ਹਟ ਗਏ, ਤੇ ਕਿਲ੍ਹੇ ਵਿਚ ਦਾਖ਼ਲ ਹੋ ਗਏ। ਇਸ ਵਕਤ ਬਹੁਤ ਸਾਰੇ ਫੌਜਦਾਰਾਂ ਦੀਆਂ ਫੌਜਾਂ ਨੇ ਸਿੱਖਾਂ ਨੂੰ ਘੇਰੇ ਵਿਚ ਲੈ ਲਿਆ। ਉਧਰ ਕੇਂਦਰ ਦੀ ਸ਼ਾਹੀ ਫੌਜ ਬੜੀ ਤੇਜ਼ੀ ਨਾਲ ਮਾਰਚ ਕਰਦੀ ਹੋਈ 13 ਅਕਤੂਬਰ ਨੂੰ ਸਢੋਰੇ ਆਣ ਪੁਜੀ, ਪਰ ਉਸ ਤੋਂ ਕੁਝ ਦੇਰ ਪਹਿਲਾਂ ਤਿੰਨ ਹਜ਼ਾਰ ਘੁੜ-ਸਵਾਰ ਸਿੱਖ ਫੌਜੀ ਤੇ ਦਸ ਹਜ਼ਾਰ ਪੈਦਲ ਮਾਰਚ ਕਰਦੇ ਸਢੋਰੇ ਤੋਂ ਪੱਛਮ ਵਲ ਨਿਕਲ ਗਏ ਸਨ। ਉਨ੍ਹਾਂ ਨੇ ਇਸ ਸਮੇਂ ਸ਼ਾਹੀ ਫੌਜ ਨਾਲ ਟੱਕਰ ਲੈਣੀ ਮੁਨਾਸਬ ਨਾ ਸਮਝੀ ਤੇ ਉਨ੍ਹਾਂ ਨੇ ਪਹਾੜਾਂ ਵਿਚ ਜਾ ਪਨਾਹ ਲਈ।

ਕਿਲ੍ਹਾ ਮੁਖ਼ਲਸਪੁਰ

ਉਸ ਸਮੇਂ ਬੰਦਾ ਬਹਾਦਰ ਖ਼ੁਦ ਮੁਖ਼ਲਸਪੁਰ ਵਿਚ ਇਕ ਕਿਲ੍ਹਾ ਬਣਵਾ ਰਿਹਾ ਸੀ। ਇਸੇ ਥਾਂ ਅਨੰਦਪੁਰ ਛੱਡਣ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਆਮ ਕੀਤਾ ਸੀ। ਬੰਦੇ ਬਹਾਦਰ ਨੇ ਇਸ ਕਿਲ੍ਹੇ ਦਾ ਨਾਂ ਲੋਹਗੜ੍ਹ ਰਖਿਆ। ਕਿਲ੍ਹੇ ਦੀਆਂ ਦੀਵਾਰਾਂ ਤੇ ਬੰਦੇ ਨੇਂ ਕੁਝ ਛੋਟੀਆਂ ਤੋਪਾਂ ਵੀ ਗੱਡ ਦਿਤੀਆਂ। ਇਥੇ ਹੀ ਬੰਦੇ ਬਹਾਦਰ ਨੇ ਆਪਣੇ ਆਪ ਨੂੰ "ਸੱਚਾ ਪਾਤਸ਼ਾਹ" ਤੇ ਆਪਣੇ ਸਾਥੀਆਂ ਨੂੰ "ਸਿੰਘ" ਸ਼ਬਦ ਨਾਲ ਸੰਬੋਧਨ ਕਰਨ ਦਾ ਐਲਾਨ ਕੀਤਾ। ਆਪੋ ਵਿਚ ਮਿਲਣ ਸਮੇਂ "ਵਾਹਿਗੁਰੂ ਜੀ ਕੀ ਫ਼ਤਹਿ" ਦੀ ਥਾਂ ਉਸਨੇ "ਫ਼ਤਹਿ ਦਰਸ਼ਨ" ਸ਼ਬਦ ਉੱਚਾਰਣ ਦਾ ਹੁਕਮ ਦਿਤਾ। ਇਸ ਸਮੇਂ ਉਸਨੇ ਆਪਣਾ ਸਿੱਕਾ ਚਲਾਇਆ, ਜਿਸਦੇ ਇਕ ਪਾਸੇ ਇਹ ਸ਼ਬਦ ਅੰਕਤ ਸਨ :

ਸਿੱਕਾ ਜ਼ਾਦ ਹਰਦੋ ਆਲਮ ਤੇਗੇ ਨਾਨਕ ਵਾਹੱਬ ਅਸਤ।
ਫ਼ਤੇਹ ਗੋਬਿੰਦ ਸਿੰਘ ਸ਼ਾਹੇ ਸ਼ਾਹਾਨ ਫ਼ਜ਼ਲੇ ਸੱਚਾ ਸਾਹਿਬ ਅਸਤ।

ਸਿੱਕੇ ਦੇ ਦੂਜੇ ਪਾਸੇ ਰਾਜਧਾਨੀ ਲੋਹਗੜ੍ਹ ਦੀ ਉਸਤਤ ਵਿਚ ਇਹ ਸ਼ਬਦ ਅੰਕਤ ਸਨ :

ਜ਼ਰਬ ਬਾ ਅਮਨ ਉਧ ਧਹਾਰ ਮਸਾਣ ਹਾਵਾਤ।
ਸ਼ਹਿਰ ਜ਼ੀਨਤ ਉਲ ਤਖ਼ਤੇ ਮੁਬਾਰਕ ਬਖ਼ਤ।

ਉਸਨੇ ਆਪਣੇ ਜਿੱਤੇ ਹੋਏ ਇਲਾਕੇ ਦਾ ਚੰਗੀ ਤਰ੍ਹਾਂ ਪ੍ਰਬੰਧ ਕਰਨ ਮਗਰੋਂ ਆਪਣਾ ਸਿੱਕਾ ਚਲਾਇਆ, ਜਿਸ ਤੇ ਅੰਕਤ ਸੀ :

ਦੇਗੋ ਤੇਗ਼ ਫ਼ਤੇਹ, ਓ ਨਸਰਤੇ ਬਦਰੰਗ
ਯਾਫ਼ਤ ਅਜ਼—ਨਾਨਕ ਗੁਰੂ ਗੋਬਿੰਦ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਹੰਦ ਤੇ ਜਵਾਬੀ ਹਮਲਾ

ਬਹਾਦਰ ਸ਼ਾਹ ਦੀ ਗ਼ੈਰ-ਹਾਜ਼ਰੀ ਵਿਚ ਜਿਹੜਾ ਬਜ਼ੀਦ ਖ਼ਾਂ, ਸਿੱਖਾਂ ਨਾਲ ਟੱਕਰ ਲੈਣ ਦਿੱਲੀਓਂ ਤੁਰ ਕੇ ਪਾਨੀਪਤ ਟੱਪਣ ਦੀ ਜੁਰਅੱਤ ਨਹੀਂ ਸੀ ਕਰਦਾ, ਤੇ ਉਥੋਂ ਹੀ ਦਿੱਲੀ ਨੂੰ ਖ਼ਬਰਾਂ ਘਲਦਾ ਰਹਿੰਦਾ ਸੀ, ਕਿ ਉਹ ਸ਼ਾਹੀ ਕਾਫ਼ਲਿਆਂ ਦੀ ਹਿਫ਼ਾਜ਼ਤ ਕਰ ਰਿਹਾ ਹੈ—ਦੀ ਵੀ ਸਿੱਖਾਂ ਦੇ ਇਸ ਔਖੇ ਸਮੇਂ ਚੜ੍ਹ ਮਚ ਗਈ। ਉਧਰ ਉਸਦਾ ਭਤੀਜਾ ਸ਼ਮਸ ਖ਼ਾਂ—ਜਿਸਨੂੰ ਸਿੱਖਾਂ ਨੇ ਸੁਲਤਾਨਪੁਰੋਂ ਬਾਹਰ ਨਹੀਂ ਸੀ ਨਿਕਲਣ ਦਿਤਾ—ਆਪਣੀ ਫ਼ੌਜ ਨੂੰ ਕੂਚ ਦਾ ਹੁਕਮ ਦੇ ਕੇ ਸਰਹੰਦ ਨੂੰ ਫ਼ਤਹਿ ਕਰਨ ਟੁਰ ਪਿਆ। ਉਸ ਸਮੇਂ ਇਸ ਇਲਾਕੇ ਦੇ ਸਿੱਖਾਂ ਦੀ ਫੌਜੀ ਤਾਕਤ ਬੜੀ ਕਮਜ਼ੋਰ ਹੋ ਗਈ ਸੀ। ਸਰਹੰਦ ਦੀ ਸਿੱਖ ਫ਼ੌਜ ਨੇ ਸ੍ਰ: ਸੁਖਾ ਸਿੰਘ ਤੇ ਸ੍ਰ: ਸ਼ਾਮ ਸਿੰਘ ਦੀ ਅਗਵਾਈ ਹੇਠਾਂ ਸ਼ਹਿਰੋਂ ਬਾਹਰ ਆ ਕੇ ਟਾਕਰਾ ਕੀਤਾ। ਪਰ ਸ੍ਰ: ਸੁਖਾ ਸਿੰਘ ਦੇ ਮਾਰੇ ਜਾਣ ਨਾਲ ਸਿੱਖ ਫੌਜ ਪਿਛੇ ਹਟ ਕੇ ਕਿਲ੍ਹੇ-ਬੰਦ ਹੋ ਬੈਠੀ।

ਸਿੱਖ ਕਿਲ੍ਹੇ-ਬੰਦ ਹੋ ਕੇ ਲੜ ਰਹੇ ਸਨ, ਪਰ ਉਹਨਾਂ ਨੂੰ ਆਪਣੀ ਤੇ ਦੁਸ਼ਮਨ ਦੀ ਤਾਕਤ ਦਾ ਠੀਕ ਅਨੁਮਾਨ ਸੀ। ਸ਼ਮਸ ਖ਼ਾਂ ਕਿਲ੍ਹਾ ਘੇਰੀ ਬੈਠਾ ਸੀ ਤੇ ਦੂਜੇ ਪਾਸੇ ਦਿੱਲੀ ਦੀ ਸ਼ਾਹੀ ਫੌਜ ਸਿਰ ਤੇ ਪਹੁੰਚ ਗਈ ਸੀ, ਇਸ ਲਈ ਸਿੱਖ ਰਾਤ ਨੂੰ ਕਿਲ੍ਹਾ ਛੱਡ ਕੇ ਲੋਹਗੜ੍ਹ ਵਲ ਚਲੇ ਗਏ। ਇਸ ਤਰ੍ਹਾਂ ਸਰਹੰਦ ਪੁਰ ਸ਼ਮਸ ਖ਼ਾਂ ਦਾ ਕਬਜ਼ਾ ਹੋ ਗਿਆ।

ਸ਼ਾਹੀ ਫੌਜ, ਸਿੱਖਾਂ ਦਾ ਪਿੱਛਾ ਕਰਦੀ ਸਰਹੰਦ ਪਹੁੰਚ ਗਈ। ਸ਼ਾਹੀ ਕਮਾਨਦਾਰ ਮੁਹੰਮਦ ਅਮੀਨ ਖ਼ਾਂ—ਸ਼ਮਸ ਖ਼ਾਂ ਦੀ ਵਧਦੀ ਤਾਕਤ ਬਰਦਾਸ਼ਤ ਨਾ ਕਰ ਸਕਿਆ। ਉਸਨੇ ਬਾਦਸ਼ਾਹ ਦੇ ਕੰਨ ਭਰੇ, ਕਿ ਸ਼ਮਸ ਖ਼ਾਂ ਅੱਗੇ ਵੀ ਬਹੁਤ ਸਾਰਾ ਦੁਆਬੇ ਦਾ ਇਲਾਕਾ ਸੰਭਾਲ ਬੈਠਾ ਹੈ ਤੇ ਹੁਣ ਉਹ ਸਰਹੰਦ ਪੁਰ ਕਬਜ਼ਾ ਕਰਕੇ ਤੇ ਆਪਣੀ ਤਾਕਤ ਵਧਾ ਕੇ ਖ਼ੁਦ-ਮੁਖ਼ਤਾਰ ਹਾਕਮ ਬਣਨਾ ਚਾਹੁੰਦਾ ਹੈ। ਬਹਾਦਰ ਸ਼ਾਹ ਨੇ ਸ਼ਮਸ ਖ਼ਾਂ ਨੂੰ ਸਰਹੰਦ 'ਚੋਂ ਸਿੱਖਾਂ ਨੂੰ ਕੱਢਣ ਦਾ ਇਨਾਮ ਇਹ ਦਿਤਾ, ਕਿ ਉਸਨੂੰ ਜਲੰਧਰ ਦੀ ਫੌਜਦਾਰੀ ਤੋਂ ਹੀ ਹਟਾ ਦਿਤਾ।

ਬਹਾਦਰ ਸ਼ਾਹ ਦੀ ਸ਼ਾਹੀ ਫੌਜ ਨੇ 4 ਦਸੰਬਰ 1710 ਈ: ਨੂੰ ਸਢੌਰੇ ਵਿਚ ਸਿੱਖਾਂ ਨੂੰ ਜਾ ਘੇਰਿਆ। ਇਸ ਸਮੇਂ ਸਿੱਖਾਂ ਨੇ ਸ਼ਾਹੀ ਫੌਜ ਦੇ ਚੰਗੇ ਤਕੜੇ ਯੋਧਿਆਂ ਨੂੰ ਤਲਵਾਰ ਦੇ ਘਾਟ ਉਤਾਰਿਆ। ਸ਼ਾਹੀ ਫੌਜ ਦੇ ਬੇਗਿਣਤ ਸਿਪਾਹੀ ਕੰਮ ਆਏ। ਸਿੱਖ ਇਥੋਂ ਨਿਕਲ ਕੇ ਲੋਹਗੜ੍ਹ ਕਿਲ੍ਹੇ ਵਲ ਤੁਰ ਪਏ, ਜਿਥੇ ਅੱਗੇ ਬੰਦਾ ਬਹਾਦਰ ਕਿਲ੍ਹੇ-ਬੰਦ ਹੋ ਬੈਠਾ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਹਗੜ੍ਹ ਦੀ ਲੜਾਈ

ਲੋਹਗੜ੍ਹ ਦਾ ਕਿਲ੍ਹਾ ਸ਼ਾਹਜਹਾਂ ਦੇ ਵੇਲੇ ਦਾ ਸੀ। ਇਹ ਕਿਲ੍ਹਾ, ਸਢੌਰੇ ਤੋਂ ਪੰਜ ਕੁ ਮੀਲ ਦੇ ਫ਼ਾਸਲੇ ਤੇ ਪਹਾੜੀ ਦੇ ਬਿਲਕੁਲ ਪੈਰਾਂ ਵਿਚ ਹੈ। ਸ਼ਾਹਜਹਾਂ ਨੂੰ ਇਮਾਰਤਾਂ ਦਾ ਬੜਾ ਸ਼ੌਕ ਸੀ। ਜਦ ਉਹ ਸਢੌਰੇ ਗਿਆ ਤਾਂ ਉਥੋਂ ਦੇ ਹਾਕਮ ਮੁਖ਼ਲਸ ਖ਼ਾਂ ਨੂੰ ਇਸ ਥਾਂ ਤੇ ਇਕ ਤਕੜਾ ਕਿਲ੍ਹਾ ਤੇ ਮਹੱਲ ਤਿਆਰ ਕਰਨ ਦਾ ਹੁਕਮ ਦਿਤਾ। ਇਥੇ ਨੇੜੇ ਹੀ ਇਕ ਬੜੀ ਘਣੀ ਤੇ ਅਤਿ ਸੁੰਦਰ ਸ਼ਿਕਾਰਗਾਹ ਵੀ ਸੀ। ਇਸ ਕਿਲ੍ਹੇ ਦਾ ਨਾਂ ਮੁਖ਼ਲਸ ਖ਼ਾਂ ਨੇ ਆਪਣੇ ਨਾਂ ਤੇ ਮੁਖ਼ਲਸ ਗੜ੍ਹ, ਤੇ ਨਗਰ ਦਾ ਨਾਂ ਮੁਖ਼ਲਸ ਪੁਰ ਰਖਿਆ। ਸ਼ਾਹਜਹਾਂ. ਕਸ਼ਮੀਰ ਜਾਂਦਿਆਂ ਇਥੇ ਠਹਿਰਿਆ ਕਰਦਾ ਸੀ। ਅਸੀਂ ਪਿਛੇ ਦਸ ਆਏ ਹਾਂ, ਕਿ ਬੰਦੇ ਨੇ ਇਸ ਕਿਲ੍ਹੇ ਪੁਰ ਕਬਜ਼ਾ ਕਰਕੇ ਇਸਦੀ ਮੁਰੰਮਤ ਕਰਵਾ ਲਈ ਸੀ ਤੇ ਸਰਹੰਦ ਆਦਿ ਦੀਆਂ ਲੁਟਾਂ ਦਾ ਮਾਲ, ਸਿੱਕਾ ਬਾਰੂਦ ਤੇ ਰਾਸ਼ਨ ਆਦਿ ਕਾਫ਼ੀ 'ਕੱਠਾ ਕਰ ਲਿਆ ਸੀ। ਬੰਦੇ ਨੇ ਇਸਦਾ ਨਾਂ 'ਲੋਹਗੜ੍ਹ' ਰਖਿਆ ਤੇ ਇਸਨੂੰ ਆਪਣੀ ਰਾਜਧਾਨੀ ਬਣਾਇਆ। ਇਹ ਥਾਂ ਬੜੀ ਸੁਰੱਖਯਤ ਸੀ, ਕਿ ਕਿਸੇ ਬਹਾਦਰ ਫੌਜ ਦਾ ਹੀ ਇਸ ਤਕ ਅਪੜਨ ਦਾ ਹੀਆ ਪੈ ਸਕਦਾ ਸੀ। ਕਿਲ੍ਹਾ, ਚੌਪਾਸਿਓਂ ਪਾਣੀ ਦੀਆਂ ਵਡੀਆਂ ਵਡੀਆਂ ਖਾਈਆਂ ਨਾਲ ਘਿਰਿਆ ਹੋਇਆ ਸੀ, ਤੇ ਸਢੌਰਾ ਇਸਦੇ ਬਿਲਕੁਲ ਪੈਰਾਂ ਵਿਚ ਸੀ। ਸਢੌਰੇ ਤੋਂ ਸਿੱਖ ਫੌਜ ਹਟ ਕੇ ਲੋਹਗੜ੍ਹ ਦੇ ਕਿਲ੍ਹੇ ਵਿਚ ਆ ਬੈਠੀ, ਕਿਉਂਕਿ ਇਹ ਥਾਂ ਬਾਕੀ ਸਾਰੀਆਂ ਥਾਵਾਂ ਤੋਂ ਸੁਰੱਖਯਤ ਤੇ ਮਜ਼ਬੂਤ ਸੀ।

ਸ਼ਾਹੀ ਫੌਜ ਸਢੌਰੇ ਤੋਂ ਬੜੀ ਤੇਜ਼ੀ ਨਾਲ ਸਿੱਖਾਂ ਦਾ ਪਿੱਛਾ ਕਰਦੀ ਆ ਰਹੀ ਸੀ।ਮਹਾਬਤ ਖ਼ਾਂ, ਫ਼ਰੋਜ਼ ਖ਼ਾਂ ਮੇਵਾਤੀ, ਅਫ਼ਜ਼ਲ ਖ਼ਾਂ ਤੇ ਰੁਸਤਮ ਦਿਲ ਖ਼ਾਂ ਆਦਿ ਜਰੀ ਜਰਨੈਲ ਸ਼ਾਹੀ ਫੌਜ ਦੀ ਕਮਾਨ ਕਰ ਰਹੇ ਸਨ। 9 ਸਤੰਬਰ 1710 ਈ: ਨੂੰ ਬਹਾਦਰ ਸ਼ਾਹ ਦੀ ਅਗਵਾਈ ਹੇਠਾਂ ਸੱਠ ਹਜ਼ਾਰ ਫੌਜੀਆਂ ਨੇ ਕਿਲ੍ਹੇ ਨੂੰ ਘੇਰੇ ਵਿਚ ਲੈ ਲਿਆ, ਪਰ ਕਿਲ੍ਹੇ ਤੇ ਕਿਸੇ ਨੂੰ ਫ਼ੌਰੀ ਹਮਲਾ ਕਰਨ ਦਾ ਹੀਆ ਨਾ ਪਿਆ। ਬਹਾਦਰ ਸ਼ਾਹ ਨੇ ਖ਼ਾਸ ਹੁਕਮ ਦਿਤਾ, ਕਿ ਕਿਲ੍ਹੇ ਪੁਰ ਹਮਲਾ ਬਿਲਕੁਲ ਨਾ ਕੀਤਾ ਜਾਵੇ, ਸਗੋਂ ਚੁਪਾਸਿਓਂ ਰਾਹ ਰੋਕ ਕੇ ਯੋਗ ਵਕਤ ਦੀ ਉਡੀਕ ਕੀਤੀ ਜਾਵੇ। ਸਿੱਖਾਂ ਲਈ ਇਹ ਆਖ਼ਰੀ ਮਹਿਫ਼ੂਜ਼ ਥਾਂ ਸੀ, ਇਸ ਲਈ ਉਹ ਇਸ ਦਾਅ ਪੁਰ ਆਪਣਾ ਸਭ ਕੁਝ ਲਾ ਦੇਣਾ ਚਾਹੁੰਦੇ ਸਨ। ਉਨ੍ਹਾਂ ਦੀ ਬਾਦਸ਼ਾਹੀ ਮੁਕ ਚੁਕੀ ਸੀ। ਤੇ ਹੁਣ ਉਹ ਆਪਣੀ ਅਜ਼ਾਦੀ ਦੀ ਜਾਨ ਹੂਲ ਕੇ ਰੱਖਿਆ ਕਰਨਾ ਚਾਹੁੰਦੇ ਸਨ। ਸੋ ਕਿਲ੍ਹੇ ਵਿਚ ਹੀ ਉਹਨਾਂ ਨੇ ਆਖ਼ਰੀ ਦਮ ਤਕ ਲੜਨ ਦਾ ਫੈਸਲਾ ਕਰ ਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹਾਦਰ ਸ਼ਾਹ ਇਸ ਕਿਲ੍ਹੇ ਨੂੰ ਘੇਰੇ ਵਿਚ ਲੈ ਕੇ ਉਡੀਕ ਕਰ ਰਿਹਾ ਸੀ, ਕਿ ਸਿੱਖ ਸ਼ਾਇਦ ਸਾਨੂੰ ਸੁਸਤ ਪਿਆ ਵੇਖ ਕੇ ਕਿਲ੍ਹੇ ਨੂੰ ਛੱਡ ਕੇ ਮੈਦਾਨ ਵਿਚ ਆ ਜਾਣ, ਤਾਂ ਸੌਖੀ ਤਰ੍ਹਾਂ ਉਨ੍ਹਾਂ ਨੂੰ ਖ਼ਤਮ ਕਰ ਦਈਏ, ਪਰ ਬੰਦਾ, ਦੁਸ਼ਮਨ ਦੀ ਇਸ ਚਾਲ ਨੂੰ ਸਮਝ ਗਿਆ। ਸਿੱਖ ਕਦੀ ਕਦਾਈਂ ਛੋਟੇ ਛੋਟੇ ਦਸਤਿਆਂ ਵਿਚ—ਅਚਾਨਕ ਨਿਕਲਦੇ ਤੇ ਸੁਤੇ ਪਏ ਦੁਸ਼ਮਨ ਤੋਂ ਖਾਣ ਪੀਣ ਦਾ ਸਮਾਨ ਖੋਹ ਕੇ ਫਿਰ ਕਿਲ੍ਹੇ ਵਿਚ ਬੰਦ ਹੋ ਜਾਂਦੇ। ਸ਼ਾਹੀ ਫੌਜ ਨੂੰ ਕਿਲ੍ਹੇ ਨੂੰ ਘੇਰਿਆਂ ਡੇਢ ਮਹੀਨਾ ਹੋ ਗਿਆ ਸੀ, ਪਰ ਉਹ ਸਿੱਖਾਂ ਦਾ ਕਖ ਨਾ ਵਿਗਾੜ ਸਕੀ। ਉਪਰੋਂ ਉਨ੍ਹਾਂ ਪੁਰ ਇਲਾਹੀ ਕਹਿਰ ਟੁਟ ਪਿਆ। ਪੋਹ ਦਾ ਮਹੀਨਾ ਸੀ। ਹਿੰਦੁਸਤਾਨੀ ਫੌਜਾਂ ਲਈ ਪੰਜਾਬ ਦੇ ਕਿਸੇ ਪਹਾੜ ਲਾਗੇ ਦਿਨ ਗੁਜ਼ਾਰਨੇ ਭਾਰੀ ਮੁਸੀਬਤ ਸੀ, ਕਿ ਉਪਰੋਂ ਸਖ਼ਤ ਬਾਰਸ਼ਾਂ ਸ਼ੁਰੂ ਹੋ ਗਈਆਂ। ਸ਼ਾਹੀ ਫੌਜਾਂ ਨੇ ਜਿਥੇ ਡੇਰੇ ਪਾਏ ਹੋਏ ਸਨ, ਉਹ ਸਾਰੀ ਥਾਂ ਜਲ ਥਲ ਹੋ ਗਈ। ਫੌਜੀ ਤੇ ਘੋੜੇ ਇੰਨੇ ਮੋਏ, ਕਿ ਉਨ੍ਹਾਂ ਨੂੰ ਸੰਭਾਲਣ ਵਾਲਾ ਹੀ ਕੋਈ ਨਾ ਰਿਹਾ। ਉਨ੍ਹਾਂ ਦੀ ਸੜ੍ਹਾਂਦ ਦੂਰ ਦੂਰ ਤਕ ਫੈਲ ਗਈ ਤੇ ਕੁਝ ਚਿਰ ਹੋਰ ਇਹੀ ਹਾਲ ਰਹਿਣ ਨਾਲ ਫੌਜ ਵਿਚ ਬੀਮਾਰੀ ਪੈ ਜਾਣ ਦਾ ਡਰ ਪੈਦਾ ਹੋ ਗਿਆ। ਬਾਰਸ਼ਾਂ, ਠੰਡ ਤੇ ਹਵਾ ਨਾਲ ਫੌਜ ਦਾ ਬੁਰਾ ਹਾਲ ਹੋਇਆ। ਲੋਕੀ ਫੌਜ ਵਿਚ ਖੁਲ੍ਹਮ ਖੁਲ੍ਹਾ ਆਮ ਕਹਿੰਦੇ ਸਨ, ਕਿ ਇਹ ਸਭ 'ਬੰਦੇ ਜਾਦੂਗਰ' ਦਾ ਕਾਰਾ ਹੈ।

ਇਸ ਨਾਜ਼ਕ ਹਾਲਤ ਵਿਚ ਸਿੱਖਾਂ ਨੇ ਆਪਣੇ ਹੱਲੇ ਤੇਜ਼ ਕਰ ਦਿਤੇ। ਫੌਜ ਦਾ ਬੜਾ ਭਾਰੀ ਨੁਕਸਾਨ ਹੋਇਆ, ਪਰ ਤੇਜ਼ ਧੁਪ ਨਿਕਲਣ ਸਾਰ ਹੀ ਸ਼ਾਹੀ ਫੌਜ ਫਿਰ ਦੁਸ਼ਮਣ ਸਿੱਖਾਂ ਨਾਲ ਟਾਕਰਾ ਲੈਣ ਲਈ ਤਿਆਰ ਹੋ ਗਈ। ਬਾਦਸ਼ਾਹ ਦਾ ਹੁਕਮ ਸੀ, ਕਿ ਕਿਲ੍ਹੇ ਦੇ ਨੇੜੇ ਕੋਈ ਫੌਜਾ ਦਸਤਾ ਨਾਂਹ ਜਾਵੇ, ਪਰ ਖ਼ਾਨ ਖ਼ਾਨਾ ਇਸ ਰੋਜ਼ ਰੋਜ਼ ਦੀ ਅਵਾਜ਼ਾਰੀ ਤੋਂ ਤੰਗ ਆ ਗਿਆ ਸੀ। ਇਕ ਦਿਨ ਉਹ ਦੁਸ਼ਮਨ ਦੀ ਤਾਕਤ ਵੇਖਣ ਦੇ ਬਹਾਨੇ ਕਿਲ੍ਹੇ ਦੇ ਨੇੜੇ ਚਲਾ ਗਿਆ। ਸਿੱਖਾਂ ਉਸਨੂੰ ਆਪਣੇ ਵਲ ਆਉਂਦਿਆਂ ਵੇਖ ਗੋਲੀਆਂ ਤੇ ਤੀਰਾਂ ਨਾਲ ਉਸਦੇ ਕਈ ਆਦਮੀ ਭੁੰਨ ਸੁਟੇ। ਗੁਸੇ ਵਿਚ ਭੁੜਕ ਕੇ ਖ਼ਾਨ ਖ਼ਾਨਾ ਨੂੰ ਬਾਦਸ਼ਾਹ ਦਾ ਹੁਕਮ ਭੁਲ ਗਿਆ, ਤੇ ਉਸ ਆਪਣੇ ਦਸਤੇ ਨੂੰ ਕਿਲ੍ਹੇ ਪੁਰ ਟੁਟ ਪੈਣ ਦਾ ਹੁਕਮ ਦੇ ਦਿਤਾ। ਸ਼ਾਹੀ ਫੌਜ ਦੇ ਸਰਦਾਰ ਇਕ ਦੂਜੇ ਦੀ ਕਾਮਯਾਬੀ ਤੋਂ ਬੜੇ ਸੜਦੇ ਸਨ। ਖ਼ਾਨ ਖ਼ਾਨਾ ਨੂੰ ਅੱਗੇ ਵਧਦਿਆਂ ਵੇਖ ਬਾਕੀ ਸਰਦਾਰ ਵੀ ਨਾ ਰਹਿ ਸਕੇ ਤੇ ਹੌਲੀ ਹੌਲੀ ਕਰਦਿਆਂ ਸਾਰੀ ਫੌਜ ਨੇ ਕਿਲ੍ਹੇ ਪੁਰ ਹੱਲਾ ਬੋਲ ਦਿਤਾ।

ਸਿੱਖ, ਕਿਲ੍ਹੇ ਦੀ ਸਾਹਮਣੇ ਵਾਲੀ ਪਹਾੜੀ ਤੋਂ ਗੋਲੀਆਂ ਵਰਸਾ ਰਹੇ ਸਨ, ਪਰ ਇਕ ਦਮ ਟਿੱਡੀ ਦਲ ਦੇ ਹਮਲੇ ਨੇ ਉਹਨਾਂ ਨੂੰ ਪਿਛੇ ਹਟਣ ਲਈ ਮਜਬੂਰ ਕਰ ਦਿਤਾ ਤੇ ਅਖ਼ੀਰ ਸੂਰਜ ਛੁਪਣ ਤਕ ਉਹ ਬਾਹਰ ਦੇ ਮੋਰਚੇ ਛੱਡ ਕਿਲ੍ਹੇ-ਬੰਦ ਹੋ ਬੈਠੇ। ਅੱਜ ਦੇ ਮੋਰਚੇ ਵਿਚ ਸ਼ਾਹੀ ਫੌਜ ਦਾ ਤਾਂ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ, ਪਰ ਸਿੱਖ ਵੀ ਬਹੁਤ ਸਾਰੇ ਮਾਰੇ ਗਏ। ਦੋ ਮਹੀਨਿਆਂ ਤੋਂ ਕਿਲ੍ਹੇ ਵਿਚ ਘਿਰੇ ਹੋਣ ਕਰਕੇ ਉਹਨਾਂ ਪਾਸ ਰਾਸ਼ਨ ਮੁਕ ਗਿਆ ਸੀ। ਤੇ ਹਜ਼ਾਰਾਂ ਦੀ ਗਿਣਤੀ ਵਿਚ ਉਹ ਸ਼ਹੀਦ ਹੋ ਚੁਕੇ ਸਨ। ਸਿੱਕਾ ਬਾਰੂਦ ਵੀ ਖ਼ਤਮ ਸੀ ਅਰ ਹਿੰਦੁਸਤਾਨ ਭਰ ਦੀ ਫੌਜ ਕਿਲ੍ਹੇ ਦੇ ਮੂੰਹ ਅੱਗੇ ਬੈਠੀ ਸੀ। ਫਿਰ ਵੀ ਸਿੱਖਾਂ ਦੇ ਹੌਸਲੇ ਬੜੇ ਬੁਲੰਦ ਸਨ, ਤੇ ਸ਼ਾਹੀ ਫੌਜੀ ਇਸ ਲੜਾਈ ਦੇ ਟਲ ਜਾਣ ਲਈ ਦੁਆਵਾਂ ਮੰਗ ਰਹੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹੀ ਫੌਜੀਆਂ ਦੇ ਦਿਨ-ਬਦਿਨ ਡਿਗ ਰਹੇ ਹੌਂਸਲੇ ਕਾਰਨ ਬਹਾਦਰ ਸ਼ਾਹ ਨੇ 4 ਦਸੰਬਰ 1910 ਈ: ਨੂੰ ਰੁਸਤਮ-ਉਲ-ਖ਼ਾਨ ਨੂੰ ਫੌਰੀ ਹੁਕਮ ਦਿਤਾ, ਕਿ ਫੌਜ ਦੇ ਅਗਲੇ ਪੜਾਅ ਦੇ ਡੇਰੇ ਲਈ ਉਹ ਯੋਗ ਥਾਂ ਦਾ ਪ੍ਰਬੰਧ ਕਰੇ ।

ਨਾਦਰ ਤੇ ਉਸਦਾ ਪੁੱਤਰ ਮੁਹੱਬਤ ਖ਼ਾਂ ਆਪਣੇ ਫੌਜੀ ਦਸਤੇ ਨਾਲ ਫੌਜੀ ਟੈਂਟਾਂ ਦੀ ਹਿਫ਼ਾਜ਼ਤ ਕਰਦੇ ਹੋਏ ਜਦ ਲੋਹਗੜ੍ਹ ਵਲ ਵਧੇ,ਤਾਂ ਰਾਹ ਵਿਚ ਹੀ ਸਿੱਖਾਂ ਦੇ ਇਕ ਹਥਿਆਰ-ਬੰਦ ਦਸਤੇ ਨਾਲ ਉਨ੍ਹਾਂ ਦੀ ਝੜਪ ਹੋ ਗਈ । ਰੁਸਤਮ ਖ਼ਾਨ ਨੇ ਆਪਣੇ ਤਕੜੇ ਫੌਜੀ ਦਲ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ । ਦੋਹਾਂ ਪਾਸਿਆਂ ਦੇ ਕਾਫ਼ੀ ਸੂਰਮੇ ਮਾਰੇ ਗਏ । ਇੰਨੀ ਦੇਰ ਨੂੰ ਪਿਛੋਂ ਆ ਰਹੀ ਕੇਂਦਰੀ ਸ਼ਾਹੀ ਫੌਜ ਦੀ ਕੁਮਕ ਵੀ ਪਹੁੰਚ ਗਈ। ਹੁਣ ਗਿਣਤੀ ਦੇ ਸਿੱਖਾਂ ਦਾ ਟਿੱਡੀ ਦਲ ਸ਼ਾਹੀ ਲਸ਼ਕਰ ਨਾਲ ਮੁਕਾਬਲਾ ਸੀ । ਇਸ ਝੜਪ ਵਿਚ ਪੰਦਰਾਂ ਸੌ ਦੇ ਲਗਪਗ ਸਿੱਖ ਫੌਜੀ ਮਾਰੇ ਗਏ । ਦੂਜੇ ਪਾਸੇ ਦੁਸ਼ਮਣ ਦੇ ਬਹੁਤ ਸਾਰੇ ਸਿਪਾਹੀ ਤੇ ਉਨ੍ਹਾਂ ਦੇ ਨਾਮੀ ਗਰਾਮੀ ਜਰਨੈਲ ਮੈਦਾਨ ਵਿਚ ਰਹੇ । ਉਪਰੋਂ ਰਾਤ ਪੈ ਗਈ, ਸੋ ਅਨ੍ਹੇਰੇ ਦਾ ਫ਼ਾਇਦਾ ਉਠਾਉਂਦਿਆਂ ਬਹੁਤ ਸਾਰੇ ਸਿੱਖ ਚੁਪ-ਚੁਪੀਤੇ ਕਿਲ੍ਹਾ ਛੱਡ ਪਹਾੜਾਂ ਵਲ ਹਰਨ ਹੋ ਗਏ ।

9 ਦਸੰਬਰ ਨੂੰ ਬਹਾਦਰ ਸ਼ਾਹ ਖ਼ੁਦ ਕੇਂਦਰੀ ਮੁਗ਼ਲ ਫੌਜ ਸਮੇਤ ਲੜਾਈ ਦੇ ਮੈਦਾਨ ਵਿਚ ਆ ਪਹੁੰਚਿਆ । ਉਸਨੇ ਹਰਨ ਹੋ ਚੁਕੇ ਸਿੱਖਾਂ ਦੇ ਕਿਲ੍ਹੇ ਤੇ ਫੌਜੀ ਖੰਦਕਾਂ ਆਦਿ ਵੇਖਣ ਦੀ ਇੱਛਾ ਜ਼ਾਹਿਰ ਕੀਤੀ ।

10 ਦਸੰਬਰ ਨੂੰ ਸ਼ਾਹੀ ਫੌਜ ਦਾਬਰ ਪਹਾੜੀਆਂ ਵਲ ਰਵਾਨਾ ਹੋ ਗਈ । ਰਾਜਾ ਉਦੈਤ ਸਿੰਘ, ਜ਼ੁਲਫ਼ਕਾਰ ਅਲੀ ਤੇ ਮੁਨੀਮ ਖ਼ਾਂ ਆਪੋ ਆਪਣੇ ਫੌਜੀ ਦਸਤਿਆਂ ਦੀ ਕਮਾਨ ਕਰ ਰਹੇ ਸਨ । ਰਾਜਾ ਚਤਰਸਾਲ ਬੁੰਦੇਲਾ ਤੇ ਇਸਲਾਮ ਖ਼ਾਨ ਦੋਵੇਂ ਜਰਨੈਲ ਵੀ ਫੌਜੀਆਂ ਨੂੰ ਅੱਗੇ ਵਧਣ ਲਈ ਵੰਗਾਰ ਰਹੇ ਸਨ ।

ਇਸ ਤਰ੍ਹਾਂ ਹਜ਼ਾਰਾਂ ਦੀ ਗਿਣਤੀ ਵਿਚ ਵੱਖ-ਵੱਖ ਜਰਨੈਲਾਂ ਦੀ ਕਮਾਨ ਹੇਠਾਂ ਸ਼ਾਹੀ ਫੌਜ ਨੇ, ਬੰਦੇ ਦੇ ਮੋਰਚਿਆਂ ਵਲ ਮਾਰਚ ਕੀਤਾ । ਤੋਪਾਂ ਦੇ ਗੋਲਿਆਂ ਦੀ ਤਕੜੀ ਬੁਛਾੜ ਹੇਠਾਂ ਬਚੇ ਖੁਚੇ ਸਿੱਖ ਫੌਜੀ, ਪਹਾੜੀ ਦੀ ਚੋਟੀ ਵਾਲੇ ਮੋਰਚੇ ਵਿਚ ਦੁਸ਼ਮਣ ਨਾਲ ਲੋਹਾ ਲੈਂਦੇ ਸ਼ਹੀਦ ਹੋ ਗਏ ਤੇ ਬਾਕੀ ਦੇ ਜੰਗਲ ਵਿਚ ਅਲੋਪ ਹੋ ਗਏ । ਦੁਪਹਿਰ ਤੀਕ ਮੁਨੀਮ ਖ਼ਾਨ ਦਾ ਫੌਜੀ ਦਸਤਾ ਬੰਦੇ ਬਹਾਦਰ ਦੇ ਹੈੱਡ ਕਵਾਰਟਰ ਲੋਹਗੜ੍ਹ ਅੰਦਰ ਜਾ ਵੜਿਆ । ਉਥੇ ਬੜੀ ਤਕੜੀ ਲਹੂ-ਲੁਹਾਨ ਲੜਾਈ ਹੋਈ । ਇਸ ਸਮੇਂ ਤੀਕ ਸ਼ਾਹੀ ਫੌਜ ਨੇ ਆਪਣਾ ਕੈਂਪ ਲੋਹਗੜ੍ਹ ਦੀਆਂ ਦੀਵਾਰਾਂ ਦੇ ਬਿਲਕੁਲ ਨੇੜੇ ਕਰਕੇ ਗੱਡ ਦਿਤਾ ਸੀ ।

ਕਿਲ੍ਹੇ-ਬੰਦ ਬਚੇ ਖੁਚੇ ਸਿੱਖਾਂ ਨੇ ਫੈਸਲਾ ਕੀਤਾ, ਕਿ ਜਿਵੇਂ ਚਮਕੌਰ ਦੀ ਗੜ੍ਹੀ 'ਚੋਂ ਗੁਰੂ ਗੋਬਿੰਦ ਸਿੰਘ ਜੀ ਨਿਕਲ ਗਏ ਸਨ, ਇਵੇਂ ਹੀ ਇਥੋਂ ਬੰਦੇ ਬਹਾਦਰ ਨੂੰ ਨਿਕਲ ਜਾਣਾ ਚਾਹੀਦਾ ਹੈ । ਕਿਲ੍ਹੇ ਦੇ ਇਕ ਪਾਸੇ ਇਕ ਛੋਟਾ ਜਿਹਾ ਖ਼ੁਫ਼ੀਆ ਰਾਹ ਸੀ, ਜਿਸ ਪੁਰ ਸ਼ਾਹੀ ਜਰਨੈਲਾਂ ਨੂੰ ਪਤਾ ਨਾ ਹੋਣ ਕਰਕੇ ਪਹਿਰਾ ਨਹੀਂ ਸੀ ਰਖਿਆ ਗਿਆ । ਬੰਦਾ, ਭੇਸ ਬਦਲਣਾ ਖ਼ੂਬ ਜਾਣਦਾ ਸੀ । ਇਥੋਂ ਤਕ ਕਿ ਕਈ ਵਾਰ ਬਦਲੇ ਹੋਏ ਭੇਸ ਵਿਚ ਉਸਦੇ ਨਿਜੀ ਸੇਵਕ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸਨੂੰ ਪਛਾਣ ਨਹੀਂ ਸਨ ਸਕਦੇ। ਸੋ ਉਹ ਆਪਣੇ ਕਈ ਬਹਾਦਰ ਸਾਥੀਆਂ ਸਣੇ ਰਾਤ ਦੇ ਹਨੇਰੇ ਵਿਚ ਇਸ ਰਾਹੋਂ ਨਿਕਲ ਕੇ ਸਿਰਮੌਰ ਰਿਆਸਤ[1] ਦੀਆਂ ਪਹਾੜੀਆਂ ਪਿਛੇ ਗੁੰਮ ਹੋ ਗਿਆ। ਕਿਲ੍ਹੇ ਵਿਚ ਗੁਲਾਬ ਸਿੰਘ ਨਾਂ ਦੇ ਇਕ ਸਿੱਖ ਦੀ ਸ਼ਕਲ ਬੰਦੇ ਨਾਲ ਬਿਲਕੁਲ ਮਿਲਦੀ ਜੁਲਦੀ ਸੀ। ਉਸਨੇ ਬੰਦੇ ਬਹਾਦਰ ਨੂੰ ਬੇਨਤੀ ਕੀਤੀ, ਕਿ ਉਹ ਕਿਲ੍ਹਾ ਛੱਡ ਪਹਿਲਾਂ ਵਾਂਗ ਪਹਾੜੀਆਂ ਪਿਛੇ ਅਲੋਪ ਹੋ ਜਾਵੇ। ਗੁਲਾਬ ਸਿੰਘ ਦੀ ਬੇਨਤੀ ਪੂਰ ਬੰਦਾ ਬਹਾਦਰ ਨੇ ਆਪਣੇ ਕਪੜੇ ਉਸਨੂੰ ਪੁਵਾ ਦਿਤੇ। ਤੇ ਆਪ ਉਹ ਉਸ ਖ਼ੁਫ਼ੀਆ ਰਾਹੋਂ ਕਿਲ੍ਹਿਉਂ ਬਾਹਰ ਨਿਕਲ ਗਿਆ।

---

1. ਪ੍ਰਸਿਧ ਇਤਿਹਾਸਕਾਰ ਹਰੀ ਰਾਮ ਗੁਪਤਾ ਦੀ ਖੋਜ ਮੁਤਾਬਕ ਬੰਦੇ ਬਹਾਦਰ ਦਾ ਜਨਮ ਰਿਆਸਤ ਸਿਰਮੌਰ (ਹਿਮਾਚਲ) ਵਿਚ ਕਿਸੇ ਗੁੰਮਨਾਮ ਪਿੰਡ ਵਿਚ ਸੰਨ 1670 ਈ: ਵਿਚ ਹੋਇਆ ਸੀ। ਹਰੀ ਰਾਮ ਗੁਪਤਾ ਨੇ ਬੰਦੇ ਦੇ ਜਨਮ ਅਸਥਾਨ ਬਾਰੇ ਪ੍ਰਚਲਤ ਵਿਚਾਰ ਨੂੰ ਰੱਦ ਕੀਤਾ ਹੈ। ਇਤਿਹਾਸਕਾਰ ਕਨਿੰਘਮ ਬੰਦੇ ਦਾ ਜਨਮ ਦੱਖਣੀ ਭਾਰਤ ਦੇ ਕਿਸੇ ਪ੍ਰਾਂਤ ਵਿਚ ਦਸਦਾ ਹੈ। ਅੰਗ੍ਰੇਜ਼ ਇਤਿਹਾਸਕਾਰ ਜੇਮਜ਼ ਬਰਾਊਨ ਦਾ ਕਹਿਣਾ ਹੈ, ਕਿ ਬੰਦੇ ਦਾ ਜਨਮ ਜਲੰਧਰ-ਦੁਆਬ ਵਿਚ ਹੋਇਆ ਸੀ। ਡਾ: ਹਰੀ ਰਾਮ ਗੁਪਤਾ ਨੇ ਸਿਰਮੌਰ ਦਾ ਜੰਮਪਾਲ ਹੋਣ ਦੇ ਸਬੂਤ ਵਿਚ ਕਈ ਤੱਥ ਪੇਸ਼ ਕੀਤੇ ਹਨ :

   ਪਹਿਲਾ ਇਹ,ਕਿ ਉਹ ਮਿਲੀ ਜੁਲੀ ਪੰਜਾਬੀ-ਹਿੰਦੀ ਬੋਲਦਾ ਸੀ। ਗੁਰੂ ਗੋਬਿੰਦ ਸਿੰਘ ਜੀ ਵੀ ਉਸੇ ਤਰ੍ਹਾਂ ਦੀ ਭਾਸ਼ਾ ਬੋਲਦੇ ਸਨ।

   ਦੂਜਾ ਇਹ, ਕਿ ਬੰਦਾ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਜਵਾਨ ਅਵਸਥਾ ਤੋਂ ਹੀ ਇਕ ਦੂਜੇ ਦੇ ਜਾਣੂੰ ਸਨ। ਗੁਰੂ ਗੋਬਿੰਦ ਸਿੰਘ ਜੀ ਵੀ 1699 ਈ: ਤੋਂ ਪਹਿਲਾਂ ਕਈ ਵਰ੍ਹੇ ਨਾਹਨ ਰਿਆਸਤ ਵਿਚ ਪੌਂਟਾ ਸਾਹਿਬ ਰਹੇ ਸਨ, ਜਿਹੜੀ ਸਿਰਮੌਰ ਰਿਆਸਤ ਨਾਲ ਲੱਗਦੀ ਹੈ ਅਤੇ ਇਹ ਦੋਵੇਂ ਸ਼ਿਕਾਰ ਸਮੇਂ ਜਾਂ ਵੈਸੇ ਹੀ ਇਕ ਦੂਜੇ ਨੂੰ ਜ਼ਰੂਰ ਮਿਲਦੇ ਰਹੇ ਹੋਣਗੇ।

   ਤੀਜਾ ਇਹ, ਕਿ ਜਦੋਂ 1710 ਈ: ਵਿਚ ਬੰਦਾ ਪੰਜਾਬ ਪਹੁੰਚਿਆ ਤਾਂ ਜਿਸ ਫੁਰਤੀ ਨਾਲ ਉਸਨੇ ਪਹਾੜੀ ਇਲਾਕਿਆਂ ਨੂੰ ਗਾਹਿਆ, ਉਸ ਤੋਂ ਜਾਪਦਾ ਹੈ, ਕਿ ਉਹ ਇਨ੍ਹਾਂ ਇਲਾਕਿਆਂ ਦਾ ਮੁਢ ਤੋਂ ਜਾਣੂੰ ਸੀ। ਉਹਨੇ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਲਈ ਵੀ ਲੋਹਗੜ੍ਹ (ਸਿਰਮੌਰ ਰਿਆਸਤ ਦੇ ਨੇੜੇ) ਦਾ ਅਸਥਾਨ ਚੁਣਿਆ।

   ਚੌਥਾ ਇਹ, ਕਿ ਜਦੋਂ ਸਰਹੰਦ ਪਿਛੋਂ ਬੰਦੇ ਨੇ ਮਲੇਰਕੋਟਲੇ ਹਮਲਾ ਕੀਤਾ। ਉਸ ਸਮੇਂ ਕਿਸ਼ਨ ਦਾਸ ਬਾਣੀਏ ਨਾਂ ਦੇ ਇਕ ਵਪਾਰੀ ਨੇ ਵਿਚ ਪੈ ਕੇ ਸ਼ਹਿਰੀਆਂ ਤੋਂ ਭਾਰੀ ਤਾਵਾਨ ਦਿਲਾ ਕੇ ਸ਼ਹਿਰ ਨੂੰ ਲੁਟ ਤੋਂ ਬਚਾਇਆ। ਇਹ ਕਿਸ਼ਨ ਦਾਸ ਬਾਣੀਆ ਬੰਦੇ ਦਾ ਪਹਿਲਾਂ ਤੋਂ ਹੀ ਜਾਣੂੰ ਸੀ। ਉਨ੍ਹਾਂ ਦਿਨਾਂ ਵਿਚ ਮੈਦਾਨ ਦੇ ਵਪਾਰੀ ਸਿਰਮੌਰ, ਨਾਹਨ, ਨਾਲਾਗੜ੍ਹ ਆਦਿ ਰਿਆਸਤਾਂ ਵਿਚ ਕ[illegible]ਕ, ਗੁੜ ਆਦਿ ਵੇਚਣ ਲਈ ਜਾਇਆ ਕਰਦੇ ਸਨ ਅਤੇ ਪਹਾੜਾਂ ਤੋਂ ਆਲੂ ਮਿਰਚਾਂ ਆਦਿ ਜਿਨਸਾਂ ਮੈਦਾਨਾਂ ਦੇ ਲੋਕਾਂ ਲਈ ਲਿਆਇਆ ਕਰਦੇ ਸਨ। ਬੰਦਾ ਬਹਾਦਰ, ਸਿਰਮੌਰ ਰਿਆਸਤ ਦਾ ਵਸਨੀਕ ਸੀ, ਇਸ ਲਈ ਕਿਸ਼ਨ ਦਾਸ ਬਾਣੀਆ ਉਸ ਸਮੇਂ ਤੋਂ ਉਸਦਾ ਜਾਣੂੰ ਸੀ। ਬੰਦੇ ਦਾ ਪਹਿਲਾ ਨਾਂ ਲਛਮਣ ਦਾਸ ਸੀ। ਜਦੋਂ ਉਹਨੂੰ ਸ਼ਿਕਾਰ ਤੋਂ ਘ੍ਰਿਣਾ ਹੋ ਗਈ ਤਾਂ ਉਸਨੇ ਵੈਰਾਗ ਧਾਰ ਲਿਆ ਅਤੇ ਦੱਖਣੀ ਭਾਰਤ ਚਲਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛਲੇ ਪੰਨੇ ਦਾ ਚਲਦਾ ਫ਼ੁਟਨੋਟ

ਖ਼ਿਆਲ ਕੀਤਾ ਜਾਂਦਾ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਉਹਦੇ ਡੇਰੇ ਦਾ ਪਤਾ ਸੀ, ਇਸ ਲਈ ਜਦੋਂ ਉਹ ਨਾਂਦੇੜ ਗਏ ਤਾਂ ਸਿੱਧੇ ਉਹਦੇ ਡੇਰੇ ਤੇ ਅੱਪੜ ਗਏ। ਬਹੁਤ ਸਮਾਂ ਪਹਿਲਾਂ ਮਿਲੇ ਹੋਏ ਹੋਣ ਕਾਰਨ, ਉਹ ਪਹਿਲਾਂ ਗੁਰੂ ਜੀ ਨੂੰ ਪਛਾਣ ਨਾ ਸਕਿਆ, ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਉਹਨੂੰ ਆਪਣਾ ਨਾਂ ਦੱਸਿਆ ਤਾਂ ਬੰਦਾ ਸਤਿਕਾਰ ਵਜੋਂ ਉਨ੍ਹਾਂ ਦੇ ਚਰਨੀਂ ਡਿਗ ਪਿਆ। ਇਸ ਤੋਂ ਇਹ ਜਾਪਦੇ, ਕਿ ਬੰਦੇ ਨੂੰ ਪਹਿਲਾਂ ਹੀ ਦਸਮ ਪਾਤਸ਼ਾਹ ਤੇ ਬੜੀ ਸ਼ਰਧਾ ਸੀ।

ਬੰਦਾ ਸਿੰਘ ਬਹਾਦਰ ਦਾ ਇਕ ਬੇਟਾ ਸ੍ਰ: ਰਣਜੀਤ ਸਿੰਘ, 24 ਜੁਲਾਈ 1753 ਈ: ਤਕ ਆਪਣੇ ਜੀਵਨ ਦੇ ਆਖ਼ਰੀ ਸੁਆਸਾਂ ਤਕ ਬੰਦਾ ਬਹਾਦਰ ਦੀ ਜੰਮੂ ਵਾਲੀ ਗੱਦੀ ਤੇ ਬ੍ਰਿਾਜਮਾਨ ਰਿਹਾ। ਅੱਜ ਕਲ ਬਾਬਾ ਜਤਿੰਦਰਪਾਲ ਸਿੰਘ ਜੰਮੂ ਦੇ ਡੇਰੇ ਦਾ ਪ੍ਰਬੰਧ ਕਰਦੇ ਹਨ। ਵਿਸਾਖੀ-ਦੀਵਾਲੀ ਆਦਿ ਵਿਸ਼ੇਸ਼ ਸਮਾਗਮ ਉਥੇ ਮਨਾਏ ਜਾਂਦੇ ਹਨ। ਰੋਹਤਕ ਵਿਖੇ ਵੀ ਬੰਦੱਈ ਖ਼ਾਲਸੇ ਦਾ ਡੇਰਾ ਹੈ।

ਬਾਬਾ ਜਤਿੰਦਰਪਾਲ ਸਿੰਘ ਦਾ ਜਨਮ 2 ਅਕਤੂਬਰ 1944 ਈ: ਨੂੰ ਹੋਇਆ ਸੀ। ਬੰਦਾ ਬਹਾਦਰ ਦੀਆਂ ਯਾਦਗਾਰਾਂ ਅਤੇ ਧਰਮ ਪ੍ਰਚਾਰ ਕੇਂਦਰ, ਜੰਮੂ ਨੇੜੇ ਦਰਿਆ ਚਨਾਬ ਦੇ ਕੰਢੇ ਰਿਆਸੀ ਵਿਖੇ ਹੈ। ਹੋਰ ਅਸਥਾਨ ਪਿੰਡ ਬੱਬਹ, ਅਖਨੂਰ ਵਿਚ ਹਨ। ਜੰਮੂ ਬਿਨਾਂ ਹੋਰ ਕਈ ਬੰਦਈ ਡੇਰੇ ਹਨ, ਜਿਵੇਂ ਕਿ ਗੁਦਾਵਰੀ ਦੇ ਕੰਢੇ—ਬੰਦਾ ਘਾਟ, ਨਾਂਦੇੜ, ਪੁਰ ਮੰਡਲ, ਚੰਬਾ, ਵਜ਼ੀਰਾਬਾਦ, ਹਰਦੁਆਰ, ਅੰਮ੍ਰਿਤਸਰ, ਜਲੰਧਰ, ਕਰਨਾਲ, ਰੋਹਤਕ, ਹਿਸਾਰ, ਗੁਰਦਾਸ ਨੰਗਲ, ਫ਼ਤਹਿਗੜ੍ਹ, ਸਰਹੰਦ, ਸਢੌਰਾ, ਲੋਹਗੜ੍ਹ, ਮੇਰਠ, ਹਾਂਸੀ, ਅਜਮੇਰ, ਦਿੱਲੀ, (ਮਹਿਰੋਲੀ) ਆਦਿ। ਹਰ ਥਾਂ ਗੁਰਦੁਆਰੇ ਹਨ। ਰਿਆਸੀ ਵਿਖੇ ਬਾਬਾ ਜੀ ਦਾ ਸੁੰਦਰ ਪਲੰਘ ਮੌਜੂਦ ਹੈ। ਜਿਥੇ ਬਾਬਾ ਜੀ ਨੇ ਆਪਣਾ ਬਰਛਾ ਗਡਿਆ ਸੀ, ਉਥੇ ਗੁਰਦੁਆਰਾ ਥੜ੍ਹਾ ਸਾਹਿਬ ਹੈ। ਇਥੇ ਸਤ ਸ਼ਸਤਰ ਅਤੇ ਕੇਸਰੀ ਨਿਸ਼ਾਨ ਸਾਹਿਬ, ਗੁਰੂ ਸਾਹਿਬ ਵਾਲਾ ਹੁਕਮਨਾਮਾ ਆਦਿ ਇਤਿਹਾਸਕ ਵਸਤੂਆਂ ਸੰਭਾਲ ਕੇ ਰਖੀਆਂ ਹੋਈਆਂ ਹਨ।

ਬੰਦਈ ਸੰਪਰਦਾਏ ਸਿੱਖਾਂ ਤੋਂ ਵਖਰੀ ਹੈ। ਇਨ੍ਹਾਂ ਵਿਚ ਬਹੁਤੇ ਸਹਿਜਧਾਰੀ ਹਨ, ਪਰ ਉਹ ਸ਼ਾਦੀਆਂ ਗੁਰਮਤਿ ਮਰਯਾਦਾ ਅਨੁਸਾਰ ਕਰਦੇ ਹਨ।

ਬਾਬਾ ਸਾਹਿਬ ਸਿੰਘ ਸੋਢੀ ਸੰਨ 1845 ਈ: ਵਿਚ ਅਕਾਲ ਚਲਾਣਾ ਕਰ ਗਏ ਸਨ। ਬਾਬਾ ਅਤਰ ਸਿੰਘ ਅਤੇ ਇਨ੍ਹਾਂ ਤੋਂ ਬਾਅਦ ਸ੍ਰੀ ਝਾਂਗੀ ਰਾਮ ਚਾਨਣਾ ਗੁਰ-ਅਸਥਾਨ ਦੀ ਸੇਵਾ ਕਰਦੇ ਰਹੇ। ਬਾਬਾ ਸਰਦੂਲ ਸਿੰਘ ਸੋਢੀ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਵਿੱਦਿਆ ਪ੍ਰਾਪਤ ਕੀਤੀ। ਬਾਬਾ ਸਰਦੂਲ ਸਿੰਘ ਜੀ 6 ਅਪ੍ਰੈਲ 1948 ਨੂੰ ਬੰਬਈ ਵਿਖੇ ਅਕਾਲ ਚਲਾਣਾ ਕਰ ਗਏ। ਇਨ੍ਹਾਂ ਤੋਂ ਬਾਅਦ ਬਾਬਾ ਜਤਿੰਦਰਪਾਲ ਸਿੰਘ ਸੋਢੀ ਗੁਰ-ਅਸਥਾਨ ਦੀ ਸੇਵਾ ਸੰਭਾਲ ਕਰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਿਛਲੇ ਪੰਨੇ ਦਾ ਚਲਦਾ ਫੁਟਨੋਟ

ਵਿਸ਼ੇਸ਼ ਯਾਦਗਾਰਾਂ—ਰਿਆਸੀ ਡੇਰੇ ਵਿਖੇ ਇਕ ਜੰਡ ਦਾ ਬ੍ਰਿਛ ਹੈ। ਇਕ ਥੜ੍ਹਾ ਹੈ। ਕੇਸਰੀ ਨਿਸ਼ਾਨ ਸਾਹਿਬ ਹੈ। ਪੰਜ ਸ਼ਸਤਰ—ਤੀਰ, ਤੇਗ਼, ਕਿਰਚ, ਸੰਜੋਹ, ਗੁਰਜ ਤੇ ਸ੍ਰੀ ਸਾਹਿਬ ਹਨ। ਇਕ ਹੱਥ-ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਰਾਤਨ ਬੀੜ ਹੈ। ਬੰਦਾ ਸਿੰਘ ਬਹਾਦਰ ਵਲੋਂ ਹੁਕਮਨਾਮੇ ਜਾਰੀ ਕਰਨ ਵਾਲੀ ਮੁਹਰ ਹੈ। ਗੁਰੂ ਸਾਹਿਬ ਵਾਲਾ ਉਹ ਹੁਕਮਨਾਮਾ ਵੀ ਮੌਜੂਦ ਹੈ, ਜੋ ਉਨ੍ਹਾਂ ਨਾਂਦੇੜ ਸਾਹਿਬ ਤੋਂ ਸਿੰਘਾਂ ਦੇ ਨਾਂ ਜਾਰੀ ਕੀਤਾ ਗਿਆ ਸੀ। ਬਾਬਾ ਬੰਦਾ ਸਿੰਘ ਦੀਆਂ ਅਸਤੀਆਂ ਵਾਲਾ ਕਲੱਸ ਵੀ ਇਥੇ ਹੀ ਹੈ। ਇਕ ਇਤਿਹਾਸਕ ਪਲੰਘ, ਆਸਣ, ਰਾਵੀ ਦੇ ਕੰਢੇ ਇਕ ਪੱਥਰ ਦੀ ਵੱਡੀ ਸਿਲ ਹੈ। ਇਥੋਂ ਹੀ ਬੰਦਾ ਸਿੰਘ ਜੀ ਨੇ ਰਾਵੀ ਪਾਰ ਕੀਤੀ ਸੀ।

ਮਹਾਰਾਜਾ ਰਣਜੀਤ ਸਿੰਘ ਵਲੋਂ ਡੇਰਾ ਬੰਦਾ ਸਿੰਘ ਬਹਾਦਰ ਦੇ ਲੰਗਰ ਲਈ ਤਕੜੀ ਜਾਗੀਰ ਲਗਾਈ ਗਈ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਗ਼ਲ ਫ਼ੌਜ ਦਾ ਕਿਲ੍ਹੇ ਵਿਚ ਦਾਖ਼ਲਾ

ਜਰਨੈਲ ਕੰਵਰ ਖ਼ਾਨ ਆਪਣੇ ਤਕੜੇ ਫੌਜੀ ਦਸਤੇ ਸਮੇਤ ਲੋਹਗੜ੍ਹ ਦੇ ਅੰਦਰ ਜਾ ਵੜਿਆ। ਇਥੇ ਹਥੋ ਹਥ ਲੜਾਈ ਅਰੰਭ ਹੋ ਗਈ। ਇਸ ਲੜਾਈ ਵਿਚ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਕੁਝ ਕਿਲ੍ਹਾ ਛੱਡ ਕੇ ਪਹਾੜਾਂ ਵਲ ਨਿਕਲ ਗਏ। ਮੈਦਾਨ ਖ਼ਾਲੀ ਵੇਖ ਕੇ ਰੋਹੇਲੇ ਅਫ਼ਗਾਨ ਤੇ ਬਲੋਚ ਲੁਟੇਰਿਆਂ ਨੇ ਕਿਲ੍ਹੇ ਅੰਦਰ ਲੁਟ ਮਚਾ ਦਿਤੀ। ਕਿਲ੍ਹੇ ਚੋਂ ਸੈਂਕੜੇ ਸਿੱਖ ਇਸਤ੍ਰੀਆਂ ਤੇ ਬੱਚਿਆਂ ਨੂੰ ਕੈਦ ਕਰ ਲਿਆ ਗਿਆ।

ਕਿਲ੍ਹੇ ਦਾ ਖ਼ਜ਼ਾਨਾ ਤੇ ਕੀਮਤੀ ਸਾਮਾਨ ਲੁਟ ਲਿਆ ਗਿਆ, ਤੇ ਬਾਕੀ ਸਭ ਸਾਮਾਨ ਨੂੰ ਅੱਗ ਲਾ ਦਿਤੀ ਗਈ। ਇਸ ਤਰ੍ਹਾਂ ਜਰਵਾਣਿਆਂ ਦੀ ਮੂਰਖਤਾ ਕਾਰਣ, ਬਹੁਤ ਸਾਰਾ ਸਿੱਕਾ ਬਾਰੂਦ ਵੀ ਤਬਾਹ ਹੋ ਗਿਆ।

ਸਿੱਖਾਂ ਨੇ ਹਰਨ ਹੋਣ ਤੋਂ ਪਹਿਲਾਂ ਦੁਸ਼ਮਣ ਦੇ ਬਹੁਤ ਸਾਰੇ ਫੌਜੀ ਕਤਲ ਕਰ ਦਿਤੇ ਸਨ। ਉਨ੍ਹਾਂ ਕਤਲ ਹੋਏ ਫ਼ੌਜੀਆਂ ਤੇ ਇਸਤ੍ਰੀਆਂ ਦੀਆਂ ਲਾਸ਼ਾਂ ਉਥੇ ਹੀ ਪਈਆਂ ਸਨ। ਇਨ੍ਹਾਂ ਵਿਚ ਹੀ ਸਾਜ ਅਨੰਦ ਦੇ ਪੁਤਰ ਦੀ ਲਾਸ਼ ਵੀ ਘੱਟੇ ਮਿੱਟੀ ਵਿਚ ਰੁਲ ਰਹੀ ਸੀ। ਬੰਦਾ ਬਹਾਦਰ ਪਹਿਲਾਂ ਹੀ ਆਪਣੇ ਕੁਝ ਫੌਜੀਆਂ ਸਮੇਤ ਕਿਲ੍ਹਾ ਛੱਡ ਪਹਾੜਾਂ ਵਿਚ ਅਲੋਪ ਹੋ ਗਿਆ ਸੀ। ਬਹਾਦਰ ਸ਼ਾਹ ਨੇ ਆਪਣੇ ਕਮਾਂਡਰਾਂ ਨੂੰ ਅੱਗੇ ਵਧਣ ਦਾ ਹੁਕਮ ਦਿਤਾ, ਤਾਂ ਜੋ ਉਹ ਸਿੱਖਾਂ ਨੂੰ ਸਭ ਪਹਾੜੀ ਮੋਰਚਿਆਂ ਤੋਂ ਖਦੇੜ ਦੇਣ। ਇਸ ਤਰ੍ਹਾਂ ਸ਼ਾਹੀ ਫੌਜ ਨੇ ਸਭ ਥਾਂਵਾਂ ਸਿੱਖਾਂ ਤੋਂ ਖ਼ਾਲੀ ਕਰਵਾ ਲਈਆਂ। ਕੁਝ ਸਿੱਖ ਹਾਲੀਂ ਵੀ ਕਿਲ੍ਹੇ ਅੰਦਰ ਮੌਜੂਦ ਸਨ। ਕਿਲ੍ਹੇ 'ਚੋਂ ਬਹੁਤ ਸਾਰੀਆਂ ਇਸਤ੍ਰੀਆਂ, ਬੱਚੇ, ਘੋੜੇ ਤੇ ਊਠ ਫੜ ਲਏ ਗਏ।

ਰੁਸਤਮ ਦਿਲ ਖ਼ਾਨ ਨੂੰ ਉਥੇ ਛੱਡ ਮੁਨੀਮ ਖ਼ਾਂ ਨੂੰ ਬਹਾਦਰ ਸ਼ਾਹ ਨੇ ਪਿਛਲੇ ਕੈਂਪ ਵਿਚ ਬੁਲਾ ਲਿਆ। ਮੁਨੀਮ ਖ਼ਾਂ ਨੇ ਬਾਦਸ਼ਾਹ ਨੂੰ ਰਪੋਟ ਦਿਤੀ, ਕਿ ਬੰਦਾ ਆਪਣੇ ਸਾਥੀਆਂ ਸਣੇ ਕਿਲ੍ਹੇ 'ਚੋਂ ਨਿਕਲ ਗਿਆ ਹੈ, ਪਰ ਉਹ ਛੇਤੀ ਹੀ ਗ੍ਰਿਫ਼ਤਾਰ ਕਰਕੇ ਹਜ਼ੂਰ ਦੇ ਪੇਸ਼ ਕੀਤਾ ਜਾਵੇਗਾ। ਬਹਾਦਰ ਸ਼ਾਹ ਨੂੰ ਵਿਸ਼ਵਾਸ਼ ਦਿਲਾ ਦਿਤਾ ਗਿਆ, ਕਿ ਹੁਣ ਚੂੰਕਿ ਬੰਦਾ ਬਹੁਤ ਸਾਰੇ ਸਿੱਖਾਂ ਸਣੇ ਬੁਰੀ ਤਰ੍ਹਾਂ ਘਿਰਿਆ ਹੋਇਆ ਹੈ, ਇਸ ਲਈ ਛੇਤੀ ਹੀ ਕੈਦੀ ਦੀ ਸ਼ਕਲ ਵਿਚ ਉਸਨੂੰ ਹਜ਼ੂਰ ਦੇ ਦਰਬਾਰ ਵਿਚ ਪੇਸ਼ ਕੀਤਾ ਜਾਵੇਗਾ।

11 ਦਸੰਬਰ ਨੂੰ ਰੁਸਤਮ ਦਿਲ ਖ਼ਾਨ ਲੋਹਗੜ੍ਹ ਦੇ ਉਪਰਲੇ ਮੋਰਚੇ ਤੋਂ ਕੈਦੀਆਂ ਤੇ ਲੁਟ ਦੇ ਸਾਮਾਨ ਸਣੇ ਸ਼ਾਹੀ ਕੈਂਪ ਵਿਚ ਆ ਪਹੁੰਚਿਆ। ਉਹ ਸਿੱਖ ਫੌਜ ਦੇ ਪੰਜ ਹਾਥੀ, ਤਿੰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਡੀਆਂ ਤੇ ਸਤਾਰਾਂ ਛੋਟੀਆਂ ਤੋਪਾਂ ਵੀ ਆਪਣੇ ਨਾਲ ਲੈ ਆਇਆ। ਉਸਨੂੰ ਦੋ ਹਾਥੀ ਇਨਾਮ ਵਜੋਂ ਬਖ਼ਸ਼ੇ ਗਏ। ਕਿਲ੍ਹੇ 'ਚੋਂ ਕੇਵਲ ਦਸ-ਬਾਰਾਂ ਸਿੱਖ ਹੀ ਗ੍ਰਿਫ਼ਤਾਰ ਕੀਤੇ ਜਾ ਸਕੇ, ਜੋ ਸਰਬਹਾ ਖ਼ਾਨ ਨੂੰ ਕਤਲ ਕਰਨ ਲਈ ਸੌਂਪੇ ਗਏ। ਇਨ੍ਹਾਂ ਕੈਦੀ ਸਿੱਖਾਂ ਵਿਚ ਬੰਦੇ ਬਹਾਦਰ ਨਾਲ ਮਿਲਦੀ ਜੁਲਦੀ ਸ਼ਕਲ ਦਾ ਗੁਲਾਬੂ (ਗੁਲਾਬ ਸਿੰਘ) ਨਾਂ ਦਾ ਇਕ ਖਤਰੀ ਵੀ ਸੀ, ਜਿਸਨੇ ਬੰਦੇ ਬਹਾਦਰ ਨੂੰ ਨਠਾ ਕੇ ਆਪਣੇ ਆਪ ਨੂੰ ਬੰਦਾ ਘੋਸ਼ਤ ਕਰ ਦਿਤਾ। ਆਪਣੇ ਨੇਤਾ ਲਈ ਇੰਨੀ ਵਡੀ ਕੁਰਬਾਨੀ ਵੇਖ ਦੁਸ਼ਮਣ ਨੇ ਮੂੰਹ ਵਿਚ ਉਂਗਲਾਂ ਦੇ ਲਈਆਂ। ਪ੍ਰਸਿਧ ਮੁਸਲਮ ਇਤਿਹਾਸਕਾਰ ਖ਼ਾਫ਼ੀ ਖ਼ਾਂ ਇਸ ਵਾਕਿਆ ਬਾਰੇ ਲਿਖਦਾ ਹੈ, "ਇਹ ਕੇਵਲ ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਵਿਚ ਹੀ ਸਪਿਰਟ ਮੌਜੂਦ ਹੈ, ਜੋ ਮਹਾਨ ਬਲੀਦਾਨ ਦੇ ਕੇ ਆਪਣੇ ਬਹਾਦਰ ਜਰਨੈਲ ਨੂੰ ਬਚਾ ਕੇ ਕਿਲ੍ਹਿਉਂ ਬਾਹਰ ਘਲ ਸਕਦੇ ਹਨ।"[1]

ਇਸ ਤਰ੍ਹਾਂ ਸਾਰੇ ਹਿੰਦੁਸਤਾਨ ਦੀ ਸ਼ਕਤੀ ਸ਼ਾਲੀ ਫੌਜ ਦੇ ਬਾਵਜੂਦ ਬੰਦਾ ਬਹਾਦਰ ਚੁਪਾਸਿਉਂ ਘਿਰੇ ਲੋਹਗੜ੍ਹ ਦੇ ਕਿਲ੍ਹੇ 'ਚੋਂ 10 ਦਸੰਬਰ 1710 ਈ: ਨੂੰ ਸਾਫ਼ ਬਚ ਕੇ ਅਲੋਪ ਹੋ ਗਿਆ। ਜਦੋਂ ਬਹਾਦਰ ਸ਼ਾਹ ਨੂੰ ਇਹ ਖ਼ਬਰ ਪਹੁੰਚੀ ਤਾਂ ਉਹ ਬਹੁਤ ਦੁਖੀ ਹੋਇਆ। ਉਸਨੇ 13 ਦਸੰਬਰ ਨੂੰ ਗੜ੍ਹਵਾਲ ਤੇ ਨਾਹਨ ਦੇ ਹਿੰਦੂ ਰਾਜਿਆਂ ਨੂੰ ਹੁਕਮ ਦਿਤਾ, ਕਿ ਉਹ ਬੰਦੇ ਬਹਾਦਰ ਨੂੰ ਫੜ ਕੇ ਉਸਦੇ ਪੇਸ਼ ਕਰਨ,ਕਿਉਂਕਿ ਬੰਦਾ ਨਾਹਨ ਦੇ ਇਲਾਕੇ 'ਚੋਂ ਹੀ ਹਰਨ ਹੋਇਆ ਹੈ,ਇਸ ਲਈ ਨਾਹਨ ਦਾ ਰਾਜਾ ਹੀ ਇਸਦਾ ਜ਼ਿੰਮੇਦਾਰ ਹੈ। ਹੁਣ ਹਮੀਦ ਖ਼ਾਂ ਨੂੰ ਬੰਦੇ ਨੂੰ ਫੜ ਲਿਆਉਣ ਲਈ ਘਲਿਆ ਗਿਆ। ਬੰਦਾ ਬਹਾਦਰ ਤਾਂ ਹਮੀਦ ਖ਼ਾਂ ਦੇ ਹੱਥ ਨਾ ਆਇਆ, ਪਰ ਉਹ ਰਾਜਾ ਨਾਹਨ—ਹਰੀ ਪ੍ਰਕਾਸ਼ ਦੇ ਪੁਤਰ—ਭੂਪ ਪ੍ਰਕਾਸ਼ ਨੂੰ ਫੜ ਕੇ ਲੈ ਆਇਆ। ਭੂਪ ਪ੍ਰਕਾਸ਼ ਨੂੰ ਕੈਦੀ ਬਣਾ ਕੇ ਉਸੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿਤਾ ਗਿਆ, ਜੋ ਬੰਦਾ ਬਹਾਦਰ ਲਈ ਤਿਆਰ ਕੀਤਾ ਗਿਆ ਸੀ। ਉਸਦੇ ਤੀਹ ਚਾਲ੍ਹੀ ਸਾਥੀਆਂ ਨੂੰ ਕਤਲ ਕਰ ਦਿਤਾ ਗਿਆ। ਭੂਪ ਪ੍ਰਕਾਸ਼ ਤੇ ਗੁਲਾਬ ਸਿੰਘ ਨੂੰ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਘਲ ਦਿਤਾ ਗਿਆ, ਤੇ ਸਲੀਮਗੜ੍ਹ ਦੇ ਕਿਲ੍ਹੇ ਵਿਚ ਕੈਦ ਰਖਿਆ ਗਿਆ। ਅੰਤ ਬਹਾਦਰ ਸ਼ਾਹ ਦੀ ਮੌਤ ਮਗਰੋਂ ਜਹਾਂਦਾਰ ਦੇ ਰਾਜ ਸਮੇਂ ਹਫੜਾ-ਤਫੜੀ ਦੀ ਹਾਲਤ ਵਿਚ ਭੂਪ ਪ੍ਰਕਾਸ਼ ਨੂੰ ਰਿਹਾਈ ਮਿਲੀ।

ਗੜ੍ਹਵਾਲ ਦੇ ਰਾਜਾ ਫ਼ਤੇਹ ਸਿੰਘ ਨੇ ਬਹੁਤ ਸਾਰੇ ਕੀਮਤੀ ਤੋਹਫ਼ੇ ਦੇ ਕੇ ਆਪਣੀ ਜਾਨ ਛੁਡਾਈ।

11 ਜਨਵਰੀ ਸੰਨ 1711 ਈ: ਨੂੰ ਮੁਹੰਮਦ ਖ਼ਾਂ ਨੇ ਬਹਾਦਰ ਸ਼ਾਹ ਨੂੰ ਸਰਹੰਦ ਤੇ ਦੁਬਾਰਾ ਮੁਗ਼ਲ ਕਬਜ਼ੇ ਦੀ ਖ਼ਬਰ ਸੁਣਾਈ। ਹੁਣ ਬਚੇ ਖੁਚੇ ਸਿੱਖਾਂ ਨੂੰ ਖ਼ਤਮ ਕਰਨ ਲਈ ਸਫ਼ਸ਼ਿਕਨ ਖ਼ਾਂ ਨੂੰ ਲਾਹੌਰ ਘਲਿਆ ਗਿਆ।

---

1. ਗੁਲਾਬ ਸਿੰਘ ਨੂੰ ਬਾਦਸ਼ਾਹ ਸਾਹਮਣੇ ਪੇਸ਼ ਕੀਤਾ ਗਿਆ। ਅਸਲੀਅਤ ਖੁਲ੍ਹਣ ਤੇ ਉਸਦੀ ਕੁਰਬਾਨੀ ਦੀ ਬਾਦਸ਼ਾਹ ਨੇ ਬੜੀ ਤਾਰੀਫ਼ ਕੀਤੀ, ਪਰ ਉਸਦੀ ਜਾਨ ਬਖ਼ਸ਼ੀ ਨਾ ਕੀਤੀ ਗਈ। ਕੁਰਬਾਨੀ ਦੇ ਪੁਤਲੇ ਗੁਲਾਬ ਸਿੰਘ ਨੂੰ ਲੋਹੇ ਦੇ ਪਿੰਜਰੇ ਵਿਚ ਕੈਦ ਕਰਕੇ ਦਿੱਲੀ ਭੇਜ ਦਿਤਾ ਗਿਆ। ਇਸਦੇ ਨਾਲ ਹੀ ਸਿੱਖਾਂ ਦਾ ਹਮਦਰਦ ਪਹਾੜੀ ਰਾਜਾ ਬਰਫੀ, ਜਿਸਦਾ ਨਾਂ ਭੂਪ ਪ੍ਰਕਾਸ਼ ਸੀ, ਕੈਦ ਕਰਕੇ ਦਿੱਲੀ ਘਲਿਆ ਗਿਆ।

—ਮੁਹੰਮਦ ਲਤੀਫ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਬਹਾਦਰ ਮੁੜ ਮੈਦਾਨ ਵਿਚ

ਲੋਹਗੜ੍ਹ ਦੇ ਕਬਜ਼ੇ ਲਈ ਸਾਰੇ ਹਿੰਦੁਸਤਾਨ ਦੀ ਸੰਗਠਤ ਫੌਜ ਨੇ ਲਹੂ-ਲੁਹਾਨ ਜੰਗ ਲੜੀ, ਜਿਸ ਵਿਚ ਹਜ਼ਾਰਾਂ ਸਿੱਖ ਤੇ ਮੁਗ਼ਲ ਫੌਜੀ ਮਾਰੇ ਗਏ ਸਨ। ਪਰ ਹੈਰਾਨੀ ਦੀ ਗੱਲ ਇਹ, ਕਿ ਸਿੱਖਾਂ ਦੀ ਭਾਰੀ ਤਬਾਹੀ ਮਗਰੋਂ ਕੇਵਲ ਤਿੰਨ ਮਹੀਨੇ ਵੀ ਨਹੀਂ ਸਨ ਬੀਤੇ, ਕਿ ਲਾਹੌਰ ਵਿਚ ਬਹਾਦਰ ਸ਼ਾਹ ਨੂੰ ਖ਼ਬਰ ਮਿਲੀ, ਕਿ ਬੰਦਾ ਮੁੜ ਆਪਣਾ ਤਕੜਾ ਫੌਜੀ ਦਸਤਾ ਲੈ ਸਣੇ ਰਾਜਪੁਰ ਤੇ ਬ੍ਰਹਮਪੁਰ ਦੇ ਪਰਗਣਿਆਂ ਵਲ ਆਣ ਪ੍ਰਗਟ ਹੋਇਆ ਹੈ, ਤੇ ਉਸਦੀ ਇਸ ਅਚਾਨਕ ਆਮਦ ਨਾਲ ਬਾਰੀ ਦੁਆਬ ਤੇ ਮਾਝੇ ਦਾ ਸਾਰਾ ਇਲਾਕਾ ਫਿਰ ਖ਼ਤਰੇ ਵਿਚ ਪੈ ਗਿਆ ਹੈ।

ਬਾਦਸ਼ਾਹ ਨੇ ਰੁਸਤਮ ਦਿਲ ਖ਼ਾਂ ਤੇ ਮੁਹੰਮਦ ਅਮੀਨ ਖ਼ਾਨ ਨੂੰ ਬੰਦੇ ਦੀ ਪੇਸ਼ਕਦਮੀ ਰੋਕਣ ਲਈ ਘਲਿਆ, ਤੇ ਨਾਲ ਹੀ ਦਰਿਆ ਬਿਆਸ ਤੇ ਬੇੜੀਆਂ ਦਾ ਪੁਲ ਤਿਆਰ ਕਰਨ ਲਈ ਫੌਰੀ ਹੁਕਮ ਦੇ ਦਿਤਾ ਗਿਆ।

ਬਟਾਲਾ ਤੇ ਕਲਾਨੌਰ ਤੇ ਕਬਜ਼ਾ

ਇਤਫ਼ਾਕ ਦੀ ਗੱਲ। ਉਨ੍ਹੀਂ ਦਿਨੀਂ ਸ਼ਮਸ ਖ਼ਾਂ ਨਾਂ ਦਾ ਫੌਜਦਾਰ ਆਪਣੇ ਇਕ ਤਕੜੇ ਫੌਜੀ ਦਸਤੇ ਨਾਲ ਕਸੂਰ ਜਾ ਰਿਹਾ ਸੀ। ਅਚਾਨਕ ਸਿੱਖਾਂ ਨੇ ਬਾਜ ਵਾਂਗ ਆਣ ਝਪਟਾ ਮਾਰਿਆ। ਇਸ ਹੱਲੇ ਵਿਚ ਬਹੁਤ ਸਾਰੇ ਸਿੱਖ ਵੀ ਮਾਰੇ ਗਏ, ਪਰ ਫੌਜਦਾਰ ਆਪਣੇ ਫੌਜੀਆਂ ਸਮੇਤ ਮੈਦਾਨ ਵਿਚ ਚਿੱਤ ਹੋ ਗਿਆ। ਬਹਾਦਰ ਸ਼ਮਸ ਖ਼ਾਂ ਦੀ ਮੌਤ ਦੀ ਖ਼ਬਰ ਸੁਣ ਕੇ ਜਲੰਧਰ ਦੁਆਬ ਦੀ ਵਸੋਂ, ਆਪਣੇ ਘਰ ਘਾਟ, ਕੀਮਤੀ ਸਾਮਾਨ ਤੇ ਮਾਲ ਡੰਗਰ ਛੱਡ ਲਾਹੌਰ ਵਲ ਭਜ ਉਠੀ। ਸਿੱਖਾਂ ਨੇ ਸ਼ਹਿਰਾਂ ਤੇ ਪਿੰਡਾਂ ਤੇ ਕਬਜ਼ਾ ਕਰਕੇ ਥਾਂ ਥਾਂ ਫੌਜੀ ਚੌਕੀਆਂ ਕਾਇਮ ਕਰ ਲਈਆਂ। ਇਸ ਸਮੇਂ ਸਾਰੇ ਇਲਾਕੇ ਵਿਚ ਬੰਦੇ ਸਾਹਮਣੇ ਸਿਰ ਚੁਕਣ ਵਾਲਾ ਨਹੀਂ ਸੀ। ਇਕ ਫੌਜੀ ਟੁਕੜੀ ਰਾਵੀਉਂ ਪਾਰ ਰਚਨਾ ਦੁਆਬ, ਔਰੰਗਾਬਾਦ (ਜ਼ਿਲਾ ਸਿਆਲਕੋਟ) ਤੇ ਪਸਰੂਰ ਨੂੰ ਕਬਜ਼ਾ ਕਰਨ ਲਈ ਘਲ ਦਿਤੀ ਗਈ। ਅਰੰਭ ਮਾਰਚ ਸੰਨ 1711 ਈ: ਤੋਂ ਜੂਨ ਤੀਕ ਸਿੱਖ ਫੌਜੀ ਬੇਰੋਕ ਟੋਕ ਇਸ ਸਾਰੇ ਇਲਾਕੇ ਵਿਚ ਵਿਚਰਦੇ ਰਹੇ। ਹਕੂਮਤ ਨੂੰ ਹੱਥਾਂ ਪੈਰਾਂ ਦੀ ਪੈ ਗਈ। ਚੁਪਾਸੀਂ ਫਿਰ ਬੰਦੇ ਬਹਾਦਰ ਦਾ ਸਹਿਮ ਛਾ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਦੋਂ ਬਹਾਦਰ ਸ਼ਾਹ ਨੂੰ ਖ਼ਬਰ ਮਿਲੀ, ਕਿ ਬੰਦੇ ਨੇ ਮੁੜ ਬਹੁਤ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ ਹੈ ਤਾਂ, ਉਹ ਬਹੁਤ ਦੁਖੀ ਹੋਇਆ—9 ਜੂਨ ਨੂੰ ਬਾਦਸ਼ਾਹ ਨੂੰ ਰਪੋਟ ਪੁਜੀ, ਕਿ ਈਸਾ ਖ਼ਾਂ ਮੀਆਂ ਨੇ ਸਿੱਖਾਂ ਨੂੰ ਤਕੜੀ ਹਾਰ ਦਿਤੀ ਹੈ। ਇਸ ਪਿਛੋਂ 14 ਜੂਨ ਨੂੰ ਇਤਲਾਹ ਮਿਲੀ, ਕਿ ਮੁਹੰਮਦ ਅਮੀਨ ਖ਼ਾਂ ਤੇ ਰੁਸਤਮ ਦਿਲ ਖ਼ਾਂ ਨੇ ਪਸਰੂਰ ਦੇ ਇਲਾਕੇ ਵਿਚ ਸਿੱਖਾਂ ਨੂੰ ਹਰਾ ਕੇ ਉਨ੍ਹਾਂ ਨੂੰ ਜੰਮੂ ਵਲ ਭਜਾ ਦਿਤਾ ਹੈ। ਇਨ੍ਹਾ ਖ਼ਬਰਾਂ ਨਾਲ ਬਹਾਦਰ ਸ਼ਾਹ ਨੂੰ ਬੜੀ ਸ਼ਾਂਤੀ ਮਿਲੀ। ਇਸ ਜਿੱਤ ਮਗਰੋਂ ਰੁਸਤਮ ਅਲੀ ਖ਼ਾਂ ਨੇ ਕਈ ਪਰਗਨਿਆਂ ਦੇ ਵਾਸੀਆਂ ਪੁਰ ਬੜੇ ਜ਼ੁਲਮ ਢਾਹੇ। ਕਈ ਬੇਕਸੂਰ ਗ਼ੈਰ-ਸਿੱਖਾਂ ਨੂੰ ਫੜ ਕੇ ਉਸਨੇ ਆਪਣੇ ਸਿਪਾਹੀਆਂ ਹਵਾਲੇ ਕਰ ਦਿਤਾ। ਉਨ੍ਹਾਂ ਤੇ ਇਹ ਦੋਸ਼ ਲਗਾਇਆ ਗਿਆ, ਕਿ ਉਹ ਸਿੱਖਾਂ ਦੇ ਹਮਦਰਦ ਹਨ। ਉਸਦੇ ਫੌਜੀ ਸਿਪਾਹੀਆਂ ਨੇ ਇਨ੍ਹਾਂ ਬੇ-ਕਸੂਰਾਂ ਨੂੰ ਗ਼ੁਲਾਮ ਬਣਾ ਲਾਹੌਰ ਦੀ ਘੋੜਾ ਮੰਡੀ ਵਿਚ ਕੌਡੀਆਂ ਦੇ ਭਾਅ ਵੇਚ ਦਿਤਾ।

ਸਿੱਖਾਂ ਦੀ ਇਸ ਭਾਰੀ ਤਬਾਹੀ ਮਗਰੋਂ ਰੁਸਤਮ ਦਿਲ ਖ਼ਾਂ ਤੇ ਮੁਹੰਮਦ ਅਮੀਨ ਖ਼ਾਂ ਆਪੋ ਵਿਚ ਲੜ ਪਏ। ਬਹਾਦਰ ਸ਼ਾਹ ਦੇ ਕੰਨ ਭਰੇ ਗਏ, ਕਿ ਦੋਵੇਂ ਅੰਦਰੋਂ ਸਿੱਖਾਂ ਦੇ ਹਮਦਰਦ ਹਨ। ਉਹ ਹਕੂਮਤ ਨਾਲ ਗ਼ਦਾਰੀ ਕਰਕੇ ਬੰਦੇ ਤੋਂ ਅੰਦਰ ਖ਼ਾਨੇ ਬਹੁਤ ਸਾਰਾ ਧਨ ਵਸੂਲ ਕਰਦੇ ਰਹੇ ਹਨ। ਰੁਸਤਮ ਅਲੀ ਖ਼ਾਂ ਤੇ ਦੋਸ਼ ਲਗਾਇਆ ਗਿਆ, ਕਿ ਜਦ ਉਸਦੇ ਫੌਜੀਆਂ ਨੇ ਜੰਮੂ ਦੀਆਂ ਪਹਾੜੀਆਂ ਵਿਚ ਬੰਦੇ ਨੂੰ ਘੇਰ ਲਿਆ, ਤਾਂ ਉਸਨੇ ਸਿੱਖਾਂ ਪਾਸੋਂ ਬਹੁਤ ਸਾਰੇ ਤੋਹਫ਼ੇ ਤੇ ਮਾਇਆ ਵਸੂਲ ਕਰਕੇ ਆਪਣੀ ਫੌਜ ਨੂੰ ਅੱਗੋਂ ਵਧਣੋਂ ਰੋਕ ਦਿਤਾ। ਇਸੇ ਤਰ੍ਹਾਂ ਬੰਦਾ ਬਹਾਦਰ ਨੂੰ ਆਪਣੇ ਫੌਜੀਆਂ ਸਣੇ ਮੁੜ ਜੰਮੂ ਦੀਆਂ ਪਹਾੜੀਆਂ ਵਿਚ ਅਲੋਪ ਹੋਣ ਦਾ ਮੌਕਹਿ ਮਿਲ ਗਿਆ।

ਮੁਹੰਮਦ ਅਮੀਨ ਖ਼ਾਂ ਦੀ ਇਸ ਝੂਠੀ ਕਹਾਣੀ ਪੁਰ ਯਕੀਨ ਕਰ ਲਿਆ ਗਿਆ ਤੇ ਪਹਿਲੀ ਸਤੰਬਰ ਸੰਨ 1711 ਈ: ਨੂੰ ਰੁਸਤਮ ਦਿਲ ਖ਼ਾਂ ਨੂੰ ਕੈਦ ਕਰਕੇ ਲਾਹੌਰ ਵਿਖੇ ਬਾਦਸ਼ਾਹ ਬਹਾਦਰ ਸ਼ਾਹ ਦੇ ਪੇਸ਼ ਕੀਤਾ ਗਿਆ। ਉਸਨੂੰ ਪੁਰਾਣੇ ਛਕੜੇ ਤੇ ਬਿਠਾ ਕੇ ਲਾਹੌਰ ਸ਼ਹਿਰ ਵਿਚ ਘੁਮਾਇਆ ਗਿਆ। ਜਿਨ੍ਹਾਂ ਲੋਕਾਂ ਤੇ ਉਸ ਨੇ ਜ਼ੁਲਮ ਕੀਤੇ ਸਨ, ਉਨ੍ਹਾਂ ਉਸਨੂੰ ਗਾਲ੍ਹਾਂ ਕਢੀਆਂ ਤੇ ਉਸਦੇ ਸਿਰ ਤੇ ਸੁਆਹ ਸੁਟੀ। ਉਸਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਗਈ।

ਸਿੱਖਾਂ ਨੂੰ ਚਿੱਠੀਆਂ

ਬੰਦੇ ਬਹਾਦਰ ਨੇ ਕਿਲ੍ਹਾ ਲੋਹਗੜ੍ਹ ਖ਼ਾਲੀ ਕਰ ਦੇਣ ਮਗਰੋਂ ਸਿੱਖਾਂ ਨੂੰ ਚਿੱਠੀਆਂ ਲਿਖੀਆਂ, "ਵੀਰੋ! ਮੁਗ਼ਲ ਜਰਵਾਣਿਆਂ ਨਾਲ ਧਰਮ ਯੁਧ ਛਿੜ ਗਿਐ। ਇਸ ਲਈ ਸਭ ਕੰਮ ਛੱਡ ਕੇ ਫ਼ੌਰਨ ਸਿੱਖ ਫੌਜ ਨੂੰ ਆ ਮਿਲੋ।" ਸੋ ਭਾਰੀ ਗਿਣਤੀ ਵਿਚ ਸਿੱਖ ਕੀਰਤਪੁਰ ਇਕੱਠੇ ਹੋ ਗਏ। ਬੰਦਾ ਆਪਣੀ ਬਿਖਰੀ ਸ਼ਕਤੀ ਨੂੰ ਮੁੜ ਬਹਾਲ ਕਰਕੇ ਪਹਾੜੀ ਰਾਜਿਆਂ ਵਲ ਵਧਿਆ। ਕਹਿਲੂਰ, ਬਿਲਾਸਪੁਰ, ਮੰਡੀ, ਕੁੱਲੂ ਤੇ ਚੰਬਾ ਆਦਿ ਦੇ ਰਾਜਿਆਂ ਨੇ—ਜੋ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਰਹਿਣ ਸਮੇਂ ਗੁਰੂ ਘਰ ਨਾਲ ਦੁਸ਼ਮਣੀ ਕਰਦੇ ਚਲੇ ਆਏ ਸਨ—ਉਸਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਈਨ ਮੰਨ ਲਈ। ਰਾਜਾ ਬਿਲਾਸਪੁਰ ਲੜਾਈ ਲਈ ਤਿਆਰ ਹੋ ਗਿਆ, ਪਰ ਪਹਿਲੇ ਹੱਲੇ ਵਿਚ ਹੀ ਉਸਨੇ ਹਥਿਆਰ ਸੁਟ ਦਿਤੇ। ਚੰਬੇ ਦੇ ਰਾਜੇ, ਉਦੈ ਸਿੰਘ ਨੇ ਬੰਦੇ ਬਹਾਦਰ ਨੂੰ ਸ਼ਾਹੀ ਖ਼ਾਨਦਾਨ ਦੀ ਇਕ ਖ਼ੂਬਸੂਰਤ ਸ਼ਹਿਜ਼ਾਦੀ ਸ਼ਾਦੀ ਲਈ ਪੇਸ਼ ਕਰਕੇ ਆਪਣੀ ਜਾਨ ਛੁਡਾਈ। ਬੰਦਾ ਬਹਾਦਰ ਨੇ ਉਸ ਕੁੜੀ ਨਾਲ ਸ਼ਾਦੀ ਕਰ ਲਈ, ਜਿਸ 'ਚੋਂ ਅਜੈ ਸਿੰਘ ਪੈਦਾ ਹੋਇਆ।

ਕੇਂਦਰ ਦੀ ਮੁਗ਼ਲ ਫੌਜ ਨਾਲ ਪਹਿਲੀ ਟੱਕਰ ਮਗਰੋਂ ਕੇਵਲ ਛੇ ਮਹੀਨਿਆਂ ਦੇ ਅੰਦਰ ਅੰਦਰ ਖ਼ਾਲਸਾ ਫੌਜ ਨੇ ਰਾਏਪੁਰ, ਬ੍ਰਹਮਪੁਰ, ਕਲਾਨੌਰ ਤੇ ਬਟਾਲਾ ਆਦਿ ਸ਼ਹਿਰਾਂ ਤੇ ਮੁੜ ਕਬਜ਼ਾ ਕਰ ਲਿਆ, ਤੇ ਜਦੋਂ ਕੇਂਦਰੀ ਫੌਜ ਨੇ ਪਿੱਛਾ ਕੀਤਾ, ਤਾਂ ਬੰਦਾ ਬਹਾਦਰ ਫਿਰ ਜੰਮੂ ਦੀਆਂ ਪਹਾੜੀਆਂ ਵਿਚ ਅਲੋਪ ਹੋ ਗਿਆ।

ਬਹਾਦਰ ਸ਼ਾਹ ਦੀ ਮੌਤ

ਬੰਦੇ ਬਹਾਦਰ ਤੇ ਸਿੱਖਾਂ ਦੀ ਦਿਨ-ਬਦਿਨ ਵਧ ਰਹੀ ਸ਼ਕਤੀ ਤੇ ਪੰਜਾਬ ਦੀ ਤਬਾਹੀ ਕਾਰਣ ਬਹਾਦਰ ਸ਼ਾਹ ਬਹੁਤ ਦੁਖੀ ਸੀ। ਉਸਨੂੰ ਬੀਮਾਰੀ ਦੀ ਹਾਲਤ ਵਿਚ ਇਹ ਖ਼ਬਰ ਸੁਣਾਈ ਗਈ, ਕਿ ਮੁਹੰਮਦ ਅਮੀਨ ਖ਼ਾਂ ਨੇ ਇਕ ਤਕੜੀ ਲੜਾਈ ਵਿਚ ਸਿੱਖਾਂ ਨੂੰ ਲਕ-ਤੋੜਵੀਂ ਹਾਰ ਦਿਤੀ ਹੈ। ਇਸ ਖ਼ੁਸ਼ਖਬਰੀ ਦੇ ਨਾਲ ਹੀ ਸਿੱਖ ਕੈਦੀਆਂ ਦੇ 500 ਸਿਰ ਕਟ ਕੇ ਨਜ਼ਰਾਨੇ ਵਜੋਂ ਬਾਦਸ਼ਾਹ ਦੇ ਪੇਸ਼ ਕੀਤੇ ਗਏ, ਤਾਂ ਉਸ ਦੀਆਂ ਬੀਮਾਰ ਅੱਖਾਂ ਵਿਚ ਮੁੜ ਚਮਕ ਆ ਗਈ। ਪਰ ਕੁਝ ਚਿਰ ਮਗਰੋਂ ਸਿੱਖਾਂ ਹਥੋਂ ਬਹੁਤ ਦੁਖੀ ਹੋ ਕੇ 18 ਫ਼ਰਵਰੀ ਸੰਨ 1712 ਈ: ਨੂੰ ਉਸਦੀ ਮੌਤ ਹੋ ਗਈ। ਹੁਣ ਬਾਦਸ਼ਾਹ ਦੇ ਪੁਤਰਾਂ ਦੀ ਦਿੱਲੀ ਦੇ ਤਖ਼ਤ ਲਈ ਆਪੋ ਵਿਚ ਲੜਾਈ ਛਿੜ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਲੀ ਤਖ਼ਤ ਲਈ ਝਗੜੇ

ਜ਼ਹਾਂਦਾਰ ਖ਼ਾਨ

ਮੁਹੰਮਦ ਅਮੀਨ ਖ਼ਾਂ, ਸਮੁੱਚੇ ਪੰਜਾਬ ਨੂੰ ਸਿੱਖਾਂ ਦੇ ਰਹਿਮ ਤੇ ਛੱਡਕੇ ਤਖ਼ਤ ਦੇ ਵਾਰਸਾਂ ਦੀ ਲੜਾਈ ਵਿਚ ਸ਼ਾਮਲ ਹੋਣ ਲਈ ਦਿੱਲੀ ਚਲਾ ਗਿਆ । ਹੁਣ ਬੰਦਾ ਬਹਾਦਰ ਦੇ ਹੱਥ ਸੁਨਹਿਰੀ ਮੌਕਾ ਆ ਗਿਆ । ਉਹ ਫਿਰ ਆਪਣੇ ਖ਼ੁਫ਼ੀਆ ਠਿਕਾਣਿਉਂ ਨਿਕਲਿਆ ਤੇ ਸਢੌਰੇ ਤੇ ਕਬਜ਼ਾ ਕਰ ਲਿਆ । ਉਸਨੇ ਲੋਹਗੜ੍ਹ ਕਿਲ੍ਹੇ ਦੀ ਮੁਰੰਮਤ ਅਰੰਭ ਦਿਤੀ । ਪੂਰੇ ਦੋ ਮਹੀਨੇ ਪੰਜਾਬ ਦੇ ਮੈਦਾਨਾਂ ਵਿਚ ਸਿੱਖ ਬੇਰੋਕ ਟੋਕ ਵਿਚਰਦੇ ਰਹੇ । ਉਨ੍ਹਾਂ ਆਪਣੀ ਬਿਖਰੀ ਤਾਕਤ ਨੂੰ ਫਿਰ ਬਹਾਲ ਕਰ ਲਿਆ ਤੇ ਬਹਾਦਰ ਸ਼ਾਹ ਦੇ ਪੁਤਰਾਂ ਦੀ ਆਪੋ ਵਿਚ ਦੀ ਲੜਾਈ ਦੇ ਸਮੇਂ ਦਾ ਪੂਰਾ ਪੂਰਾ ਲਾਭ ਉਠਾਇਆ ।

ਜਦ ਜਹਾਂਦਾਰ ਖ਼ਾਨ ਦਾ ਦਿੱਲੀ ਦੇ ਤਖ਼ਤ ਤੇ ਕਬਜ਼ਾ ਹੋ ਗਿਆ, ਤਾਂ ਉਸਨੇ ਮੁਹੰਮਦ ਅਮੀਨ ਖ਼ਾਂ ਨੂੰ ਸਿੱਖਾਂ ਨੂੰ ਸੋਧਣ ਲਈ ਪੰਜਾਬ ਘਲਿਆ । ਸਰਹੰਦ ਦੇ ਫੌਜਦਾਰ ਨੂੰ ਹੁਕਮ ਮਿਲਿਆ, ਕਿ ਉਹ ਅਮੀਨ ਖ਼ਾਂ ਨਾਲ ਮਿਲ ਕੇ ਸਿੱਖਾਂ ਦਾ ਇਕ ਦਮ ਸਫ਼ਾਇਆ ਕਰ ਦਏ । ਇਸਦੇ ਬਾਵਜੂਦ ਕਈ ਮਹੀਨਿਆਂ ਤੀਕ ਸਢੌਰਾ ਸਿੱਖਾਂ ਦੇ ਕਬਜ਼ੇ ਵਿਚ ਹੀ ਰਿਹਾ । ਦਸੰਬਰ 1712 ਈ: ਵਿਚ ਜਹਾਂਦਾਰ ਖ਼ਾਨ, ਬਹਾਦਰ ਸ਼ਾਹ ਦੇ ਦੂਜੇ ਪੁਤਰ ਅਜ਼ੀਮ ਖ਼ਾਂ ਦੇ ਬੇਟੇ ਫ਼ਰਖ਼ਸੀਅਰ ਦੇ ਮੁਕਾਬਲੇ ਲਈ ਆਪਣੀ ਫੌਜ ਲੈ ਆਗਰੇ ਵਲ ਰਵਾਨਾ ਹੋਇਆ, ਤਾਂ ਉਸਨੇ ਮੁਹੰਮਦ ਅਮੀਨ ਖ਼ਾਂ ਨੂੰ ਆਪਣੀ ਸਹਾਇਤਾ ਲਈ ਦਿੱਲੀ ਬੁਲਾਇਆ । ਹੁਣ ਸਿੱਖਾਂ ਲਈ ਫਿਰ ਮੈਦਾਨ ਖ਼ਾਲੀ ਸੀ । ਸੋ ਬੰਦਾ ਬਹਾਦਰ ਨੇ ਸਢੌਰਾ, ਲੋਹਗੜ੍ਹ ਤੇ ਹੋਰ ਬਹੁਤ ਸਾਰੇ ਇਲਾਕੇ ਤੇ ਮੁੜ ਕਬਜ਼ਾ ਕਰ ਲਿਆ । ਹੁਣ ਬੰਦਾ ਬਹਾਦਰ ਬਾਦਸ਼ਾਹ ਸੀ, ਤੇ ਸਿੱਖ ਪੰਜਾਬ ਦੇ ਬਹੁਤ ਸਾਰੇ ਇਲਾਕੇ ਦੇ ਹੁਕਮਰਾਨ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਹਾਂਦਾਰ ਖ਼ਾਨ ਤੇ ਫ਼ਰਖ਼ਸੀਅਰ ਦਾ ਕਤਲ

ਜਹਾਂਦਾਰ ਖ਼ਾਨ ਨੇ, ਮੁਹੰਮਦ ਅਮੀਨ ਖ਼ਾਨ ਨੂੰ ਦਿੱਲੀ ਬੁਲਾ ਲਿਆ ਤਾਂ ਪਿਛੇ ਪੰਜਾਬ ਦਾ ਕੋਈ ਵਾਲੀ ਵਾਰਸ ਨਾ ਰਿਹਾ। ਬਹਾਦਰ ਸ਼ਾਹ ਦੀ ਮੌਤ ਮਗਰੋਂ ਉਸਦੇ ਚਾਰ ਪੁਤਰਾਂ ਦੀ ਤਖ਼ਤ ਦੇ ਵਾਰਸਾਂ ਦੇ ਤੌਰ ਤੇ ਆਪੋ ਵਿਚ ਲੜਾਈ ਸ਼ੁਰੂ ਹੋ ਗਈ।

ਦਸੰਬਰ ਸੰਨ 1712 ਵਿਚ ਜਹਾਂਦਾਰ ਖ਼ਾਨ, ਜਿਸਨੇ ਬਹਾਦਰ ਸ਼ਾਹ ਦੀ ਮੌਤ ਮਗਰੋਂ ਆਪਣੇ ਭਰਾ ਅਜ਼ੀਮ ਨੂੰ ਕਤਲ ਕਰਕੇ ਦਿੱਲੀ ਦੇ ਤਖ਼ਤ ਤੇ ਕਬਜ਼ਾ ਕਰ ਲਿਆ ਸੀ, ਨੂੰ ਇਤਲਾਹ ਮਿਲੀ, ਕਿ ਉਸਦੇ ਭਰਾ ਅਜ਼ੀਮ ਦੇ ਪੁੱਤਰ ਫ਼ਰਖ਼ਸੀਅਰ ਨੇ ਬਗ਼ਾਵਤ ਕਰ ਦਿਤੀ ਹੈ। ਉਹ ਫ਼ਰਖ਼ਸੀਅਰ ਨੂੰ ਸੋਧਣ ਆਪਣੀ ਫੌਜ ਲੈ ਕੇ ਆਗਰੇ ਵਲ ਤੁਰ ਪਿਆ। 13 ਜਨਵਰੀ 1713 ਈ: ਨੂੰ ਤਖ਼ਤ ਦੇ ਦੋਹਾਂ ਦਾਹਵੇਦਾਰ ਭਰਾਵਾਂ ਦੀਆਂ ਫੌਜਾਂ ਆਗਰੇ ਵਿਚ ਆਹਮੋ ਸਾਹਮਣੇ ਹੋ ਕੇ ਲੜੀਆਂ। ਉਸ ਸਮੇਂ ਸੱਯਦ ਭਰਾ ਬੜੇ ਸ਼ਕਤੀ ਸ਼ਾਲੀ ਸਨ। ਉਨ੍ਹਾਂ ਨੇ ਫ਼ਰਖ਼ਸੀਅਰ ਦਾ ਸਾਥ ਦਿਤਾ। ਇਸ ਤੇ ਜਹਾਂਦਾਰ, ਇਕ ਦਮ ਘਬਰਾ ਕੇ ਮੈਦਾਨ ਛੱਡ ਦਿੱਲੀ ਵਲ ਦੌੜ ਉਠਿਆ। ਜਦ ਉਹ ਦਿੱਲੀ ਪਹੁੰਚਿਆ ਤਾਂ ਆਸਫ਼-ਓ-ਦੌਲਾ ਅਸਦ ਖ਼ਾਂ ਨੇ ਉਸਨੂੰ ਇਕ ਨਾ-ਅਹਿਲ ਬਾਦਸ਼ਾਹ ਸਮਝਦਿਆਂ ਹੋਇਆਂ, ਦਿੱਲੀ ਕਿਲ੍ਹੇ ਵਿਚ ਕੈਦ ਕਰ ਦਿਤਾ, ਜਿਥੇ ਉਹ ਫ਼ਰਖ਼ਸੀਅਰ ਦੇ ਹੁਕਮ ਨਾਲ 13 ਫ਼ਰਵਰੀ 1713 ਈ: ਨੂੰ ਕਤਲ ਕਰ ਦਿਤਾ ਗਿਆ।

ਜਹਾਂਦਾਰ ਖ਼ਾਨ ਦੀ ਕੇਵਲ ਦਸ ਮਹੀਨਿਆਂ ਦੀ ਹਕੂਮਤ ਸਮੇਂ ਸਾਰੇ ਦੇਸ਼ ਵਿਚ ਅਫਰਾ-ਤਫਰੀ ਫੈਲ ਗਈ ਸੀ। ਗਾਣ ਵਜਾਣ ਵਾਲੀਆਂ ਨਾਚੀਆਂ, ਨਟਣੀਆਂ, ਭੰਡਾਂ ਤੇ ਨਕਲੀਆਂ ਦੀ ਉਨ੍ਹੀਂ ਦਿਨੀਂ ਚਾਂਦੀ ਸੀ। ਜਹਾਂਦਾਰ ਖ਼ਾਨ ਆਪਣੇ ਇਕ ਦਰਬਾਰੀ ਕੰਵਰ ਲਾਲ ਤੇ ਬਹੁਤ ਪ੍ਰਸੰਨ ਸੀ। ਉਸਦੇ ਬਹੁਤ ਸਾਰੇ ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਜਹਾਂਦਾਰ ਖ਼ਾਂ ਨੇ ਮੁਨਸਬਦਾਰ ਬਣਾ ਦਿਤਾ। ਹੁਣ ਕੰਵਰ ਲਾਲ ਹਾਜ-ਕਾਜ ਦਾ ਕਰਤਾ ਧਰਤਾ ਬਣ ਗਿਆ। ਉਸਨੂੰ ਬਹੁਤ ਸਾਰੇ ਹਾਥੀ ਤੇ ਜਾਗੀਰ ਭੇਟ ਕੀਤੀ ਗਈ। ਵਿਦਵਾਨ ਤੇ ਸਿਆਣੇ ਬੰਦਿਆਂ ਨੂੰ ਦਰਬਾਰ 'ਚੋਂ ਕਢ ਦਿਤਾ ਗਿਆ। ਉਨ੍ਹਾਂ ਦੀ ਥਾਂ ਨਕਲੀਆਂ, ਜੋਤਸ਼ੀਆਂ, ਭੰਡਾਂ ਤੇ ਮਸਖ਼ਰਿਆਂ ਨੇ ਸੰਭਾਲ ਲਈ ਸੀ। ਜਹਾਂਦਾਰ ਖ਼ਾਨ, ਆਪਣੀ ਹਕੂਮਤ ਦੀ ਬਾਗ-ਡੋਰ ਨਾ-ਅਹਿਲ ਨਿਕੰਮੇ ਤੇ ਖ਼ੁਸ਼ਾਮਦੀ ਲੋਕਾਂ ਦੇ ਹਵਾਲੇ ਕਰ ਆਪ ਰੰਗ-ਰਲੀਆਂ ਮਨਾਣ ਵਿਚ ਮਸਤ ਹੋ ਗਿਆ।

ਜਦੋਂ ਜਹਾਂਦਾਰ ਖ਼ਾਨ ਨੂੰ ਕੈਦ ਕਰ ਲਿਆ ਗਿਆ, ਉਦੋਂ ਫ਼ਰਖ਼ਸੀਅਰ ਹਾਲੀਂ ਆਗਰੇ ਵਿਚ ਹੀ ਸੀ। ਉਸਨੇ ਸ਼ਕਤੀ ਸ਼ਾਲੀ ਸੱਯਦ ਭਰਾਵਾਂ ਨੂੰ ਦਿੱਲੀ ਦੇ ਪ੍ਰਬੰਧ ਲਈ ਘਲ ਦਿਤਾ। ਉਹ ਆਪ 13 ਫ਼ਰਵਰੀ 1714 ਈ: ਨੂੰ ਦਿੱਲੀ ਅਪੜਿਆ ਤੇ ਕਿਲ੍ਹੇ ਵਿਚ ਦਾਖ਼ਲ ਹੁੰਦਿਆਂ ਸਾਰ ਹੀ ਹੁਕਮ ਦਿਤਾ, ਕਿ ਆਪਣੇ ਭਰਾਵਾਂ, ਰਿਸ਼ਤੇਦਾਰਾਂ ਤੇ ਅਮੀਰਾਂ ਵਜ਼ੀਰਾਂ ਦੇ ਕਾਤਲ ਜਹਾਂਦਾਰ ਖ਼ਾਨ ਦਾ ਸਿਰ ਵਢ ਕੇ ਇਕ ਬਰਛੇ ਤੇ ਟੰਗ ਕੇ ਸਾਰੇ ਸ਼ਹਿਰ ਵਿਚ ਹਾਥੀ ਤੇ ਬੰਨ੍ਹ ਕੇ ਫਿਰਾਇਆ ਜਾਵੇ। ਸੋ ਐਸਾ ਹੀ ਕੀਤਾ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫ਼ਰਖ਼ਸੀਅਰ—ਦਿੱਲੀ ਦੇ ਤਖ਼ਤ ਤੇ

ਫ਼ਰਖ਼ਸੀਅਰ ਨੇ ਹਕੂਮਤ ਦੀ ਵਾਗਡੋਰ ਸੰਭਾਲਦਿਆਂ ਹੀ ਅਬਦੂਲ ਸਮੱਦ ਖ਼ਾਨ ਬਹਾਦਰ (ਦਲੇਰ ਜੰਗ) ਨੂੰ ਲਾਹੌਰ ਦਾ ਨਵਾਂ ਗਵਰਨਰ ਤੇ ਉਸਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਜੰਮੂ ਦਾ ਫ਼ੌਜਦਾਰ ਮੁਕੱਰਰ ਕੀਤਾ। ਉਸਨੇ ਇਨ੍ਹਾਂ ਦੋਹਾਂ, ਤੇ ਪੰਜਾਬ ਦੇ ਬਾਕੀ ਦੇ ਸੂਬਿਆਂ ਨੂੰ ਹੁਕਮ ਦਿਤਾ, ਕਿ ਬੰਦੇ ਨੂੰ ਜੀਂਦਿਆਂ ਜੀਅ ਗ੍ਰਿਫ਼ਤਾਰ ਕਰਕੇ ਦਿੱਲੀ ਘਲਿਆ ਜਾਵੇ।

ਅਬਦੂਲ ਸਮੱਦ ਖ਼ਾਂ ਬੜਾ ਬਹਾਦਰ, ਵਧੀਆ ਪ੍ਰਬੰਧਕ ਤੇ ਜ਼ਾਲਮ ਗਵਰਨਰ ਸੀ। ਬਹਾਦਰ ਸ਼ਾਹ ਦੇ ਅੰਤਲੇ ਦਿਨਾਂ ਵਿਚ ਉਸਦੀ ਸ਼ਹਿਜ਼ਾਦਾ ਅਜ਼ੀਮੁ-ਸ਼ਾਨ ਨਾਲ ਝੜਪ ਹੋ ਗਈ, ਜਿਸ ਕਾਰਨ ਉਸਨੂੰ ਨੌਕਰੀ ਤੋਂ ਜਵਾਬ ਮਿਲ ਗਿਆ, ਤੇ ਉਸਦੀ ਸਾਰੀ ਜਾਇਦਾਦ ਜ਼ਬਤ ਕਰਕੇ ਉਸਨੂੰ ਮੱਕੇ ਘਲ ਦੇਣ ਦਾ ਹੁਕਮ ਦੇ ਦਿਤਾ ਗਿਆ ਸੀ। ਉਹ ਸਭ ਕੁਝ ਗਵਾ ਕੇ ਮੱਕੇ ਹਜ ਤੇ ਰਵਾਨਾ ਹੋ ਗਿਆ, ਪਰ ਕਿਸਮਤ ਦੀ ਖ਼ੂਬੀ ਵੇਖੋ, ਇਨ੍ਹੀਂ ਦਿਨੀਂ ਬਹਾਦਰ ਸ਼ਾਹ ਦੀ ਮੌਤ ਹੋ ਗਈ। ਸੋ ਉਸਨੂੰ ਰਾਹ 'ਚੋਂ ਵਾਪਸ ਬੁਲਾ ਲਿਆ ਗਿਆ। ਜਹਾਂਦਾਰ ਖ਼ਾਨ ਦੇ ਤਖ਼ਤ ਤੇ ਬੈਠਦਿਆਂ ਹੀ ਅਜ਼ੀਮ ਨੂੰ ਸਤ ਹਜ਼ਾਰੀ ਕਮਾਂਡਰ ਬਣਾ ਦਿਤਾ ਗਿਆ। ਜਦ ਜਹਾਂਦਾਰ ਖ਼ਾਨ ਤੇ ਫ਼ਰਖ਼ਸੀਅਰ ਦੀ ਲੜਾਈ ਹੋਈ, ਤਾਂ ਉਸਨੇ ਫ਼ਰਖ਼ਸੀਅਰ ਦਾ ਸਾਥ ਦਿਤਾ, ਜਿਸ ਕਾਰਣ ਫ਼ਰਖ਼ਸੀਅਰ ਨੇ ਇਨਾਮ ਵਜੋਂ ਉਸਨੂੰ ਲਾਹੌਰ ਦਾ ਗਵਰਨਰ ਬਣਾ ਦਿਤਾ।

ਪੰਜਾਬ ਦਾ ਬਾਦਸ਼ਾਹ—ਬੰਦਾ ਬਹਾਦਰ

ਜਿਵੇਂ ਅਸੀਂ ਪਿਛੇ ਦਸ ਆਏ ਹਾਂ, ਕਿ ਬਹਾਦਰ ਸ਼ਾਹ ਦੀ ਮੌਤ ਮਗਰੋਂ ਜਦ ਤਖ਼ਤ ਦੇ ਵਾਰਸਾਂ ਦੀ ਆਪੋ ਵਿਚ ਲੜਾਈ ਸ਼ੁਰੂ ਹੋ ਲਈ, ਤਾਂ ਪੰਜਾਬ ਵਿਚ ਕੋਈ ਕੰਮ ਦਾ ਗਵਰਨਰ ਨਹੀਂ ਸੀ, ਤੇ ਨਾ ਹੀ ਕੋਈ ਸ਼ਕਤੀ, ਸਿੱਖਾਂ ਦੇ ਰਾਹ ਵਿਚ ਰੁਕਾਵਟ ਹੀ ਰਹੀ ਸੀ। ਸੋ ਪੰਜਾਬ ਦੇ ਸਿੱਖਾਂ, ਤੇ ਬੰਦੇ ਬਹਾਦਰ ਨੂੰ ਆਪਣੀ ਖੁੱਸੀ ਤਾਕਤ, ਮੁੜ ਬਹਾਲ ਕਰਨ ਦਾ ਸੁਨਹਿਰੀ ਮੌਕਹਿ ਹੱਥ ਆ ਗਿਆ। ਬੰਦਾ, ਬਹਾਦਰ ਸ਼ਾਹ ਦੀ ਮੌਤ ਦੀ ਖ਼ਬਰ ਸੁਣ ਫਿਰ ਪਹਾੜੀਆਂ ਤੋਂ ਮੈਦਾਨ ਵਿਚ ਆ ਪਹੁੰਚਿਆ ਤੇ ਥੋੜ੍ਹੀ ਜਿਹੀ ਲੜਾਈ ਮਗਰੋਂ ਸਢੋਰੇ ਤੇ ਕਾਬਜ਼ ਹੋ ਗਿਆ। ਪੰਜਾਬ ਵਿਚ ਬਿਖਰੇ ਹੋਏ ਸਿੱਖਾਂ ਨੂੰ ਉਸਨੇ ਚਿੱਠੀਆਂ ਲਿਖੀਆਂ, ਕਿ ਉਹ ਸਭ ਬੰਦੇ ਬਹਾਦਰ ਦੇ ਸਾਂਝੇ ਖ਼ਾਲਸਾਈ ਝੰਡੇ ਹੇਠ ਇਕੱਠੇ ਹੋ ਜਾਣ. ਤੇ ਮੁਗ਼ਲ ਹਕੂਮਤ ਦੀ ਰਹੀ ਸਹੀ ਤਾਕਤ ਨੂੰ ਖ਼ਤਮ ਕਰ ਦੇਣ।

ਬੰਦਾ, ਆਪਣੇ ਹਥਿਆਏ ਇਲਾਕੇ ਦੇ ਨਵਾਬਾਂ ਤੇ ਰਾਜਿਆਂ ਤੋਂ ਨਜ਼ਰਾਨੇ ਵਸੂਲ ਕਰਨ ਲੱਗ ਪਿਆ। ਉਸਨੇ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਆਪਣੇ ਨਾਂ ਦਾ ਉਸਨੇ ਸਿੱਕਾ ਚਲਾਇਆ, ਤੇ ਮੰਡੀ ਦੇ ਰਾਜੇ ਸੁਧਰ ਸੈਨ ਦੀ ਰਾਜਪੂਤ ਸੁੰਦਰ ਪੁਤਰੀ ਨਾਲ ਸ਼ਾਦੀ ਵੀ ਕਰ ਲਈ। ਥੋੜ੍ਹੇ ਚਿਰ ਪਿਛੋਂ ਚੰਬੇ ਦੇ ਰਾਜੇ ਨੇ ਆਪਣੀ ਨੌਜਵਾਨ ਸੁੰਦਰ ਬੇਟੀ ਦਾ ਡੋਲਾ ਉਸਨੂੰ ਪੇਸ਼ ਕੀਤਾ। ਬੰਦੇ ਨੇ ਉਹ ਵੀ ਪ੍ਰਵਾਨ ਕਰ ਲਿਆ। ਇਨ੍ਹਾਂ ਦਿਨਾਂ ਵਿਚ ਬੰਦੇ ਬਾਦਸ਼ਾਹ ਵਲੋਂ ਸਿੱਖਾਂ ਦੇ ਨਾਂ ਜੋ ਹੁਕਮਨਾਮਾ ਜਾਰੀ ਹੋਇਆ ਸੀ, ਉਸ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਵਾਹਿਗੁਰੂ ਜੀ ਕੀ ਫ਼ਤਹਿ" ਦੀ ਥਾਂ "ਫ਼ਤਹਿ ਦਰਸ਼ਨ"—ਆਪਣੇ ਆਪ ਨੂੰ "ਸੱਚਾ ਸਾਹਿਬ" ਤੇ ਹੇਠਾਂ ਬੰਦਈ ਸੰਮਤ ਦਰਜ ਸੀ।

ਇਨ੍ਹੀਂ ਦਿਨੀਂ ਜੋ ਅਮੋਲਕ ਘੜੀਆਂ ਬੰਦੇ ਨੇ ਆਰਾਮ ਵਿਚ ਜ਼ਾਇਆ ਕਰ ਦਿਤੀਆਂ,ਉਨ੍ਹਾਂ ਵਿਚ ਮੁਗਲ ਰਾਜ ਦੀਆਂ ਜੜ੍ਹਾਂ ਚੰਗੀ ਤਰ੍ਹਾਂ ਖੋਖਲੀਆਂ ਕਰਕੇ ਖ਼ਾਲਸਾ ਸਲਤਨਤ ਦੀ ਨੀਂਹ ਰਖੀ ਜਾ ਸਕਦੀ ਸੀ ਤੇ ਲੱਖਾਂ ਬੰਦਿਆਂ ਦੇ ਖ਼ੂਨ ਖ਼ਰਾਬੇ ਤੋਂ ਮੁਲਕ ਨੂੰ ਬਚਾਇਆ ਜਾ ਸਕਦਾ ਸੀ, ਪਰ ਇਤਿਹਾਸ ਨੇ ਤਾਂ ਆਪਣੀ ਚਾਲੇ ਤੁਰਨਾ ਹੈ, ਉਸਨੂੰ ਕੌਣ ਰੋਕ ਸਕਦਾ ਹੈ ?

ਸਿੱਖਾਂ ਪੁਰ ਮੁੜ ਸਖ਼ਤੀ ਸ਼ੁਰੂ

ਫ਼ਰਖ਼ਸੀਅਰ ਨੇ ਦਿੱਲੀ ਦੇ ਤਖ਼ਤ ਤੇ ਬੈਠਦਿਆਂ ਹੀ ਸਿੱਖਾਂ ਦੇ ਖ਼ਾਤਮੇ ਤੇ ਬੰਦੇ ਦੀ ਗ੍ਰਿਫ਼ਤਾਰੀ ਲਈ ਪੰਜਾਬ ਦੇ ਸੂਬੇ ਦੇ ਨਾਂ ਪ੍ਰਵਾਨਾ ਜਾਰੀ ਕਰ ਦਿਤਾ। ਸੰਨ 1712-13 ਈ: ਸਿੱਖਾਂ ਲਈ ਬੜੇ ਨਾਜ਼ਕ ਸਾਲ ਸਨ। ਹਕੂਮਤ ਦੀ ਸਾਰੀ ਮਸ਼ੀਨਰੀ ਸਿੱਖਾਂ ਨੂੰ ਤਬਾਹ ਕਰਨ ਵਿਚ ਜੁਟੀ ਹੋਈ ਸੀ। ਇਹਨਾਂ ਸਾਲਾਂ ਵਿਚ ਹਜ਼ਾਰਾਂ ਸਿੱਖ ਕਤਲ ਕੀਤੇ ਗਏ। ਸਿੱਖ ਫ਼ੌਜ ਨਾਲ ਜਿਹੜੇ ਗ਼ੈਰ-ਸਿੱਖ ਲੁਟ-ਮਾਰ ਦੇ ਮਕਸਦ ਲਈ ਆ ਮਿਲੇ ਸਨ। ਫ਼ੈਸ਼ਨ ਵਜੋਂ ਉਹਨਾਂ ਕੇਸ ਰਖ ਲਏ ਸਨ, ਇਸ ਨਾਜ਼ਕ ਸਮੇਂ ਉਹਨਾਂ ਸਿਰ ਸਾਫ਼ ਮੁਨਾ ਦਿਤੇ। ਸਿੱਖਾਂ ਦੇ ਸਿਰ ਕਟ ਕੇ ਜੋ ਹਾਕਮ ਫ਼ਰਖ਼ਸੀਅਰ ਦੇ ਪੇਸ਼ ਕਰਦਾ, ਉਸਨੂੰ ਖ਼ਿਲਅਤਾਂ ਮਿਲਦੀਆਂ ਸਨ। ਇਸ ਸਬੰਧ ਵਿਚ ਲਾਹੌਰ ਦੇ ਹਾਕਮ ਅਬਦੁਲ ਸਮਦ ਖ਼ਾਂ ਤੇ ਉਸਦੇ ਪੁੱਤਰ ਜ਼ਕਰੀਆ ਖ਼ਾਂ—ਜੰਮੂ ਦੇ ਹਾਕਮ—ਨੇ ਚੰਗੀ ਨੇਕਨਾਮੀ ਖੱਟੀ। ਜ਼ਕਰੀਆ ਖ਼ਾਂ ਕਿੰਨੇ ਹੀ ਸਿੱਖਾਂ ਦੇ ਸਿਰ ਲੈ ਕੇ ਫ਼ਰਖ਼ਸੀਅਰ ਪਾਸ ਜਾ ਹਾਜ਼ਰ ਹੋਇਆ। ਉਸਨੂੰ ਉਥੋਂ ਇਨਾਮ ਤੇ ਜਾਗੀਰਾਂ ਬਖ਼ਸ਼ਸ਼ ਹੋਈਆਂ।

ਅਕਤੂਬਰ 1713 ਈ: ਵਿਚ ਬੰਦਾ ਬਹਾਦਰ ਤੇ ਉਸਦੇ ਫੌਜੀ, ਲੋਹਗੜ੍ਹ ਤੇ ਹੋਰ ਸਾਰੇ ਇਲਾਕੇ ਖ਼ਾਲੀ ਕਰ ਜੰਮੂ ਦੀਆਂ ਪਹਾੜੀਆਂ ਵਿਚ ਜਾ ਛਿਪੇ। ਇਨ੍ਹੀਂ ਦਿਨੀਂ ਬੰਦੇ ਨੇ ਦੂਜੀ ਸ਼ਾਦੀ ਕਰ ਲਈ ਸੀ। ਇਸ ਪਤਨੀ 'ਚੋਂ ਇਕ ਲੜਕਾ ਪੈਦਾ ਹੋਇਆ, ਜਿਸਦਾ ਨਾਂ ਰਣਜੀਤ ਸਿੰਘ ਰਖਿਆ ਗਿਆ।

ਬੰਦਾ ਬਹਾਦਰ ਦੀ ਗ਼ੈਰ-ਹਾਜ਼ਰੀ ਵਿਚ ਮੈਦਾਨਾਂ ਵਿਚ ਵਸਦੇ ਸਿੱਖ ਖਾਮੋਸ਼ ਨਹੀਂ ਸਨ ਬੈਠੇ। ਉਹ ਹਕੂਮਤ ਦੀਆਂ ਸਖਤੀਆਂ ਦੇ ਬਾਵਜੂਦ ਜਦੋਂ ਮੌਕਾ ਮਿਲਦਾ, ਜ਼ਾਲਮ ਹੁਕਮਰਾਨਾਂ ਨੂੰ ਜਾ ਮਾਰਦੇ। ਫ਼ਰਖਸੀਅਰ ਨੇ ਸੰਨ 1714 ਈ: ਵਿਚ ਅਬਦੁਲ ਸਮਦ ਤੇ ਉਸਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਰਾਜਪੁਤਾਨੇ ਦੀ ਮੁਹਿੰਮ ਪੁਰ ਘਲਿਆ। ਪਿਛੋਂ ਸਿੱਖਾਂ ਨੂੰ ਸਮਾਂ ਮਿਲ ਗਿਆ। ਉਨ੍ਹਾਂ ਜਿਥੋਂ ਤਕ ਹੋ ਸਕਿਆ, ਹਕੂਮਤ ਤੇ ਚੰਗੇ ਹੱਥ ਸਾਫ਼ ਕੀਤੇ। ਕਾਹਨੂੰਵਾਨ ਦਾ ਹਾਕਮ ਸਿੱਖਾਂ ਤੇ ਜ਼ੁਲਮ ਢਾਹੁਣ ਲਈ ਬੜਾ ਪ੍ਰਸਿਧ ਸੀ। ਸ੍ਰ: ਜਗਤ ਸਿੰਘ ਜੀ ਦੀ ਜਥੇਦਾਰੀ ਹੇਠਾਂ ਸਿੱਖਾਂ ਦੇ ਇਕ ਦਸਤੇ ਨੇ ਕਿੜੀ ਦੇ ਪਠਾਣਾਂ ਪੁਰ ਅਚਨਚੇਤ ਜਾ ਛਾਪਾ ਮਾਰਿਆ। ਥੋੜ੍ਹੇ ਚਿਰ ਦੀ ਲੜਾਈ ਪਿਛੋਂ ਪਠਾਣਾਂ ਨੂੰ ਹਾਰ ਹੋਈ ਤੇ ਸਿੱਖਾਂ ਨੇ ਉਹਨਾਂ ਦੇ ਕਿਲ੍ਹੇ ਪੁਰ ਕਬਜ਼ਾ ਕਰ ਲਿਆ। ਇਸ ਹੱਲੇ ਤੋਂ ਬਹੁਤ ਸਾਰਾ ਜੰਗੀ ਸਾਮਾਨ ਤੇ ਸੱਠ ਸੱਤਰ ਹਜ਼ਾਰ ਰੁਪਿਆ ਨਕਦ ਲੁਟ ਕੇ ਜਿੱਤ ਦੇ ਸ਼ਾਦੀਆਨੇ ਵਜਾਂਦੇ ਸਿੱਖ ਵਾਪਸ ਪਰਤੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਵਿਚ ਇਨ੍ਹੀਂ ਦਿਨੀਂ ਕੋਈ ਜ਼ਬਰਦਸਤ ਹਾਕਮ ਨਾ ਹੋਣ ਕਰਕੇ ਸਿੱਖਾਂ ਨੇ ਫਿਰ ਸਿਰ ਚੁਕਣਾ ਸ਼ੁਰੂ ਕਰ ਦਿਤਾ। ਰਾਜਪੂਤਾਨੇ ਦੀ ਮੁਹਿੰਮ ਪਿਛੋਂ ਅਬਦੁਲ ਸਮਦ ਤੇ ਜ਼ਕਰੀਆ ਖ਼ਾਨ ਦੋਵੇਂ ਪਿਉ-ਪੁਤਰ ਛੇ ਮਹੀਨਿਆਂ ਦੀ ਗ਼ੈਰ-ਹਾਜ਼ਰੀ ਬਾਅਦ ਜਦ ਪੰਜਾਬ ਪਰਤੇ, ਤਾਂ ਉਹਨਾਂ ਨੇ ਫਿਰ ਸਿੱਖਾਂ ਤੇ ਸਖ਼ਤੀ ਦਾ ਦੌਰ-ਦੌਰਾ ਅਰੰਭ ਦਿਤਾ।

ਅਬਦੁਲ ਸਮਦ ਨੂੰ ਰਾਜਪੂਤਾਨੇ ਤੋਂ ਵਾਪਸ ਆਇਆਂ ਦੋ ਕੁ ਮਹੀਨੇ ਹੀ ਹੋਏ ਸਨ, ਕਿ ਸਤ ਹਜ਼ਾਰ ਸਿੱਖਾਂ ਦੇ ਇਕ ਜੱਥੇ ਨੇ ਸਰਹੰਦ ਤੇ ਰੋਪੜ ਪੁਰ ਹੱਲਾ ਜਾ ਬੋਲਿਆ। ਦੁਸ਼ਮਣ ਦਾ ਤੇ ਆਪਣਾ ਕਾਫ਼ੀ ਨੁਕਸਾਨ ਕਰਾ ਕੇ ਸਿੱਖ ਪਿਛੇ ਹਟ ਆਏ। ਉਧਰ ਬੰਦਾ ਬਹਾਦਰ ਜੰਮੂ ਦੀਆਂ ਪਹਾੜੀਆਂ ਪਿਛੇ ਅਲੋਪ ਸੀ। ਹਰ ਵਕਤ ਹਕੂਮਤ ਨੂੰ ਡਰ ਰਹਿੰਦਾ ਸੀ, ਕਿ ਪਤਾ ਨਹੀਂ ਕਿਸ ਵੇਲੇ ਪਹਾੜੀਆਂ 'ਚੋਂ ਨਿਕਲ ਕੇ ਬਾਜ਼ ਵਾਂਗ ਝਪਟਾ ਮਾਰਦਾ, ਖ਼ੂਨ ਦੀਆਂ ਨਦੀਆਂ ਵਹਾਂਦਾ ਤੇ ਲੁਟਦਾ ਪੁਟਦਾ ਬੰਦਾ ਬਹਾਦਰ ਮੁੜ ਉਥੇ ਹੀ ਜਾ ਛਿਪੇ। ਇਸ ਲਈ ਬਾਦਸ਼ਾਹ ਨੇ ਤਲਬ ਖ਼ਾਂ ਨੂੰ ਸਭ ਪਹਾੜੀ ਰਸਤੇ ਰੋਕ ਲੈਣ ਦਾ ਹੁਕਮ ਦਿਤਾ।

ਬੰਦੇ ਬਹਾਦਰ ਨੂੰ ਆਪਣੇ ਠਿਕਾਣੇ ਤੇ ਹੀ ਪੰਜਾਬ 'ਚੋਂ ਸਾਰੀਆਂ ਖ਼ਬਰਾਂ ਪੁਜ ਰਹੀਆਂ ਸਨ। ਉਸਨੇ ਮਹਿਸੂਸ ਕੀਤਾ, ਕਿ ਬਹੁਤ ਸਾਰਾ ਕੀਮਤੀ ਵਕਤ ਉਸਦੀ ਸੁਸਤੀ ਕਾਰਣ ਹੱਥੋਂ ਖੁੰਝ ਗਿਆ ਹੈ। ਭਾਵੇਂ ਉਹ ਇਨ੍ਹਾਂ ਦਿਨਾਂ ਵਿਚ ਬਿਲਕੁਲ ਅਵੇਸਲਾ ਨਹੀਂ ਸੀ ਹੋ ਬੈਠਾ, ਤੇ ਆਪਣੇ ਜੱਥੇ ਸਣੇ ਕਈ ਵਾਰੀ ਝਪਟਾਂ ਮਾਰ ਜਾਇਆ ਕਰਦਾ ਸੀ। ਸੰਨ 1715 ਈ: ਵਿਚ ਵੀ ਉਹ ਬਟਾਲਾ ਤੇ ਕਲਾਨੌਰ ਦੇ ਨਾਲ ਦੇ ਇਲਾਕੇ ਤੇ ਹੱਥ ਸਾਫ਼ ਕਰ ਗਿਆ ਸੀ, ਪਰ ਸਿੱਖ ਜੱਥੇਬੰਦੀ ਨੂੰ ਮਜ਼ਬੂਤ ਕਰਕੇ ਕਿਸੇ ਨਵੀਂ ਮੁਹਿੰਮ ਵਲ ਉਸ ਧਿਆਨ ਨਹੀਂ ਸੀ ਦਿਤਾ। ਪੰਜਾਬ 'ਚੋਂ ਸਿੱਖਾਂ ਪੁਰ ਅਕਹਿ ਜ਼ੁਲਮ ਦੀ ਖ਼ਬਰ ਨੇ ਉਸਨੂੰ ਸਾਵਧਾਨ ਕਰ ਦਿਤਾ। ਸੰਨ 1716 ਈ: ਦੇ ਅਰੰਭ ਵਿਚ ਉਹ ਪਹਾੜੀਆਂ ਨੂੰ ਛੱਡ ਕੇ ਅਚਾਨਕ ਮੈਦਾਨ ਵਿਚ ਆ ਗਜਿਆ ਤੇ ਕਲਾਨੌਰ ਅਰ ਬਟਾਲੇ ਤੇ ਬਾਜ਼ ਵਾਂਗ ਜਾ ਝਪਟਾ ਮਾਰਿਆ। ਇਹ ਦੋਵੇਂ ਥਾਵਾਂ ਉਸਦੇ ਪਹਿਲੇ ਹਲਿਆਂ ਸਮੇਂ ਬਚ ਗਈਆਂ ਸਨ। ਉਹ ਦੋਹਾਂ ਸ਼ਹਿਰਾਂ ਨੂੰ ਬਰਬਾਦ ਕਰਕੇ ਉਥੋਂ ਦੀ ਹਕੂਮਤ ਨੂੰ ਪੈਰਾਂ ਹੇਠਾਂ ਰੋਂਦ ਵਾਪਸ ਪਰਤ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹੀ ਫੌਜ ਨਾਲ ਟੱਕਰ

ਜਦੋਂ ਫ਼ਰਖ਼ਸੀਅਰ ਨੂੰ ਇਹ ਖਬਰਾਂ ਮਿਲੀਆਂ, ਤਾਂ ਉਹ ਸਖ਼ਤ ਨਰਾਜ਼ ਹੋ ਗਿਆ। ਉਸਨੇ ਲਾਹੌਰ ਦੇ ਸੂਬੇ ਵਲ ਗ਼ੁਸੇ ਭਰੀ ਚਿੱਠੀ ਲਿਖੀ, ਕਿ ਬੰਦੇ ਨੂੰ ਫ਼ੌਰਨ ਗ੍ਰਿਫ਼ਤਾਰ ਕੀਤਾ ਜਾਵੇ। ਦਿੱਲੀਓਂ ਇਕ ਤਕੜੀ ਫੌਜ ਦੇ ਕੇ ਕੁਮਾਰ ਦੀਨ ਖ਼ਾਂ, ਮੁਜ਼ੱਫ਼ਰ ਖ਼ਾਂ, ਰਾਜਾ ਉਦੈਤ ਸਿੰਘ ਤੇ ਰਾਜਾ ਗੁਪਾਲ ਸਿੰਘ ਆਦਿ ਫੌਜਦਾਰਾਂ ਨੂੰ ਲਾਹੌਰ ਭੇਜਿਆ ਗਿਆ। ਪੰਜਾਬ 'ਚੋਂ ਮਿਰਜ਼ਾ ਅਹਿਮਦ ਗੁਜਰਾਤੀਆ, ਇਰਾਦਤ ਮੰਦ ਖ਼ਾਂ ਐਮਨਾਬਾਦੀਆ, ਨੂਰ ਮੁਹੰਮਦ ਪਸਰੂਰੀਆ, ਹਫ਼ੀਜ਼ ਅਲੀ ਪੱਟੀ, ਸੈਹਰਾਬ ਖ਼ਾਂ ਕਲਨੌਰੀਆ, ਰਾਜਾ ਭੀਮ ਸਿੰਘ ਕਟੋਚੀਆ, ਧਰਮਦੇਵ ਜਲੋਟਾ ਆਦਿ, ਕੱਠਿਆਂ ਹੋ ਕੇ ਇਕ ਤਕੜੀ ਫੌਜ ਲੈ ਕੇ ਬੰਦੇ ਨੂੰ ਸੋਧਣ ਤੁਰ ਪਏ।

ਬੰਦਾ ਹਾਲੀਂ ਮਸਾਂ ਮਸਾਂ ਬਟਾਲੇ ਤੇ ਕਲਾਨੌਰ ਦੀ ਜ਼ੰਗ ਤੋਂ ਵੇਹਲਾ ਹੋਇਆ ਸੀ। ਉਹ ਆਪਣੀ ਫੌਜੀ ਤਿਆਰੀ ਨੂੰ ਮੁਕੰਮਲ ਨਹੀਂ ਸੀ ਕਰ ਸਕਿਆ ਤੇ ਨਾ ਹੀ ਖੇਰੂੰ ਖੇਰੂੰ ਹੋਈ ਸਿੱਖ ਫੌਜ ਨੂੰ ਹੀ ਇਕੱਠਿਆਂ ਕਰ ਸਕਿਆ ਸੀ। ਉਸਨੇ ਉਪਰਲੇ ਤਬਾਹ ਕੀਤੇ ਦੋ ਸ਼ਹਿਰਾਂ ਵਿਚਕਾਰ ਕੋਟ ਮਿਰਜ਼ਾ ਖ਼ਾਨ ਦੇ ਨੇੜੇ ਹੀ ਇਕ ਕੱਚੇ ਕਿਲ੍ਹੇ ਵਿਚ ਮੋਰਚੇ ਮਲ ਲਏ। ਇਹ ਕਿਲ੍ਹਾ ਬੰਦਾ, ਬਟਾਲੇ ਆਦਿ ਦੀ ਜੰਗ ਤੋਂ ਵੇਹਲਿਆਂ ਹੋ ਕੇ ਬਣਵਾ ਰਿਹਾ ਸੀ, ਪਰ ਹਾਲੀਂ ਕਿਲ੍ਹਾ ਸੰਪੂਰਨ ਨਹੀਂ ਸੀ ਹੋਇਆ, ਕਿ ਸ਼ਾਹੀ ਫੌਜ ਸਿਰ ਤੇ ਆਣ ਪੁਜੀ। ਉਸ ਫ਼ੌਜ ਨੇ ਕਿਲ੍ਹੇ ਨੂੰ ਚੁਪਾਸਿਓਂ ਘੇਰ ਲਿਆ, ਪਰ ਬਹੁਤ ਚਿਰ ਲੜਾਈ ਜਾਰੀ ਨਾ ਰਖੀ ਜਾ ਸਕਦੀ। ਤੀਹ ਹਜ਼ਾਰ ਦੇ ਕਰੀਬ ਸ਼ਾਹੀ ਫੌਜ ਦੇ ਮੁਕਾਬਲੇ ਪੂਰ ਗਿਣਤੀ ਦੀ ਸਿੱਖ ਫੌਜ ਬਹੁਤਾ ਚਿਰ ਨਾ ਖੜੋ ਸਕੀ, ਤੇ ਬੰਦਾ ਆਪਣੀ ਫੌਜ ਨੂੰ ਲੈ ਆਪਣੇ ਪਹਾੜੀ ਠਿਕਾਣਿਆਂ ਵਲ ਹਰਨ ਹੋ ਗਿਆ।

ਅਬਦੁਲ ਸਮਦ ਖ਼ਾਨ

ਜਦ ਜਹਾਂਦਾਰ ਸ਼ਾਹ ਤੇ ਫ਼ਰਖ਼ਸੀਅਰ ਦੀ ਲੜਾਈ ਸ਼ੁਰੂ ਹੋ ਗਈ, ਤਾਂ ਇਨ੍ਹਾਂ ਦੋਹਾਂ ਕਿਲ੍ਹਿਆਂ ਤੋਂ ਮੁਹਾਸਰਾ ਹਟਾ ਲਿਆ ਗਿਆ ਸੀ। ਇਸ ਲੜਾਈ ਵਿਚ ਫ਼ਰਖ਼ਸੀਅਰ ਜਿੱਤ ਗਿਆ। ਉਸਨੇ ਆਪਣੇ ਚਾਚੇ ਜਹਾਂਦਾਰ ਸ਼ਾਹ ਨੂੰ ਕਤਲ ਕਰਨ ਮਗਰੋਂ ਬੰਦੇ ਬਹਾਦਰ ਤੇ ਸਿੱਖਾਂ ਨੂੰ ਸੋਧਣ ਦਾ ਕੰਮ ਆਪਣੇ ਗਵਰਨਰ ਅਬਦੁ-ਸਮਦ ਖ਼ਾਨ ਦੇ ਸਪੁਰਦ ਕਰ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਢੌਰਾ ਤੇ ਹਮਲਾ

ਸਢੌਰੇ ਦਾ ਕਿਲ੍ਹਾ ਬੜਾ ਮਜ਼ਬੂਤ ਸੀ। ਅਬਦਲ ਸਮਦ ਨੇ ਬੜੀ ਤਕੜੀ ਫੌਜ ਨਾਲ ਸਢੌਰੇ ਦੇ ਕਿਲ੍ਹੇ ਨੂੰ ਘੇਰੇ ਵਿਚ ਲੈ ਲਿਆ। ਦਿਨ ਰਾਤ ਲਗਾਤਾਰ ਤੋਪਾਂ ਦੇ ਗੋਲੇ ਕਿਲ੍ਹੇ ਦੀਆਂ ਦੀਵਾਰਾਂ ਤੇ ਮਾਰ ਕਰਨ ਲੱਗੇ, ਪਰ ਕਿਲ੍ਹਾ ਇੰਨਾ ਮਜ਼ਬੂਤ ਸੀ, ਕਿ ਉਸ ਤੇ ਕੋਈ ਅਸਰ ਨਾ ਹੋਇਆ। ਇਸ ਘੇਰੇ ਸਮੇਂ ਇਕ ਬੜੀ ਦਿਲਚਸਪ ਘਟਨਾ ਵਾਪਰੀ। ਮੁਗਲਾਂ ਦੀ ਇਕ ਬਹੁਤ ਵੱਡੀ ਤੋਪ ਕਿਲ੍ਹੇ ਦੀਆਂ ਦੀਵਾਰਾਂ ਤੇ ਦਿਨ ਰਾਤ ਬੜੀ ਜ਼ਬਰਦਸਤ ਗੋਲਾ-ਬਾਰੀ ਕਰ ਰਹੀ ਸੀ। ਉਧਰ ਸਿੱਖ ਕਿਲ੍ਹੇ ਤੇ ਗੱਡੀਆਂ ਤੋਪਾਂ ਨਾਲ ਸ਼ਾਹੀ ਫੌਜ ਤੇ ਗੋਲੇ ਵਰਸਾ ਰਹੇ ਸਨ। ਦੋਹਾਂ ਫੌਜਾਂ ਵਿਚਕਾਰ ਬੜੀ ਵੱਡੀ ਖਾਈ ਕਿਲ੍ਹੇ ਦੀ ਹਿਫ਼ਾਜ਼ਤ ਕਰ ਰਹੀ ਸੀ, ਜਿਸ ਵਿਚ ਭਾਰੀ ਮਾਤਰਾ ਵਿਚ ਪਾਣੀ ਭਰਿਆ ਹੋਇਆ ਸੀ। ਉਧਰ ਭਾਰੀ ਬਰਖਾ ਹੋ ਰਹੀ ਸੀ, ਤੇ ਕਿਲ੍ਹੇ ਦੇ ਮੁਹਾਸਰੇ ਵਾਲਾ ਕੋਈ ਫੌਜੀ ਵੀ ਆਪਣੇ ਤੰਬੂ 'ਚੋਂ ਮੂੰਹ ਬਾਹਿਰ ਕੱਢਣ ਦੀ ਹਿੰਮਤ ਨਹੀਂ ਸੀ ਕਰਦਾ। ਐਨ ਅੱਧੀ ਰਾਤ ਨੂੰ ਕੁਝ ਸਿੰਘ ਸਿਰ ਤੇ ਕਫਨ ਬੰਨ੍ਹ ਕੇ ਕਿਲ੍ਹੇ 'ਚੋਂ ਨਿਕਲੇ। ਪਾਣੀ ਦੀ ਭਰੀ ਹੋਈ ਖਾਈ 'ਚੋਂ ਤਰ ਕੇ ਉਹ ਪਾਰ ਹੋ ਗਏ। ਉਨ੍ਹਾਂ ਨੇ ਦੁਸ਼ਮਣ ਕੈਂਪ ਦੇ ਸਾਹਮਣੇ ਗੱਡੀ ਇਕ ਭਾਰੀ ਤੋਪ ਨੂੰ ਛਕੜੇ ਤੇ ਲਦ ਕੇ ਰੱਸਿਆਂ ਨਾਲ ਜਕੜ ਦਿਤਾ, ਤੇ ਪਾਸ ਹੀ ਖੜੋਤੀਆਂ ਬਲਦਾਂ ਦੀਆਂ ਅਗੜ-ਪਿਛੜ ਕਈ ਜੋੜੀਆਂ ਜੋਤ ਕੇ ਤੋਪ ਨੂੰ ਹਿਕਦੇ ਹੋਏ ਲੈ ਤੁਰੇ। ਥੋੜ੍ਹੀ ਦੂਰ ਜਾ ਕੇ ਰੱਸੇ ਟੁਟ ਗਏ, ਤੇ ਤੋਪ ਛਕੜਿਓਂ ਉਛਲ ਕੇ ਖਾਈ ਵਿਚ ਜਾ ਪਈ। ਇਸ ਨਾਲ ਇੰਨੀ ਤੂਫ਼ਾਨੀ ਆਵਾਜ਼ ਆਈ, ਕਿ ਸ਼ਾਹੀ ਫੌਜ ਦੇ ਕਮਾਂਡਰ ਘਬਰਾ ਉਠੇ, ਪਰ ਕਾਲੀ ਬੋਲੀ ਰਾਤ ਵਿਚ ਤੰਬੂ 'ਚੋਂ ਬਾਹਿਰ ਕੌਣ ਨਿਕਲੇ? ਪਹਿਰੇ ਵਾਲੇ ਸੰਤਰੀ ਜਾਗ ਉਠੇ। ਉਨ੍ਹਾਂ ਵੇਖਿਆ, ਕਿ ਸਾਹਮਣੇ ਗੱਡੀ ਇੰਨੀ ਵਜ਼ਨੀ ਤੋਪ ਇਕ ਦਮ ਗ਼ਾਇਬ ਹੈ। ਉਨ੍ਹਾਂ ਸੋਚ ਲਿਆ, ਕਿ ਹੋਵੇ ਨਾ ਹੋਵੇ, ਇਹ ਬੰਦੇ ਜਾਦੂਗਰ ਦਾ ਹੀ ਕਾਰਨਾਮਾ ਹੈ।

ਇੰਨੀ ਗਰਜਵੀਂ ਅਵਾਜ਼ ਸੁਣ ਜ਼ੈਨ-ਓ-ਦੀਨ ਅਹਿਮਦ ਖ਼ਾਨ ਜਾਗ ਪਿਆ। ਉਹ ਬਿਨਾਂ ਲੈਂਪ ਲਿਆਂ ਨੰਗੇ ਪੈਰੀਂ ਲਕ-ਲਕ ਪਾਣੀ ਤੇ ਚਿਕੜ ਵਿਚੋਂ ਦੀ ਹੋ ਕੇ ਚੁਪਚਾਪ ਤੁਰਦਾ ਮੋਕਹਿ ਤੇ ਆਣ ਪਹੁੰਚਿਆ। ਉਸਨੂੰ ਡਰ ਸੀ, ਕਿ ਜੇ ਉਸਨੇ ਚਾਨਣ ਦਾ ਆਸਰਾ ਲਿਆ, ਤਾਂ ਦੁਸ਼ਮਣ ਦੀ ਗੋਲੀ ਉਸਦੀ ਹਿੱਕ ਛੇਦ ਦੇਵੇਗੀ।

ਕਾਫ਼ੀ ਦੇਰ ਦੀ ਖਜਲ ਖਵਾਰੀ ਮਗਰੋਂ, ਉਸਨੂੰ ਪਤਾ ਲੱਗਾ, ਕਿ ਉਨ੍ਹਾਂ ਦੀ ਬਹੁਤ ਵੱਡੀ ਤੋਪ ਗ਼ਾਇਬ ਹੋ ਗਈ ਹੈ। ਉਹ ਬਹਾਦਰ ਕਮਾਂਡਰ ਇਕੱਲਾ ਹਨੇਰੇ ਵਿਚ ਕਾਫ਼ੀ ਦੇਰ ਪ੍ਰੇਸ਼ਾਨੀ ਦੀ ਹਾਲਤ ਵਿਚ ਧੱਕੇ ਖਾਂਦਾ ਰਿਹਾ। ਅੰਤ ਉਹ ਉਥੇ ਜਾ ਪੁਜਾ, ਜਿਥੇ ਤੋਪ ਖਾਈ 'ਚ ਡਿਗੀ ਪਈ ਸੀ। ਤੇ ਪਾਸ ਬੈਲਾਂ ਦੀਆਂ ਕਈ ਜੋੜੀਆਂ ਛਕੜੇ ਕਿਨਾਰੇ ਖੜੋਤੀਆਂ ਸਨ। ਉਹ ਸਮਝ ਗਿਆ, ਕਿ ਇਹ ਬਹਾਦਰ ਤੇ ਨਿਡਰ ਸਿੱਖਾਂ ਦੀ ਹੀ ਕਾਰਸਤਾਨੀ ਹੈ। ਉਸਨੇ ਉਸੇ ਵਕਤ ਸੌ ਕੁ ਫੌਜੀਆਂ ਨੂੰ ਜਗਾਇਆ ਤੇ ਉਨ੍ਹਾਂ ਨੂੰ ਪੰਜਾਹ ਰੁਪਏ ਫ਼ੀ ਜਵਾਨ ਇਨਾਮ ਦਾ ਲਾਲਚ ਦੇ ਕੇ ਵੰਗਾਰਿਆ, ਕਿ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਇਹ ਤੋਪ ਆਪਣੇ ਅਸਲ ਠਿਕਾਣੇ ਲੈ ਆਉ, ਵਰਨਾ ਸਿੱਖ ਇਸਨੂੰ ਧੂਹ ਕੇ ਲੈ ਜਾਣਗੇ। ਸੋ ਉਨ੍ਹਾਂ ਬਹਾਦਰ ਫੌਜੀਆਂ ਨੇ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਉਹ ਤੋਪ ਵਾਪਸ ਖਿਚ ਲਿਆਂਦੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗਵਰਨਰ ਦੀ ਆਮਦ

ਅਬਦੁਲ ਸਮਦ ਅਕਤੂਬਰ 1713 ਈ: ਨੂੰ ਸਢੋਰੇ ਪਹੁੰਚਿਆ । ਉਸ ਵੇਲੇ ਬੰਦਾ ਬਹਾਦਰ ਲੋਹਗੜ੍ਹ ਦੇ ਕਿਲ੍ਹੇ ਵਿਚ ਸੀ । ਦੂਜੇ ਪਾਸੇ ਸਿੱਖ ਸਢੋਰੇ ਦੇ ਕਿਲ੍ਹੇ ਦੇ ਅੰਦਰ ਦੁਸ਼ਮਣ ਨਾਲ ਲੋਹਾ ਲੈਣ ਲਈ ਤਿਆਰ ਸਨ । ਮੁਗਲ ਕਮਾਂਡਰਾਂ ਦਾ ਵਿਚਾਰ ਸੀ, ਕਿ ਪਹਿਲਾਂ ਸਿੱਖਾਂ ਨੂੰ ਸਢੋਰੇ 'ਚੋਂ ਕਢਿਆ ਜਾਵੇ, ਇਸ ਮਗਰੋਂ ਲੋਹਗੜ੍ਹ ਦਾ ਮੁਹਾਸਰਾ ਕੀਤਾ ਜਾਵੇ । ਸੋ ਸਢੋਰੇ ਨੂੰ ਚੌਪਾਸਿਉਂ ਘੇਰ ਲਿਆ ਗਿਆ । ਬੰਦੇ ਬਹਾਦਰ ਨੇ ਲੋਹਗੜ੍ਹ ਦੇ ਕਿਲ੍ਹੇ 'ਚੋਂ ਆਪਣੇ ਚਾਰ ਤਕੜੇ ਫੌਜੀ ਦਸਤੇ ਸਢੋਰੇ ਘਲੇ, ਜਿਨ੍ਹਾਂ ਨੇ ਦੁਸ਼ਮਣ ਤੇ ਅਚਾਨਕ ਜਾ ਹਮਲਾ ਕੀਤਾ, ਪਰ ਦੁਸ਼ਮਣ ਦੀ ਫੌਜੀ ਸ਼ਕਤੀ ਬਹੁਤ ਤਕੜੀ ਹੋਣ ਕਰਕੇ ਸਿੱਖ ਇਸ ਲੜਾਈ ਵਿਚ ਸਫਲ ਨਾ ਹੋ ਸਕੇ, ਤੇ ਪਹਿਲੀਆਂ ਇਕ ਦੋ ਝੜਪਾਂ ਮਗਰੋਂ ਨਾਕਾਮ ਵਾਪਸ ਪਰਤ ਗਏ ।

ਉਧਰ ਸਢੋਰੇ ਦੇ ਕਿਲ੍ਹੇ ਅੰਦਰ ਬੰਦ ਸਿੱਖ ਫੌਜੀਆਂ ਨੇ ਹਾਲੀਂ ਅੰਨ ਪਾਣੀ ਤੇ ਸਿੱਕੇ ਬਾਰੂਦ ਦੀ ਭਾਰੀ ਮਾਤਰਾ ਨਹੀਂ ਸੀ ਇਕੱਤਰ ਕੀਤੀ ਹੋਈ । ਉਨ੍ਹਾਂ ਸੋਚਿਆ ਸੀ, ਕਿ ਹੁਣ ਉਹ ਇੰਨੇ ਸ਼ਕਤੀ ਸ਼ਾਲੀ ਹੋ ਗਏ ਹਨ, ਕਿ ਕੋਈ ਤਾਕਤ ਵੀ ਉਨ੍ਹਾਂ ਦੇ ਰਾਹ ਵਿਚ ਰੁਕਾਵਟ ਨਹੀਂ ਬਣ ਸਕਦੀ । ਸੋ ਇਕੱਠਾ ਕੀਤਾ ਰਾਸ਼ਨ ਕੁਝ ਦਿਨਾਂ ਦੇ ਮੁਹਾਸਰੇ ਨਾਲ ਹੀ ਖ਼ਤਮ ਹੋ ਗਿਆ । ਜਦ ਉਨ੍ਹਾਂ ਵੇਖਿਆ, ਕਿ ਹੁਣ ਕਿਸੇ ਤਰ੍ਹਾਂ ਵੀ ਉਨ੍ਹਾਂ ਨੂੰ ਬਾਹਿਰੋਂ ਸਪਲਾਈ ਨਹੀਂ ਪਹੁੰਚ ਸਕਦੀ ਤਾਂ ਉਹ ਦੁਸ਼ਮਣ ਦੀ ਇਕ ਕਮਜ਼ੋਰ ਬਾਹੀ ਵਲੋਂ ਆਪਣਾ ਰਾਹ ਬਣਾ ਕੇ ਮਰਦੇ ਮਾਰਦੇ ਲੋਹਗੜ੍ਹ ਵਲ ਨਿਕਲ ਤੁਰੇ ।

ਲੋਹਗੜ੍ਹ ਦਾ ਕਿਲ੍ਹਾ ਖ਼ਾਲੀ

ਅਬਦੁਲ ਸਮਦ ਤੇ ਜ਼ੈਨ-ਓ-ਦੀਨ ਨੇ ਆਪਣੀ ਤਕੜੀ ਫੌਜ ਲੈ ਕੇ ਲੋਹਗੜ੍ਹ ਵਲ ਜਾ ਰਹੇ ਸਿੱਖਾਂ ਦਾ ਪਿੱਛਾ ਕੀਤਾ । ਉਧਰ ਸਿੱਖਾਂ ਨੇ ਲੋਹਗੜ੍ਹ ਦਾ ਕਿਲ੍ਹਾ ਵੀ ਖ਼ਾਲੀ ਕਰ ਦਿਤਾ, ਤੇ ਬਿਨਾਂ ਬਹੁਤਾ ਨੁਕਸਾਨ ਕਰਾਏ, ਉਹ ਲੋਹਗੜ੍ਹ ਦੇ ਪਿਛੇ ਪਾਸੇ ਦੀਆਂ ਪਹਾੜੀਆਂ ਵਿਚ ਅਲੋਪ ਹੋ ਗਏ । ਮੁਗ਼ਲ ਫੌਜੀਆਂ ਨੇ ਪਹਾੜਾਂ ਵਿਚ ਸਿੱਖਾਂ ਦਾ ਪਿੱਛਾ ਕਰਨਾ ਮੁਨਾਸਬ ਨਾ ਸਮਝਿਆ, ਪਰ ਪਿਛੋਂ ਉਨ੍ਹਾਂ ਨੂੰ ਪਤਾ ਲੱਗਾ, ਕਿ ਜੇ ਉਹ ਆਪਣੀ ਜ਼ਬਰਦਸਤ ਫੌਜ ਨਾਲ ਬੰਦੇ ਦਾ ਪਿੱਛਾ ਕਰਦੇ, ਤਾਂ ਅਵੱਸ਼ ਹੀ ਬੰਦਾ ਫੜ ਲਿਆ ਜਾਂਦਾ । ਆਪਣੀ ਇਸ ਮੂਰਖਤਾ ਕਾਰਣ ਉਨ੍ਹਾਂ ਨੂੰ ਬੜੀ ਨਿਰਾਸਤਾ ਹੋਈ । ਜਦ ਬਾਜ਼ ਦੇ ਹਥੋਂ ਨਿਕਲ ਜਾਣ ਵਾਲੇ ਵਾਕਿਆ ਦੀ ਖ਼ਬਰ ਫ਼ਰਖ਼ਸੀਅਰ ਨੂੰ ਦਿੱਲੀ 8 ਜੁਲਾਈ ਸੰਨ 1713 ਈ: ਨੂੰ ਪੁਜੀ, ਤਾਂ ਉਹ ਬੜਾ ਦੁਖੀ ਹੋਇਆ ।

ਬੰਦਾ ਰੋਪੜ ਵਿਚ

13 ਦਸੰਬਰ ਨੂੰ ਅਬਦੁਲ ਸਮਦ---ਗਵਰਨਰ ਲਾਹੌਰ ਦਾ ਪੁੱਤਰ ਜ਼ਕਰੀਆ ਖ਼ਾਨ, ਫ਼ਰਖ਼ਸੀਅਰ ਦੇ ਦਰਬਾਰ ਵਿਚ ਜਾ ਹਾਜ਼ਰ ਹੋਇਆ । ਉਸ ਦੱਸਿਆ, ਕਿ ਸਿੱਖਾਂ ਨੂੰ ਲੋਹਗੜ੍ਹ ਤੋਂ ਨਠਾ ਦਿਤਾ ਗਿਆ ਹੈ, ਤੇ ਸਬੂਤ ਵਜੋਂ ਸਿੱਖਾਂ ਦੇ ਬਹੁਤ ਸਾਰੇ ਕੱਟੇ ਸਿਰ ਉਸਨੇ ਬਾਦਸ਼ਾਹ ਦੀ ਭੇਟ ਕੀਤੇ । ਇਸ ਪਿਛੋਂ ਅਬਦੁਲ ਸਮਦ ਆਪ ਵੀ ਦਿੱਲੀ ਜਾ ਪਹੁੰਚਿਆ । ਉਸਨੇ ਆਪਣੀ ਬਹਾਦਰੀ ਦੀਆਂ ਬੜੀਆਂ ਡੀਂਗਾਂ ਮਾਰੀਆਂ, ਤੇ ਬਹੁਤ ਸਾਰੇ ਇਨਾਮ ਪ੍ਰਾਪਤ ਕੀਤੇ, ਪਰ ਥੋੜ੍ਹੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹੀਨਿਆਂ ਮਗਰੋਂ 26 ਅਗਸਤ 1714 ਈ: ਨੂੰ ਦਿੱਲੀ ਖ਼ਬਰ ਪੁਜੀ,ਕਿ ਬੰਦਾ ਬਹਾਦਰ ਨੇ ਫਿਰ ਪਹਾੜੀਆਂ ਤੋਂ ਨਿਕਲ ਕੇ ਆਪਣੇ ਸਤ ਹਜ਼ਾਰ ਸਾਥੀਆਂ ਸਣੇ ਰੋਪੜ ਤੇ ਹਮਲਾ ਕਰ ਦਿਤਾ ਹੈ। ਖ਼ਵਾਜਾ ਮੁਕੱਰਮ ਨੇ ਸਿੱਖਾਂ ਦੇ ਰੋਪੜ ਦੇ ਹੱਲੇ ਨੂੰ ਬੜੀ ਬਹਾਦਰੀ ਨਾਲ ਰੋਕਿਆ, ਪਰ ਉਸਦੇ ਬਹੁਤ ਸਾਰੇ ਫੌਜੀ ਮਾਰੇ ਗਏ। ਇਸ ਲੜਾਈ ਵਿਚ 200 ਸਿੱਖ ਸ਼ਹੀਦ ਹੋਏ, ਤੇ ਬਾਕੀ ਦੇ ਹਰਨ ਹੋ ਗਏ।

ਇਸ ਝੜਪ ਮਗਰੋਂ ਪੰਜਾਬ ਦਾ ਚੱਪਾ-ਚੱਪਾ ਸਿੱਖਾਂ ਦਾ ਵੈਰੀ ਹੋ ਗਿਆ। ਮੁਸਲਮ ਵਸੋਂ, ਲੁਟੇਰਿਆਂ ਤੇ ਮੁਗ਼ਲ ਫੌਜੀਆਂ ਨੇ ਮਿਲ ਕੇ ਸਿੱਖਾਂ ਦਾ ਸਦਾ ਲਈ ਫਸਤਾ ਵੱਢਣ ਦਾ ਫ਼ੈਸਲਾ ਕੀਤਾ। ਸਿੱਖ ਦੁਖੀ ਹੋ ਗਏ। ਅੰਤ ਮਜਬੂਰ ਹੋ ਉਨ੍ਹਾਂ ਸਰਦਾਰ ਜਗਤ ਸਿੰਘ ਦੀ ਜੱਥੇਦਾਰੀ ਹੇਠਾਂ ਕਾਹਨੂਵਾਨ ਪਰਗਨਾ ਵਿਚ ਪਿੰਡ ਕਿੜੀ ਦੇ ਬੜੇ ਖ਼ੂੰ-ਖ਼ਾਰ ਪਠਾਣ ਉਮਰ ਗ਼ਾਜ਼ੀ ਤੇ ਹਮਲਾ ਕਰ ਦਿਤਾ। ਦੁਸ਼ਮਣ ਦੀ ਤਕੜੀ ਕਤਲੇ-ਆਮ ਮਗਰੋਂ ਲਗਪਗ ਸਠ ਹਜ਼ਾਰ ਰੁਪਏ ਦਾ ਖ਼ਜ਼ਾਨਾ ਸਿੱਖਾਂ ਦੇ ਹੱਥ ਆਇਆ। ਆਪਣਾ ਆਪ ਬਚਾਂਦੇ ਤੇ ਖ਼ਜ਼ਾਨਾ ਸਮੇਟ ਕੇ ਸਿੱਖ ਉਥੋਂ ਸਾਫ਼ ਬਚ ਕੇ ਨਿਕਲ ਗਏ। ਇਕ ਵਾਕਿਆ 27 ਮਾਰਚ ਸੰਨ 1714 ਈ: ਦਾ ਹੈ।

ਸਰਹੰਦ ਮੁੜ ਪੈਰਾਂ ਤੇ

ਜ਼ੈਨ-ਓ-ਦੀਨ ਅਹਿਮਦ ਦੀ ਥਾਂ, ਇਸ ਸਮੇਂ ਸਰਹੰਦ ਦਾ ਫ਼ੌਜਦਾਰ ਖ਼ਿਦਮਤ ਤਾਲਬ ਖ਼ਾਂ ਮੁਕੱਰਰ ਕੀਤਾ ਗਿਆ। ਇਹ ਉਹ ਸਮਾਂ ਸੀ, ਜਦੋਂ ਬੰਦੇ ਦੀ ਫੌਜ ਕਾਫ਼ੀ ਥਾਵਾਂ ਤੋਂ ਪਿਛੇ ਹਟ ਚੁਕੀ ਸੀ। ਉਸ ਸਮੇਂ ਸਿੱਖਾਂ ਪਾਸ ਹਥਿਆਰ ਤੇ ਖ਼ੁਰਾਕ ਆਦਿ ਦੀ ਭਾਰੀ ਕਮੀ ਹੋ ਗਈ ਸੀ। ਇਸ ਲਈ ਸਿੱਖਾਂ ਦਾ ਮੈਦਾਨ ਵਿਚ ਰਹਿ ਕੇ ਲੜਨਾ ਕਠਨ ਹੋ ਗਿਆ ਸੀ। ਸੋ ਉਹ ਮੁੜ ਪਹਾੜੀਆਂ ਪਿਛੇ ਅਲੋਪ ਹੋ ਗਏ। ਕੁਝ ਮਹੀਨਿਆਂ ਵਿਚ ਹੀ ਸਿੱਖ ਫਿਰ ਤਿਆਰ ਹੋ ਕੇ ਜੰਮੂ ਵਾਲੇ ਪਾਸਿਉਂ ਮੈਦਾਨ ਵਿਚ ਨਿਤਰ ਆਏ। ਉਨ੍ਹਾਂ ਨੇ ਕਲਾਨੌਰ ਤੇ ਬਟਾਲਾ ਨੂੰ ਬੁਰੀ ਤਰ੍ਹਾਂ ਲੁਟਿਆ, ਤੇ ਫੌਜਦਾਰ ਸੋਹਰਾਬ ਖ਼ਾਨ, ਸ਼ੇਖ਼ ਮੁਹੰਮਦ ਜੰਗ ਤੇ ਕਾਨੂੰਗੋ ਸੰਤੋਖ ਰਾਏ ਵਲੋਂ ਉਪ੍ਰੋਕਤ ਨਗਰਾਂ ਨੂੰ ਬਚਾਣ ਦੇ ਸਾਰੇ ਯਤਨਾਂ ਨੂੰ ਮਿੱਟੀ ਵਿਚ ਮਿਲਾ ਦਿਤਾ।

ਉਸ ਸਮੇਂ ਲਾਹੌਰ ਦਾ ਸੂਬਾ ਅਬੂ-ਸਮਦ, ਜ਼ਿਮੀਂਦਾਰਾਂ ਦੀ ਬਗ਼ਾਵਤ ਵਿਚ ਰੁਝਿਆ ਹੋਇਆ ਸੀ, ਉਸਦੀ ਗ਼ੈਰ-ਹਾਜ਼ਰੀ ਵਿਚ ਗੁਜਰਾਤ ਦੇ ਫੌਜਦਾਰ ਮੀਰ ਅਹਿਮਦ ਖ਼ਾਨ, ਐਮਨਾਬਾਦ ਦੇ ਇਰਾਦਤਮੰਦ ਖ਼ਾਂ, ਔਰੰਗਾਬਾਦ ਤੇ ਪਸਰੂਰ ਦੇ ਨੂਰ ਅਮਦ ਖ਼ਾਂ ਤੇ ਪੱਟੀ ਆਦਿ ਦੇ ਫੌਜਦਾਰਾਂ ਨੇ ਆਪਣੀ ਫੌਜ ਇਕੱਠੀ ਕੀਤੀ। ਇਸ ਸਾਂਝੇ ਹਮਲੇ ਤੋਂ ਪਹਿਲਾਂ ਹੀ ਸਿੱਖ—ਆਰਫ਼ ਬੇਗ ਖ਼ਾਂ, ਲਾਹੌਰ ਦਾ ਨਾਜ਼ਮ ਜੋ ਕੋਟ ਮਿਰਜ਼ਾ ਵਿਚ ਆਪਣੀ ਕਿਲ੍ਹੇ-ਬੰਦੀ ਵਿਚ ਮਸਰੂਫ਼ ਸੀ, ਤੇ ਜਾ ਪਏ। ਦੁਸ਼ਮਣ ਤੇ ਆਪਣਾ ਕਾਫ਼ੀ ਨੁਕਸਾਨ ਕਰਾ ਕੇ ਸਿੱਖ ਪਿਛੇ ਹਟ ਕੇ ਗੁਰਦਾਸਪੁਰ ਵਲ ਨਿਕਲ ਤੁਰੇ।

ਇਨ੍ਹੀਂ ਦਿਨੀਂ ਬੰਦੇ ਦੇ ਪਹਾੜਾਂ ਤੋਂ ਮੈਦਾਨ ਵਿਚ ਪਰਤ ਆਣ ਤੇ ਕਈ ਤਕੜੇ ਨਗਰਾਂ ਦੀ ਲੁਟ-ਮਾਰ ਦੀ ਖ਼ਬਰ ਜਦੋਂ ਦਿੱਲੀ ਪੁਜੀ, ਤਾਂ 20 ਮਾਰਚ 1715 ਈ: ਨੂੰ ਪੰਜਾਬ ਦੇ ਸਭ ਫੌਜਦਾਰਾਂ ਨੂੰ—ਸਿੱਖਾਂ ਦੀ ਬਗ਼ਾਵਤ ਨੂੰ ਕੁਚਲ ਦੇਣ ਲਈ ਸ਼ਾਹੀ ਹੁਕਮ ਘਲੇ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ-ਗੁਰਦਾਸ ਨੰਗਲ ਦੇ ਕਿਲ੍ਹੇ ਵਿਚ

17 ਅਪ੍ਰੈਲ 1715 ਈ: ਨੂੰ ਦਿੱਲੀ ਰਪੋਟ ਪੁਜੀ, ਕਿ ਬੰਦਾ ਬਟਾਲਾ ਨਗਰ ਦੀ ਲੁਟ-ਮਾਰ ਮਗਰੋਂ, ਗੁਰਦਾਸ ਨੰਗਲ ਦੀ ਗੜ੍ਹੀ ਵਿਚ ਆਕੀ ਹੋ ਕੇ ਬੈਠ ਗਿਆ ਹੈ। ਉਧਰ ਸਿੱਖਾਂ ਨੇ ਇਸ ਕੱਚੀ ਗੜ੍ਹੀ ਨੂੰ ਪੱਕਿਆਂ ਕਰਨਾ ਸ਼ੁਰੂ ਕਰ ਦਿਤਾ, ਤੇ ਨਾਲ ਹੀ ਖਾਣ ਪੀਣ ਦਾ ਸਾਮਾਨ ਤੇ ਸਿੱਕਾ ਬਾਰੂਦ ਇਕੱਠਾ ਕਰਨਾ ਅਰੰਭਿਆ। ਉਨ੍ਹਾਂ ਨੇ ਪਹਾੜੀ ਦੇ ਹੇਠਾਂ ਵਗਦੀ ਪੁਰਾਤਨ ਸ਼ਾਹ ਨਹਿਰ, ਤੇ ਹੋਰ ਕਈ ਨਦੀਆਂ ਨੂੰ ਕਟ ਕੇ ਗੜ੍ਹੀ ਦੇ ਚੁਪਾਸੀਂ ਖਾਈ ਵਿਚ ਪਾਣੀ ਭਰ ਦਿਤਾ, ਤਾਂ ਜੋ ਮੁਗ਼ਲਈ ਫੌਜ ਉਨ੍ਹਾਂ ਦੇ ਕਿਲ੍ਹੇ ਤੀਕ ਨਾ ਪਹੁੰਚ ਸਕੇ।

ਇਤਫ਼ਾਕ ਦੀ ਗੱਲ, ਜਦੋਂ ਦਿੱਲੀ ਤੋਂ ਮਿਲੇ ਹੁਕਮਨਾਮੇ ਮਗਰੋਂ ਉਪ੍ਰੋਕਤ ਫੌਜਦਾਰਾਂ ਨੇ ਇਸ ਗੜ੍ਹੀ ਨੂੰ ਚੁਪਾਸਿਓਂ ਘੇਰਿਆ, ਉਦੋਂ ਸਿੱਖਾਂ ਦਾ ਇਕ ਦਸਤਾ ਪਿੰਡਾਂ 'ਚੋਂ ਖ਼ੁਰਾਕ ਆਦਿ ਇਕੱਠੀ ਕਰਨ ਗਿਆ ਹੋਇਆ ਸੀ। ਕਿਲ੍ਹੇ ਅੰਦਰ ਬੰਦ ਸਿੱਖਾਂ ਨੇ ਮੁਗ਼ਲ ਫੌਜ ਨਾਲ ਡਟਵਾਂ ਟਾਕਰਾ ਕੀਤਾ। ਰੋਜ਼ਾਨਾ, ਦੋ ਵਾਰ ਰਾਤ ਨੂੰ ਜਾਂ ਦਿਨੇ, ਦਾਅ ਤਾੜ ਕੇ ਚਾਲ੍ਹੀ-ਚਾਲ੍ਹੀ ਪੰਜਾਹ-ਪੰਜਾਹ ਸਿੱਖਾਂ ਦਾ ਹਥਿਆਰ-ਬੰਦ ਦਸਤਾ ਕਿਲ੍ਹੇ 'ਚੋਂ ਨਿਕਲਦਾ ਤੇ ਘੋੜਿਆਂ ਲਈ ਘਾਹ ਤੇ ਰਾਸ਼ਨ ਪਾਣੀ ਇਕੱਠੇ ਕਰਦਾ, ਮੁਗ਼ਲ ਫੌਜੀਆਂ ਨੂੰ ਤੀਰਾਂ, ਬੰਦੂਕਾਂ ਤੇ ਤਲਵਾਰਾਂ ਨਾਲ ਕਟਦੇ ਵਢਦੇ ਸਿੱਖ ਕਿਲ੍ਹੇ-ਬੰਦ ਹੋ ਜਾਂਦੇ। ਬਾਹਿਰ ਦੇ ਮੁਗ਼ਲ ਫੌਜੀ, ਬੰਦੇ ਦੀਆਂ ਨਿੱਤ ਦੀਆਂ ਇਨ੍ਹਾਂ ਤੂਫ਼ਾਨੀ ਝੜਪਾਂ ਤੋਂ ਇੰਨੇ ਤੰਗ ਆ ਗਏ ਸਨ, ਕਿ ਉਹ ਦੁਆ ਮੰਗਦੇ, ਕਿ "ਹੇ ਖ਼ੁਦਾਇਆ! ਬੰਦਾ ਪਹਿਲਾਂ ਵਾਂਗ ਫਿਰ ਇਹ ਕਿਲ੍ਹਾ ਛੱਡ ਕੇ ਕਿਧਰੇ ਅਲੋਪ ਹੋ ਜਾਵੇ, ਤਾਂ ਜੋ ਸਾਡੀ ਜਾਨ ਛੁਟੇ।"

ਉਪ੍ਰੋਕਤ ਸਾਰੇ ਹਾਲਾਤ ਦੀ ਰਪੋਟ 30 ਅਪ੍ਰੈਲ 1715 ਈ: ਨੂੰ ਦਿੱਲੀ ਸ਼ਾਹੀ ਦਰਬਾਰ ਨੂੰ ਘਲੀ ਗਈ, ਜਿਸ ਤੇ ਤੀਹ ਹਜ਼ਾਰ ਦੀ ਇਕ ਹੋਰ ਤਕੜੀ ਫੌਜੀ ਟੁਕੜੀ ਅਬਦੁਲ ਸਮਦ ਦੀ ਕਮਾਨ ਹੇਠਾਂ ਇਧਰ ਘਲੀ ਗਈ। ਹੁਣ ਸਾਰੇ ਫੌਜਦਾਰਾਂ ਨੇ ਕਿਲ੍ਹੇ ਨੂੰ ਹੋਰ ਨੇੜਿਓਂ ਘੇਰ ਲਿਆ। ਉਨ੍ਹਾਂ ਨੇ ਆਪਣੇ ਤੰਬੂ ਕਿਲ੍ਹੇ ਦੀ ਬਾਹਿਰ ਦੀ ਚਾਰ-ਦੀਵਾਰੀ ਦੇ ਨੇੜੇ ਕਰਕੇ ਗੱਡ ਦਿਤੇ, ਤਾਂਜੋ ਕੋਈ ਸਿੱਖ ਕਿਲ੍ਹਿਓਂ ਬਾਹਰ ਨਾ ਨਿਕਲ ਸਕੇ, ਤੇ ਨਾ ਹੀ ਅੰਦਰ ਸਪਲਾਈ ਘਲੀ ਜਾ ਸਕੇ। ਜਦੋਂ ਕਿਲ੍ਹੇ 'ਚ ਬੰਦ ਸਿੱਖ ਫੌਜੀਆਂ ਉਤੇ ਤੀਰਾਂ ਤੇ ਬੰਦੂਕਾਂ ਦੀ ਬੁਛਾੜ ਨਾਲ ਮੁਗ਼ਲ ਫੌਜਦਾਰਾਂ ਦੇ ਤੰਬੂਆਂ ਵਿਚ ਰਹਿ ਰਹੇ ਫੌਜੀ ਤੇ ਘੋੜੇ ਸ਼ਿਕਾਰ ਹੋਣ ਲੱਗੇ, ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਗਲ ਫੌਜਦਾਰਾਂ ਨੇ ਆਪਣੇ ਤੰਬੂਆਂ ਦੇ ਬਚਾਅ ਲਈ ਕਿਲ੍ਹੇ ਦੇ ਬਾਹਰਵਾਰ ਇਕ ਹੋਰ ਦੀਵਾਰ ਉਸਾਰ ਲਈ, ਤਾਂਜੋ ਸਿੱਖਾਂ ਦੇ ਤੀਰਾਂ ਤੇ ਗੋਲੀਆਂ ਤੋਂ ਬਚਿਆ ਜਾ ਸਕੇ। ਬੰਦੇ ਦੀ ਬਚੀ ਖੁਚੀ ਫੌਜ ਹੁਣ ਇਕ ਨਹੀਂ, ਦੋ ਕਿਲ੍ਹਿਆਂ ਵਿਚ ਘਿਰੀ ਹੋਈ ਸੀ। ਸਿੱਖਾਂ ਲਈ ਹੁਣ ਉਥੋਂ ਬਚ ਕੇ ਨਿਕਲਣਾ ਅਸੰਭਵ ਹੋ ਗਿਆ ਸੀ।

ਉਧਰ ਮੁਗਲ ਫੌਜ ਨੇ ਕਿਲ੍ਹੇ ਦੀ ਨਾਕਾਬੰਦੀ ਹੋਰ ਮਜ਼ਬੂਤ ਕਰ ਲਈ। ਕਿਲ੍ਹੇ ਦੇ ਨੇੜਿਉਂ ਦਰਖ਼ਤ ਕਟਵਾਏ ਗਏ ਤੇ ਕਿਲ੍ਹੇ ਦੇ ਬਾਹਰਵਾਰ ਬਹੁਤ ਵੱਡੀ ਖਾਈ ਖੋਦ ਦਿਤੀ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਬਹਾਦਰ ਕਿਲ੍ਹੇ ਵਿਚ ਬੰਦ

ਸਿੱਖ—ਕੋਟ ਮਿਰਜ਼ਾ ਤੋਂ ਪਿਛੇ ਹਟ ਕੇ ਗੁਰਦਾਸਪੁਰੋਂ ਚਾਰ ਕੁ ਮੀਲ ਦੇ ਫ਼ਾਸਲੇ ਤੇ ਭਾਈ ਦੁਨੀ ਚੰਦ ਦੀ ਕਿਲ੍ਹਾਨੁਮਾ ਹਵੇਲੀ ਵਿਚ ਜਾ ਪਹੁੰਚੇ। ਪਿਛੇ ਪਿਛੇ ਸ਼ਾਹੀ ਫੌਜ ਆ ਰਹੀ ਸੀ। ਫੌਜ ਨੇ ਆਉਂਦਿਆਂ ਹੀ ਚੁਪਾਸਿਉਂ ਹਵੇਲੀ ਘੇਰ ਲਈ। ਬਾਹਰੋਂ ਕਿਸੇ ਕਿਸਮ ਦੀ ਮਦਦ ਆਉਣੀ ਬੰਦ ਹੋ ਗਈ। ਜੇ ਕੋਈ ਸਿੱਖ ਕਿਲ੍ਹੇ ਦੇ ਬਾਹਰ ਰਾਸ਼ਨ ਜਾਂ ਘਾਹ ਪੱਠਾ ਲਿਆਉਂਦਾ ਮਿਲਦਾ, ਤਾਂ ਸਭ ਕੁਝ ਖੋਹ ਕੇ ਉਸਨੂੰ ਉਥੇ ਹੀ ਕਤਲ ਕਰ ਦਿਤਾ ਜਾਂਦਾ। ਇਸ ਤਰ੍ਹਾਂ ਇਹ ਘੇਰਾ ਕਈ ਮਹੀਨੇ ਜਾਰੀ ਰਿਹਾ।

ਸਿੱਖ, ਖਾਣ ਪੀਣ ਦੀਆਂ ਚੀਜ਼ਾਂ ਲੈਣ ਲਈ ਰਾਤ ਨੂੰ ਨਿਕਲਦੇ ਤੇ ਮਾਰ ਧਾੜ ਕਰਕੇ ਕਿਲ੍ਹੇ ਵਿਚ ਵਾਪਸ ਆ ਜਾਂਦੇ। ਇਕ ਵਾਰ ਜਦ ਅਚਾਨਕ ਬਾਬਾ ਬਿਨੋਦ ਸਿੰਘ ਆਪਣਾ ਦਸਤਾ ਲੈ ਕੇ ਸ਼ਾਹੀ ਫੌਜ ਤੇ ਜਾ ਪਿਆ, ਤਾਂ ਫੌਜ ਨੇ ਬੜੀ ਕੋਸ਼ਿਸ਼ ਕੀਤੀ, ਕਿ ਉਸਨੂੰ ਫੜ ਲਿਆ ਜਾਵੇ, ਪਰ ਲੋੜੀਂਦੀਆਂ ਚੀਜ਼ਾਂ ਲੈ ਕੇ ਉਹ ਦੁਸ਼ਮਣ ਤੋਂ ਬਚਦਾ ਬਚਾਂਦਾ ਫਿਰ ਕਿਲ੍ਹੇ-ਬੰਦ ਹੋ ਗਿਆ। ਕਿਲ੍ਹੇ ਦੇ ਬਾਹਰ ਇਕ-ਇਕ ਇੰਚ ਧਰਤੀ ਪੁਰ ਪਹਿਰਾ ਲਾ ਦਿਤਾ ਗਿਆ, ਤਾਂਜੋ ਪਹਿਲਾਂ ਵਾਂਗ ਇਸ ਵਾਰ ਵੀ ਬੰਦਾ ਬਹਾਦਰ ਬਚ ਕੇ ਨਾ ਨਿਕਲ ਜਾਵੇ। ਬੰਦੇ ਬਾਰੇ ਮਸ਼ਹੂਰ ਸੀ, ਕਿ ਉਹ ਭਾਰੀ ਜਾਦੂਗਰ ਹੈ, ਤੇ ਉਹ ਕੁੱਤੇ ਬਿੱਲੀ ਦੀ ਸ਼ਕਲ ਵਿਚ ਵੀ ਕਿਲ੍ਹੇ 'ਚੋਂ ਨਠ ਸਕਦਾ ਹੈ। ਸੋ ਸਿੱਖਾਂ ਤੋਂ ਬਾਅਦ, ਸ਼ਾਹੀ ਫੌਜ ਨੂੰ ਜੋ ਕੁੱਤਾ ਬਿੱਲੀ ਨਜ਼ਰ ਆਉਂਦਾ, ਉਹਨੂੰ ਵੀ ਗੋਲੀ ਮਾਰ ਦਿਤੀ ਜਾਂਦੀ।

ਇਸੇ ਤਰ੍ਹਾਂ ਕੁਝ ਦਿਨ ਦੁਸ਼ਮਣ ਤੋਂ ਚੋਰੀ ਛਿਪੀ ਮਹਿੰਗੇ ਭਾਅ ਅਨਾਜ ਆਉਂਦਾ ਰਿਹਾ, ਪਰ ਹਾਲਾਤ ਦਿਨ-ਬਦਿਨ ਖ਼ਰਾਬ ਹੁੰਦੇ ਜਾ ਰਹੇ ਸਨ। ਜਦੋਂ ਅਗਲਾ ਰਾਸ਼ਨ ਮੁਕ ਗਿਆ, ਤਾਂ ਅੰਦਰ ਦੇ ਜਾਨਵਰ ਖਾਧੇ ਗਏ। ਫਿਰ ਕੜਾਕਿਆਂ ਤੇ ਜ਼ੋਰ ਹੋਇਆ। ਇਬਰਤ ਨਾਮੇ ਦਾ ਲਿਖਾਰੀ ਮੁਹੰਮਦ ਕਾਸਮ ਇਸ ਜੰਗ ਵਿਚ ਆਪ ਸ਼ਾਮਲ ਸੀ। ਉਹ ਸਿੱਖਾਂ ਦੀ ਬਹਾਦਰੀ ਤੇ ਦਲੇਰੀ ਦੀ ਦਾਸਤਾਨ ਬੜੀ ਦਰਦਨਾਕ ਜ਼ਬਾਨ ਵਿਚ ਲਿਖਦਾ ਹੈ :

''ਜਦੋਂ ਇਸ ਕਿਲ੍ਹੇ ਦੀ ਹਵੇਲੀਨੁਮਾ ਚਾਰ-ਦੀਵਾਰੀ ਨੂੰ ਸੁਰੰਗ ਲਾ ਕੇ ਉਡਾ ਦੇਣ ਦਾ ਯਤਨ ਕੀਤਾ ਗਿਆ, ਤਾਂ ਸਿੱਖਾਂ ਨੇ ਆਪਣੀ ਜਾਨ ਹਥੇਲੀ ਪੁਰ ਰਖ ਕੇ ਨੇੜੇ ਢੁਕਣ ਵਾਲਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਆਹੂ ਲਾਹੇ । ਫਿਰ ਸ਼ਾਹੀ ਫੌਜ ਨੇ ਭਾਰੀ ਗਿਣਤੀ ਵਿਚ ਦਰੱਖ਼ਤ ਕਟ ਕੇ ਕਿਲ੍ਹੇ ਦੇ ਚੁਪਾਸੀਂ ਸੁਟ ਕੇ ਸਿੱਖਾਂ ਦੇ ਰਾਹ ਰੋਕ ਦਿਤੇ, ਤਾਂਜੋ ਉਹ ਵੇਲੇ-ਕੁਵੇਲੇ ਨਿਕਲ ਕੇ ਹੱਲਾ ਨਾ ਕਰ ਸਕਣ, ਤੇ ਇਸਦੇ ਨਾਲ ਹੀ ਉਨ੍ਹਾਂ ਨੇ ਕਿਲ੍ਹੇ ਦੀਆਂ ਦੀਵਾਰਾਂ ਦੇ ਬਾਹਰਵਾਰ ਖਾਈ ਪੁਟ ਦਿਤੀ । ਇਨ੍ਹਾਂ ਹਾਲਾਤ ਦੇ ਬਾਵਜੂਦ ਸਿੱਖਾਂ ਹਥਿਆਰ ਨਾ ਸੁਟੇ । ਪੂਰੇ ਅੱਠ ਮਹੀਨੇ ਘੇਰਾ ਘਤਿਆ ਰਿਹਾ । ਅੰਦਰ ਉਨ੍ਹਾਂ ਦੀ ਹਾਲਤ ਇੰਨੀ ਤਰਸਯੋਗ ਹੋ ਗਈ,ਕਿ ਬਿਆਨ ਨਹੀਂ ਕੀਤੀ ਜਾ ਸਕਦੀ । ਸਿੱਖ ਫੌਜੀ ਭੁਖੇ ਮਰਨ ਲੱਗ ਪਏ । ਕੋਈ ਦਵਾ-ਦਾਰੂ ਦਾ ਪ੍ਰਬੰਧ ਨਹੀਂ ਸੀ । ਮਰੇ ਫੌਜੀਆਂ ਨੂੰ ਸਾੜਨ ਲਈ ਲਕੜਾਂ ਨਹੀਂ, ਮਰ ਗਿਆਂ ਲਈ ਕਫਨ ਨਹੀਂ, ਜੀਉਂਦਿਆਂ ਲਈ ਕਪੜਾ ਨਹੀਂ । ਸਿੱਖਾਂ ਦੇ ਹਥਿਆਰ ਲੜ ਲੜ ਕੇ ਖੁੰਡੇ ਹੋ ਗਏ, ਜਾਂ ਟੁਟ ਫੁਟ ਗਏ । ਸਿੱਕਾ ਬਾਰੂਦ ਬਿਲਕੁਲ ਖ਼ਤਮ ਹੋ ਗਿਆ । ਦਸ ਹਜ਼ਾਰ ਸਿੱਖਾਂ 'ਚੋਂ ਭੁਖ ਦੇ ਦੁਖੋਂ ਅੱਠ ਹਜ਼ਾਰ ਸਿੱਖ ਰੱਬ ਨੂੰ ਪਿਆਰੇ ਹੋ ਗਏ ।''[1]

---

1. ਗੁਰਦਾਸ ਨੰਗਲ ਦਾ ਕਿਲ੍ਹਾ ਇੰਨਾ ਵੱਡਾ ਤੇ ਮਜ਼ਬੂਤ ਸੀ, ਕਿ ਉਸ ਵਿਚ ਪੰਜਾਹ ਤੋਂ ਸੱਠ ਹਜ਼ਾਰ ਤੀਕ ਘੋੜ-ਚੜ੍ਹੇ ਤੇ ਪੈਦਲ ਫੌਜੀ ਸਮਾ ਸਕਦੇ ਸਨ । ਹੁਣ ਘਿਰੇ ਹੋਏ ਭੁਖੇ ਭਾਣੇ ਸਿੱਖਾਂ ਦੀ ਕਿਲ੍ਹੇ 'ਚੋਂ ਬਾਹਿਰ ਨਿਕਲ ਸਕਣ ਦੀ ਬਿਲਕੁਲ ਹੀ ਸੰਭਾਵਨਾ ਨਾ'ਰਹੀ, ਫਿਰ ਵੀ ਉਹ ਇੰਨੀ ਦਲੇਰੀ ਨਾਲ ਦਾਅ ਤਾੜ ਕੇ ਮੁਗ਼ਲ ਫ਼ੌਜ ਤੇ ਆਣ ਝਪਟਾ ਮਾਰਦੇ ਸਨ, ਕਿ ਮੁਗ਼ਲ ਫੌਜੀਆਂ ਨੂੰ ਆਪਣੀ ਹਾਰ ਅੱਖਾਂ ਸਾਹਮਣੇ ਨਜ਼ਰ ਆਉਂਦੀ ।

   ਅਬਦੁਲ ਸਮਦ ਦਲੇਰ ਜੰਗ ਇਨ੍ਹਾਂ ਨਿੱਤ ਦੀਆਂ ਝੜੱਪਾਂ ਤੋਂ ਤੰਗ ਆ ਗਿਆ ਤਾਂ ਉਸਨੇ ਕਿਲ੍ਹੇ ਦੇ ਘੇਰੇ ਨੂੰ ਹੋਰ ਮਜ਼ਬੂਤ ਕਰ ਲਿਆ । ਫਿਰ ਵੀ ਇਹ ਘੇਰਾ ਇਕ ਸਾਲ ਦੇ ਲਗਪਗ ਜਾਰੀ ਰਿਹਾ, ਤੇ ਸਿੱਖ ਅਤੇ ਸ਼ਾਹੀ ਫੌਜੀਆਂ ਦੀਆਂ ਮੌਤਾਂ ਕਈ ਹਜ਼ਾਰ ਤੀਕ ਜਾ ਪੁਜੀਆਂ । —ਇਤਿਹਾਸਕਾਰ ਖ਼ਾਫ਼ੀ ਖ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਬਹਾਦਰ ਦੀ ਗ੍ਰਿਫ਼ਤਾਰੀ ਤੇ ਸ਼ਹਾਦਤ

ਸਿੱਖਾਂ ਦਾ ਕਤਲੇ-ਆਮ

ਗੁਰੂ ਗੋਬਿੰਦ ਸਿੰਘ ਦੇ ਸਿੱਖ ਵੀ ਪਤਾ ਨਹੀਂ, ਕਿਸ ਮਿੱਟੀ ਦੇ ਬਣੇ ਹੋਏ ਸਨ, ਜਿਨ੍ਹਾਂ ਨੇ ਇੰਨੀ ਦਰਦਨਾਕ ਹਾਲਤ ਦੇ ਬਾਵਜੂਦ ਹਥਿਆਰ ਸੁਟਣ ਦਾ ਨਾਂ ਨਾ ਲਿਆ। ਜਦ ਅੰਦਰੋਂ ਇਕ ਵੀ ਤੀਰ ਜਾਂ ਇਕ ਗੋਲੀ ਦਾ ਨਿਸ਼ਾਨਾ ਬਾਹਰ ਆਉਣਾ ਬੰਦ ਹੋ ਗਿਆ, ਤਾਂ 7 ਦਸੰਬਰ ਸੰਨ 1715 ਈ: ਨੂੰ ਸ਼ਾਹੀ ਸੈਨਾ "ਅੱਲਾ ਹੂ ਅਕਬਰ" ਦੇ ਨਾਹਰੇ ਮਾਰਦੀ ਕੱਚੀ ਗੜ੍ਹੀ ਦਾ ਦਰਵਾਜ਼ਾ ਤੋੜ ਕੇ ਅੰਦਰ ਦਾਖ਼ਲ ਹੋ ਗਈ। ਉਸ ਸਮੇਂ ਤੀਕ ਅੱਠ ਹਜ਼ਾਰ ਫੌਜੀ ਭੁਖ ਤੇ ਬੀਮਾਰੀ ਦਾ ਸ਼ਿਕਾਰ ਹੋ ਚੁਕੇ ਸਨ। ਕਈ ਹਜ਼ਾਰ ਰੋਜ਼ਾਨਾ ਵੈਰੀ ਨਾਲ ਝੜਪਾਂ ਵਿਚ ਸ਼ਹੀਦ ਹੋ ਗਏ ਸਨ, ਤੇ ਬਾਕੀ ਸਿੱਖ ਮਰਨ ਕਿਨਾਰੇ ਸਨ।

ਮੁਗ਼ਲ ਫੌਜੀਆਂ ਨੇ ਭੁਖੇ ਭਾਣੇ, ਬੀਮਾਰ ਤੇ ਬੇ-ਹਥਿਆਰ ਸਿੱਖਾਂ ਨੂੰ ਅੰਨ੍ਹੇਵਾਹ ਕਤਲ ਕਰਨਾ ਸ਼ੁਰੂ ਕਰ ਦਿਤਾ। ਬੰਦੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸਦੇ ਅਲੋਪ ਹੋ ਜਾਣ ਦੇ ਡਰ ਤੋਂ ਉਸਨੂੰ ਲੋਹੇ ਦੇ ਪਿੰਜਰੇ ਵਿਚ ਪਾਇਆ ਗਿਆ। ਜ਼ੰਜੀਰਾਂ ਨਾਲ ਜਕੜ ਕੇ ਇਕ ਮੁਗ਼ਲ ਅਫ਼ਸਰ ਨੂੰ ਉਸ ਨਾਲ ਬੰਨ੍ਹ ਦਿਤਾ ਗਿਆ, ਜਿਸਦੇ ਹੱਥ ਵਿਚ ਖ਼ੰਜਰ ਸੀ, ਤਾਂਜੋ ਨੱਸਣ ਦੀ ਹਾਲਤ ਵਿਚ ਉਹ ਬੰਦੇ ਨੂੰ ਫ਼ੌਰਨ ਕਤਲ ਕਰ ਦੇਵੇ।

ਬੰਦਾ ਬਹਾਦਰ ਦੇ 740 ਸਾਥੀਆਂ ਨੂੰ ਜ਼ੰਜੀਰਾਂ ਨਾਲ ਜਕੜ ਦਿਤਾ ਗਿਆ।[1] ਬੰਦਾ ਸਿੰਘ ਨਾਲ ਉਸਦੀ ਪਤਨੀ ਤੇ ਤਿੰਨ ਸਾਲ ਦੀ ਉਮਰ ਦਾ ਬੇਟਾ ਅਜੈ ਸਿੰਘ ਵੀ ਸੀ।

---

1. ਮਹੱਰਮ ਦੇ ਮਹੀਨੇ 29 ਫ਼ਰਵਰੀ ਸੰਨ 1716 ਈ: ਨੂੰ ਕੈਦੀਆਂ ਤੇ ਕਤਲ ਕੀਤੇ ਸਿੱਖਾਂ ਦੇ ਨੇਜ਼ਿਆਂ ਤੇ ਟੰਗੇ ਸਿਰਾਂ ਦਾ ਇਹ ਜਲੂਸ ਦਿੱਲੀ ਪੁਜਾ। ਬਖ਼ਸ਼ੀ ਦਿਤਮਾ-ਓ-ਦੌਲਾ ਮੁਹੰਮਦ ਅਮੀਨ ਖ਼ਾਨ ਨੂੰ ਫ਼ਰਖ਼ਸੀਅਰ ਦਾ ਹੁਕਮ ਮਿਲਿਆ, ਕਿ ਉਹ ਦਿੱਲੀ ਦਾਖ਼ਲ ਹੋਣ ਤੋਂ ਪਹਿਲਾਂ ਇਨ੍ਹਾਂ ਕੈਦੀ ਸਿੱਖਾਂ ਦੇ ਮੂੰਹ ਕਾਲੇ ਕਰਕੇ ਉਨ੍ਹਾਂ ਦੇ ਸਿਰਾਂ ਤੇ ਲੱਕੜ ਦੀਆਂ ਟੋਪੀਆਂ ਪਹਿਨਾਵੇ, ਤਾਂਜੋ ਲੋਕਾਂ ਨੂੰ ਬਾਗ਼ੀਆਂ ਦੇ ਇਸ ਹਸ਼ਰ ਨੂੰ ਵੇਖ ਸਿਖਿਆ ਮਿਲੇ। ਪਰ ਇਹ ਭਿਆਨਕ ਨਜ਼ਾਰਾ ਵੇਖਣ ਵਾਲੇ ਲੋਕ ਇਹ ਵੇਖ ਹੈਰਾਨ ਹੋ ਰਹੇ ਸਨ, ਕਿ ਕੈਦੀਆਂ 'ਚੋਂ ਕਿਸੇ ਇਕ ਦੇ ਚੇਹਰੇ ਤੇ ਵੀ ਅਫ਼ਸੋਸ ਜਾਂ ਆਪਣੇ ਕੀਤੇ ਤੇ ਪਛਤਾਵਾ ਨਹੀਂ ਸੀ। ਇਸ ਹਸਾਉਣੇ ਜਲੂਸ ਵਿਚ ਸ਼ਾਮਲ ਸਿੱਖ, ਸ਼ਰਮ ਦੀ ਥਾਂ ਬਹੁਤ ਖ਼ੁਸ਼ ਤੇ ਚੜ੍ਹਦੀ ਕਲਾਂ ਵਿਚ ਸ਼ਬਦ ਪੜ੍ਹਦੇ ਜਾ ਰਹੇ ਸਨ। —ਖ਼ਾਫ਼ੀ ਖ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਿੰਨ-ਚਾਰ ਹਜ਼ਾਰ ਸਿੱਖਾਂ ਦੇ ਸਿਰ ਕਟ ਕੇ ਉਨ੍ਹਾਂ ਨੂੰ ਨੇਜ਼ਿਆਂ ਤੇ ਟੰਗ ਕੇ, ਅਬਦੁਲ ਸਮਦ ਦੇ ਪੁਤਰ ਜ਼ਕਰੀਆ ਖ਼ਾਨ ਦੀ ਅਗਵਾਈ ਹੇਠਾਂ ਕੈਦੀ ਸਿੱਖ· ਦਾ ਇਹ ਜਲੂਸ ਲਾਹੌਰ ਦੀਆਂ ਗਲੀਆਂ ਵਿਚ ਫਿਰਾਇਆ ਗਿਆ। ਬੰਦੇ ਬਹਾਦਰ ਨੂੰ ਇਕ ਮਸਖ਼ਰੇ ਦੇ ਕਪੜੇ ਪੁਆ ਕੇ ਹਾਥੀ ਤੇ ਬਿਠਾਇਆ ਗਿਆ ਤੇ ਬਾਕੀ ਸਿੱਖ ਕੈਦੀ ਉਠਾਂ ਤੇ ਸਵਾਰ ਸਨ।

ਲਾਹੌਰ ਵਿਚ ਇਸ ਜਲੂਸ ਤੇ ਸਵਾਣੀਆਂ ਨੇ ਆਪਣੀਆਂ ਛੱਤਾਂ ਤੋਂ ਗੰਦ ਸੁਟਿਆ ਤੇ ਪੱਥਰ ਮਾਰੇ। ਇਸ ਮਗਰੋਂ ਇਨ੍ਹਾਂ ਕੈਦੀਆਂ ਨੂੰ ਬਾਦਸ਼ਾਹ ਫ਼ਰਖ਼ਸੀਅਰ ਦੀ ਹਾਜ਼ਰੀ ਭਰਨ ਲਈ ਦਿੱਲੀ ਘਲਿਆ ਗਿਆ।[1]

ਰਿਸ਼ਵਤ ਵਜੋਂ ਦਿੱਲੀ ਸ਼ਹਿਰ ਦੇ ਅਮੀਰ ਹਿੰਦੂਆਂ ਨੇ ਖ਼ੁਫ਼ੀਆ ਤੌਰ ਤੇ ਕਈ ਲੱਖ ਰੁਪਿਆ ਦੇ ਕੇ ਬੰਦੇ ਬਹਾਦਰ ਨੂੰ ਰਿਹਾ ਕਰਾਣ ਦਾ ਯਤਨ ਕੀਤਾ, ਪਰ ਗੱਲ ਸਿਰੇ ਨਾ ਚੜ੍ਹੀ, ਤੇ ਅੰਤ ਬੰਦਾ ਬਹਾਦਰ ਤੇ ਉਸਦੇ ਸਾਥੀਆਂ ਨੂੰ ਕਤਲ ਕਰਨ ਦਾ ਹੁਕਮ ਦੇ ਦਿਤਾ ਗਿਆ।

ਇਤਿਹਾਸਕਾਰ ਲਤੀਫ਼ ਲਿਖਦਾ ਹੈ, "ਬੰਦਾ ਬਹਾਦਰ ਦੇ ਸਾਥੀਆਂ ਨੂੰ ਬੁਰੀ ਤਰ੍ਹਾਂ ਜ਼ਲੀਲ ਕਰਨ ਲਈ ਉਨ੍ਹਾਂ ਨੂੰ ਭੇਡਾਂ ਦੀਆਂ ਖੱਲਾਂ ਪਵਾ ਕੇ ਖੋਤਿਆਂ ਤੇ ਉਠਾਂ ਉਪਰ ਬਿਠਾ ਕੇ ਦਿੱਲੀ ਸ਼ਹਿਰ ਦੀਆਂ ਵੱਡੀਆਂ ਸੜਕਾਂ ਤੇ 10 ਮਾਰਚ ਨੂੰ ਫੇਰਿਆ ਗਿਆ। ਬੰਦੇ ਦਾ ਮੂੰਹ ਕਾਲਾ ਕਰਕੇ ਤੇ ਸਿਰ ਪੁਰ ਉੱਨ ਦੀ ਟੋਪੀ ਪਾ ਕੇ ਹਾਥੀ ਪੁਰ ਬਿਠਾਇਆ ਗਿਆ। ਜੱਲਾਦ ਨੰਗੀ ਤਲਵਾਰ ਲੈ ਕੇ ਉਸਦੇ ਸਿਰ ਤੇ ਖੜੋਤਾ ਸੀ। ਸਭ ਤੋਂ ਅੱਗੇ ਬੰਦਾ ਸੀ, ਤੇ ਪਿਛੇ ਪਿਛੇ ਬਾਕੀ ਦੇ ਸਿੱਖ।"

ਲਤੀਫ਼ ਅੱਗੇ ਚਲ ਕੇ ਲਿਖਦਾ ਹੈ, "ਇਕ ਸੌ ਸਿੱਖ ਰੋਜ਼ਾਨਾ ਕਤਲ ਕੀਤੇ ਜਾਂਦੇ ਸਨ। ਉਹ ਬੜੀ ਬਹਾਦਰੀ ਨਾਲ ਮੌਤ ਨੂੰ ਜੱਫੀਆਂ ਪਾਂਦੇ ਸਨ। ਮਰਨ ਵੇਲੇ ਹਰ ਸਿੱਖ, ਦੂਜੇ ਤੋਂ ਪਹਿਲਾਂ ਸ਼ਹਾਦਤ ਦਾ ਪਿਆਲਾ ਪੀਣਾ ਚਾਹੁੰਦਾ ਸੀ। ਅੱਠਵਾਂ ਦਿਨ ਬੰਦੇ ਬਹਾਦਰ ਦੀ ਕਿਸਮਤ ਦਾ ਫ਼ੈਸਲਾ ਕਰਨ ਲਈ ਮੁਕੱਰਰ ਸੀ। ਉਸਨੂੰ ਜੰਗਲੀ ਜਾਨਵਰ ਵਾਂਗ ਧਰੀਕ ਕੇ ਲੋਹੇ ਦੇ ਪਿੰਜਰੇ 'ਚੋਂ ਬਾਹਿਰ ਕਢਿਆ ਗਿਆ। ਫਿਰ ਉਸਨੂੰ ਸ਼ਾਹੀ ਬਸਤਰ ਪੁਆਏ ਗਏ। ਉਸਦੇ ਸਾਥੀਆਂ ਦੇ ਕੱਟੇ ਸਿਰਾਂ ਨੂੰ, ਨੇਜ਼ਿਆਂ ਪੁਰ ਟੰਗ ਕੇ ਉਸਦੇ ਇਰਦ-ਗਿਰਦ ਨੁਮਾਇਸ਼ ਕੀਤੀ ਗਈ। ਜੱਲਾਦ, ਨੰਗੀ ਤਲਵਾਰ ਲਈ ਹੁਕਮ ਦੀ ਉਡੀਕ ਵਿਚ ਪਾਸ ਖੜੋਤਾ ਸੀ। ਕਾਜ਼ੀ ਨੇ ਉਸਨੂੰ ਕਿਹਾ, "ਬੰਦੇ! ਤੂੰ ਇੰਨਾ ਸਮਝਦਾਰ ਹੋ ਕੇ ਇਹ ਕੁਝ ਕਿਉਂ ਕੀਤਾ?"

ਉਸਨੇ ਬੜੀ ਨਿਡਰਤਾ ਨਾਲ ਜਵਾਬ ਦਿਤਾ, "ਮੈਂ ਰੱਬ ਦੇ ਹੱਥਾਂ ਵਿਚ ਜ਼ਾਲਮਾਂ ਨੂੰ ਸੋਧਣ ਲਈ ਕਾਲ ਰੂਪ ਸਾਂ, ਪਰ ਆਪਣੀਆਂ ਗ਼ਲਤੀਆਂ ਕਾਰਣ ਰੱਬ ਨੇ ਉਹ ਸ਼ਕਤੀ ਮੈਥੋਂ ਖੋਹ ਕੇ ਮੇਰੇ ਦੁਸ਼ਮਣਾਂ ਹੱਥ ਦੇ ਦਿਤੀ ਹੈ।"

19 ਜੂਨ 1716 ਈ: ਨੂੰ ਉਸਦਾ 4 ਸਾਲ ਦਾ ਮਾਸੂਮ ਬਾਲ—ਅਜੈ ਸਿੰਘ—ਉਸ ਸਾਹਮਣੇ ਲਿਆਂਦਾ ਗਿਆ ਤੇ ਉਸਨੂੰ ਆਪਣੇ ਹੱਥੀਂ ਕਤਲ ਕਰਨ ਲਈ ਬੰਦੇ ਨੂੰ ਕਿਹਾ ਗਿਆ। ਇਕ

---

1. ਇਹ ਗਿਣਤੀ 1000 ਸੀ। —ਖ਼ਾਫ਼ੀ ਖ਼ਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੁਰਾ ਇਸ ਕੰਮ ਲਈ ਉਸਦੇ ਹੱਥ ਫੜਾ ਦਿਤਾ ਗਿਆ । ਬੰਦੇ ਨੇ ਇਹ ਕੁਝ ਕਰਨੋਂ ਇਨਕਾਰ ਕਰ ਦਿਤਾ, ਤਾਂ ਜੱਲਾਦ ਨੇ ਮਾਸੂਮ ਬਾਲਕ ਨੂੰ ਕਤਲ ਕਰਕੇ ਉਸਦਾ ਕਲੇਜਾ ਬੰਦੇ ਦੇ ਮੂੰਹ ਤੇ ਦੇ ਮਾਰਿਆ । ਇਸ ਮਗਰੋਂ ਬੜੀ ਬੇਦਰਦੀ ਨਾਲ ਅੱਗ ਵਿਚ ਲੋਹੇ ਦੀਆਂ ਸੀਖਾਂ ਨੂੰ ਗਰਮ ਕਰਕੇ ਬੰਦੇ ਦੇ ਜਿਸਮ ਦਾ ਮਾਸ ਨੋਚਿਆ ਗਿਆ, ਤੇ ਤਰ੍ਹਾਂ ਤਰ੍ਹਾਂ ਦੇ ਤਸੀਹੇ ਦਿਤੇ ਗਏ, ਪਰ ਉਸ ਸ਼ੇਰ-ਦਿਲ ਨੇ "ਸੀ" ਤਕ ਨ੍ਹਾ ਕੀਤੀ ।

ਜਦ ਤੀਕ ਦੁਨੀਆਂ ਕਾਇਮ ਹੈ, ਬੰਦੇ ਬਹਾਦਰ ਦੀ ਸ਼ਹਾਦਤ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ । ਉਸ ਸੂਰਬੀਰ ਨੇ ਆਪਣੇ ਧਰਮ ਦੀ ਆਨ ਖ਼ਾਤਰ, ਆਪਣਾ ਸਭ ਕੁਝ ਕੁਰਬਾਨ ਕਰ ਦਿਤਾ, ਪਰ 'ਸੀ' ਤਕ ਨਾ ਉਚਰੀ,ਤੇ ਨਾ ਹੀ ਉਸਨੇ ਦੁਸ਼ਮਣ ਅੱਗੇ ਜਾਨ ਬਖ਼ਸ਼ਣ ਲਈ ਹੱਥ ਹੀ ਫੈਲਾਏ । ਸਗੋਂ ਮੌਤ ਨਾਲ ਟਿਚਕਰਾਂ ਕਰਦਾ ਉਹ ਗੁਰੂ ਦੀ ਯਾਦ ਵਿਚ ਸ਼ਹੀਦ ਹੋ ਗਿਆ ।

ਪ੍ਰਸਿਧ ਅੰਗ੍ਰੇਜ਼ ਇਤਿਹਾਸਕਾਰ ਕਨਿੰਘਮ ਤੇ ਗਿਆਨੀ ਗਿਆਨ ਸਿੰਘ ਕਰਤਾ "ਪੰਥ ਪ੍ਰਕਾਸ਼" ਤੇ ਕਈ ਹੋਰ ਲਿਖਾਰੀਆਂ ਨੇ ਲਿਖਿਆ ਹੈ, ਕਿ "ਬੰਦੇ ਬਹਾਦਰ ਨੂੰ ਹਾਥੀ ਦੇ ਪੈਰਾਂ ਨਾਲ ਬੰਨ੍ਹ ਕੇ ਦਿੱਲੀ ਸ਼ਹਿਰ ਦੀਆਂ ਸੜਕਾਂ ਤੇ ਘਸੀਟਿਆ ਗਿਆ, ਤੇ ਅਖ਼ੀਰ ਉਸਨੂੰ ਮਰ ਗਿਆ ਸਮਝ ਦਰਿਆ ਜਮਨਾ ਦੇ ਕਿਨਾਰੇ ਸੁਟ ਦਿਤਾ ਗਿਆ, ਤਾਂਜੋ ਉਹ ਜਾਨਵਰਾਂ ਦਾ ਖਾਜਾ ਬਣ ਸਕੇ । ਉਥੋਂ ਇਕ ਸਾਧੂ ਚੁਕ ਕੇ ਉਸਨੂੰ ਆਪਣੀ ਕੁਟੀਆ ਵਿਚ ਲੈ ਗਿਆ । ਉਸਦੀ ਮਰਹਮ ਪੱਟੀ ਨਾਲ ਬੰਦਾ ਫਿਰ ਰਾਜ਼ੀ ਹੋ ਗਿਆ, ਤੇ ਭੇਸ ਬਦਲ ਕੇ ਉਹ ਪੰਜਾਬ ਆ ਗਿਆ । ਇਸ ਦੌਰਾਨ ਸਿੱਖਾਂ ਦੀ ਹਾਲਤ ਬਿਲਕੁਲ ਹੀ ਬਦਲ ਚੁਕੀ ਸੀ । ਸਿੱਖ ਦੋ ਧੜਿਆਂ ਵਿਚ ਵੰਡੇ ਜਾ ਚੁਕੇ ਸਨ—ਇਕ ਬੰਦਈ ਖ਼ਾਲਸਾ ਤੇ ਦੂਜਾ ਤਤ ਖ਼ਾਲਸਾ । ਲਾਹੌਰ ਦੇ ਸੂਬੇ ਵਲੋਂ ਸਿੱਖਾਂ ਪੁਰ ਇੰਨੀ ਅੰਨ੍ਹੇਵਾਹੀ ਸਖ਼ਤੀ ਕੀਤੀ ਗਈ, ਕਿ ਬਚੇ ਖੁਚੇ ਸਿੱਖ ਮਜਬੂਰ ਹੋ ਕੇ ਜੰਗਲਾਂ ਤੇ ਪਹਾੜਾਂ ਵਲ ਨਿਕਲ ਗਏ । ਇਸ ਹਾਲਤ ਵਿਚ ਹਕੂਮਤ ਨਾਲ ਟੱਕਰ ਲੈਣੀ ਅਸੰਭਵ ਸੀ । ਸੋ ਬੰਦੇ ਨੇ ਮਜਬੂਰ ਹੋ ਕੇ ਜੰਮੂ ਦੀਆਂ ਪਹਾੜੀਆਂ ਵਿਚ ਭੱਬਰ ਨਾਂ ਦੇ ਪਿੰਡ ਵਿਚ ਡੇਰਾ ਜਮਾ ਲਿਆ । ਇਥੇ ਉਸਨੇ ਦੂਜੀ ਸ਼ਾਦੀ ਕੀਤੀ । ਸੰਨ 1728 ਈ: ਵਿਚ ਦੂਜੀ ਪਤਨੀ 'ਚੋਂ ਰਣਜੀਤ ਸਿੰਘ ਨਾਂ ਦਾ ਪੁੱਤਰ ਪੈਦਾ ਹੋਇਆ । ਬੰਦਾ ਮੁੜ ਪਹਾੜਾਂ ਤੋਂ ਨਾ ਉਤਰਿਆ, ਤੇ ਉਥੇ ਹੀ ਮਈ 1741 ਈ: ਵਿਚ ਉਸਦੀ ਮੌਤ ਹੋ ਗਈ ।"

ਅੱਜ ਵੀ ਉਸ ਬਹਾਦਰ ਸੂਰਬੀਰ ਦੀ ਸਮਾਧ ਭੱਬਰ ਪਿੰਡ ਤੋਂ ਬਾਹਰਵਾਰ ਬਣੀ ਹੋਈ ਹੈ, ਜਿਥੇ ਹਰ ਸਾਲ ਬੜਾ ਭਾਰੀ ਮੇਲਾ ਲੱਗਦਾ ਹੈ ।

ਬਾਬਾ ਬੰਦਾ ਬਹਾਦਰ ਦੀ ਗੱਦੀ ਦਾ ਆਖ਼ਰੀ ਮਹੰਤ ਬਾਬਿਆਂ ਦੇ ਖ਼ਾਨਦਾਨ 'ਚੋਂ ਬਾਬਾ ਤੇਜਾ ਸਿੰਘ ਸੀ । ਤੇਜਾ ਸਿੰਘ ਦਾ ਕੋਈ ਬਾਲ ਬੱਚਾ ਨਹੀਂ ਸੀ । ਇਸਦੀ ਮੌਤ ਸੰਨ 1907 ਈ: ਵਿਚ ਹੋ ਗਈ । ਹੁਣ ਦੇ ਗੱਦੀ-ਨਸ਼ੀਨ ਮਹੰਤ ਸਰਦੂਲ ਸਿੰਘ ਹਨ । ਉਪ੍ਰੋਕਤ ਲਿਖਤ ਦਾ ਹਵਾਲਾ ਮੈਲਕਮ ਤੇ ਪੰਥ ਪ੍ਰਕਾਸ਼ ਨੇ ਵੀ ਦਿਤਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਸਿੱਖ ਨੌਜਵਾਨ ਦੀ ਸ਼ਹੀਦੀ

ਬੰਦਾ ਸਿੰਘ ਬਹਾਦਰ ਨਾਲ ਸ਼ਹੀਦ ਕੀਤੇ ਜਾਣ ਵਾਲੇ ਕੈਦੀਆਂ ਵਿਚ ਇਕ ਮਸ ਫੁਟ ਸਿੱਖ ਨੌਜਵਾਨ ਸੀ, ਜਿਸਦੀ ਨਵੀਂ ਨਵੀਂ ਸ਼ਾਦੀ ਹੋਈ ਸੀ। ਜਦ ਉਸਦੀ ਮਾਂ ਨੂੰ ਪਤਾ ਲੱਗਾ, ਕਿ ਉਸਦਾ ਪੁੱਤਰ ਵੀ ਸਿੱਖਾਂ ਨਾਲ ਫੜ ਲਿਆ ਗਿਆ ਹੈ, ਤਾਂ ਉਹ ਰੋਂਦੀ ਕੁਰਲਾਂਦੀ ਮੁਕਤਬਲ ਮੁਲਕ ਦੇ ਹਿੰਦੂ ਦੀਵਾਨ ਰਤਨ ਚੰਦ ਪਾਸ ਅਰਜੋਈ ਕਰਨ ਲਈ ਦਿੱਲੀ ਪੁਜੀ, ਕਿ ਉਸਦਾ ਪੁੱਤ ਸਿੱਖ ਨਹੀਂ। ਦੀਵਾਨ, ਉਸਨੂੰ ਆਪਣੇ ਮਾਲਕ ਪਾਸ ਲੈ ਗਿਆ। ਉਸਦੇ ਤਰਲੇ ਕੱਢਣ ਤੇ ਮਾਲਕ ਨੂੰ ਰਹਿਮ ਆ ਗਿਆ, ਤੇ ਉਸਨੇ ਨੌਜਵਾਨ ਸਿੱਖ ਦੀ ਰਿਹਾਈ ਲਈ ਹੁਕਮ ਜਾਰੀ ਕਰ ਦਿਤਾ।

ਸਿੱਖ ਬੱਚੇ ਨੇ ਜਦ ਇਹ ਸੁਣਿਆ,ਤਾਂ ਉਸਨੂੰ ਅੱਗ ਲੱਗ ਗਈ। ਉਸ ਜ਼ੋਰ ਦੀ ਚਿੱਲਾ ਕੇ ਕਿਹਾ, "ਇਹ ਮੇਰੀ ਮਾਂ ਨਹੀਂ। ਇਹ ਝੂਠ ਬੋਲਦੀ ਹੈ, ਕਿ ਮੈਂ ਸਿੱਖ ਨਹੀਂ! ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹਾਂ, ਤੇ ਸਿੱਖੀ ਖ਼ਾਤਰ ਮੌਤ ਨੂੰ ਜੱਫੀ ਪਾਣ ਲਈ ਤਿਆਰ ਬੈਠਾ ਹਾਂ। ਜੱਲਾਦੋ! ਛੇਤੀ ਕਰੋ, ਮੈਂ ਆਪਣੇ ਸ਼ਹੀਦ ਵੀਰਾਂ ਤੋਂ ਪਿਛੇ ਰਹਿ ਗਿਆ ਹਾਂ।"

ਫ਼ਰਖ਼ਸੀਅਰ ਵਰਗੇ ਪੱਥਰ-ਦਿਲ ਤੇ ਜ਼ਾਲਮ ਬਾਦਸ਼ਾਹ ਨੇ ਵੀ ਇਹ ਸੁਣ ਆਪਣੀਆਂ ਉਂਗਲਾਂ ਮੂੰਹ ਵਿਚ ਪਾ ਲਈਆਂ। ਉਸਨੂੰ ਇਸ ਸਿੱਖ ਦੀ ਜਵਾਨੀ ਤੇ ਰਹਿਮ ਆ ਗਿਆ, ਪਰ ਉਸਦੀ ਖਿਮਾਂ ਨੂੰ ਵੀ ਉਸ ਸਿੱਖ ਨੌਜਵਾਨ ਨੇ ਠੁਕਰਾ ਦਿਤਾ। ਉਸਨੂੰ ਕਤਲ ਕਰ ਦਿਤਾ ਗਿਆ। ਦਰਸ਼ਕ ਇਹ ਦ੍ਰਿਸ਼ ਵੇਖ ਨਾ ਸਕੇ, ਤੇ ਜ਼ਾਲਮ ਤੋਂ ਜ਼ਾਲਮ ਅੱਖਾਂ ਵਿਚੋਂ ਵੀ ਹੰਝੂ ਨਿਕਲ ਆਏ।

ਵਾਹ ਵਾਹ ਗੁਰੂ ਗੋਬਿੰਦ ਸਿੰਘ ਦੇ ਦੂਲੇ ਸਿੰਘ! ਤੇਰਾ ਨਾਂ ਇਤਿਹਾਸ ਵਿਚ ਸਦਾ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤਕਾ

ਬੰਦਾ ਬਹਾਦਰ ਤੋਂ ਪਹਿਲਾਂ ਤੇ ਪਿਛੋਂ

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤੀਕ ਸਿੱਖ ਗੁਰੂ ਸਾਹਿਬਾਨ ਜਨਤਾ ਵਿਚ ਪ੍ਰਭੂ ਭਗਤੀ ਦੀ ਸਿਖਿਆ ਦੇ ਨਾਲ ਨ਼ਾਲ, ਆਪੋ ਵਿਚ ਪਿਆਰ, ਹਮਦਰਦੀ ਤੇ ਪੁਰਾਣੇ ਹਾਨੀਕਾਰਕ ਤੇ ਬੋਦੇ ਰਿਵਾਜਾਂ ਦਾ ਖੰਡਨ ਕਰਕੇ ਲੁਕਾਈ ਨੂੰ ਸਿਧੇ ਰਾਹ ਪਾਣ ਦਾ ਪ੍ਰਚਾਰ ਕਰਦੇ ਰਹੇ, ਪਰ ਛੇਵੇਂ ਗੁਰੂ—ਸ੍ਰੀ ਹਰਗੋਬਿੰਦ ਸਾਹਿਬ ਨੇ ਭਗਤੀ ਮਾਰਗ ਦੇ ਨਾਲ ਲੋੜ ਵੇਲੇ ਸ਼ਸਤਰ ਮਾਰਗ ਨੂੰ ਵੀ ਅਪਣਾ ਲੈਣ ਦਾ ਫ਼ੈਸਲਾ ਕੀਤਾ। ਦੇਸ਼ ਵਿਚ ਹਕੂਮਤ ਵਲੋਂ ਹੋ ਰਹੇ ਅੱਤਿਆਚਾਰ ਵੇਖ ਵੇਖ ਉਨ੍ਹਾਂ ਆਪਣੇ ਸਿੱਖਾਂ ਨੂੰ ਹੁਕਮ ਦਿਤਾ, ਕਿ ਉਹ ਸ਼ਸਤਰਾਂ ਦੇ ਧਾਰਨੀ ਹੋ ਕੇ ਜ਼ੁਲਮ ਵਿਰੁਧ ਜਹਾਦ ਖੜਾ ਕਰਨ। ਇਸ ਸਬੰਧ ਵਿਚ ਮਹਾਰਾਸ਼ਟਰ ਦੇ ਪ੍ਰਸਿਧ ਸੰਤ ਮਹਾਤਮਾ ਸਾਮਰਥ ਰਾਮਦਾਸ ਨੇ ਸ੍ਰੀ ਨਗਰ ਵਿਖੇ ਸੰਨ 1634 ਈ: ਵਿਚ ਗੁਰੂ ਹਰਗੋਬਿੰਦ ਸਾਹਿਬ ਨਾਲ ਮੁਲਾਕਾਤ ਕੀਤੀ ਸੀ। ਉਸ ਸਮੇਂ ਗੁਰੂ ਜੀ ਘੋੜੇ ਤੇ ਸਵਾਰ ਹੋ ਕੇ ਸ਼ਿਕਾਰ ਖੇਡਣ ਮਗਰੋਂ ਵਾਪਸ ਆਪਣੇ ਨਿਵਾਸ-ਅਸਥਾਨ ਵਲ ਪਰਤ ਰਹੇ ਸਨ। ਉਨ੍ਹਾਂ ਨਾਲ ਬਹੁਤ ਸਾਰੀ ਸੰਗਤ ਵੀ ਸੀ। ਮੁਲਾਕਾਤ ਸਮੇਂ ਮਹਾਤਮਾ ਜੀ ਨੇ ਗੁਰੂ ਜੀ ਤੇ ਪ੍ਰਸ਼ਨ ਕੀਤਾ, "ਮਹਾਰਾਜ! ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹੋ। ਗੁਰੂ ਨਾਨਕ ਦੇਵ ਜੀ ਤਿਆਗੀ ਮਹਾਂਪੁਰਸ਼ ਸਨ, ਪਰ ਆਪ ਸ਼ਸਤਰਧਾਰੀ ਹੋ, ਤੇ ਤੁਹਾਡੇ ਪਾਸ ਹਥਿਆਰ-ਬੰਦ ਫ਼ੌਜ ਵੀ ਹੈ। ਘੋੜਿਆਂ ਤੇ ਸਵਾਰ ਹੋ। ਤੁਸੀਂ ਸ਼ਿਕਾਰ ਵੀ ਖੇਡਦੇ ਹੋ, ਤੇ ਫ਼ਕੀਰ ਦੀ ਥਾਂ 'ਸੱਚਾ ਪਾਤਸ਼ਾਹ' ਅਖਵਾਂਦੇ ਹੋ। ਤੁਸੀਂ ਕੈਸੇ ਸਾਧੂ ਹੋ?"

ਗੁਰੂ ਜੀ ਨੇ ਮੁਸਕਰਾ ਕੇ ਮਹਾਤਮਾ ਜੀ ਨੂੰ ਉੱਤਰ ਦਿਤਾ, "ਮਹਾਤਮਾ ਜੀ! "ਬਾਤਨ ਫ਼ਕੀਰੀ, ਜ਼ਾਹਿਰ ਅਮੀਰੀ।" ਸ਼ਸਤਰ, ਗ਼ਰੀਬ ਦੀ ਰੱਖਿਆ, ਤੇ ਜਰਵਾਣੇ ਦੀ ਭਖਿਆ (ਸੋਧਣ ਲਈ) ਹਨ। ਬਾਬਾ ਨਾਨਕ ਜੀ ਨੇ ਸੰਸਾਰ ਨਹੀਂ ਤਿਆਗਿਆ ਸੀ, ਸਗੋਂ ਮੋਹ ਮਾਇਆ ਤਿਆਗੀ ਸੀ।" ਗੁਰੂ ਜੀ ਦਾ ਉੱਤਰ ਸੁਣ ਮਹਾਤਮਾ ਰਾਮਦਾਸ ਪ੍ਰਸੰਨ ਹੋ ਗਿਆ।

[ਪੰਜਾਹ ਸਾਖੀਆਂ 'ਚੋਂ 39ਵੀਂ ਸਾਖੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[1]

ਗੁਰੂ ਹਰਗੋਬਿੰਦ ਸਾਹਿਬ ਨੇ ਸ੍ਰੀ ਹਰਮੰਦਰ ਸਾਹਿਬ ਸਾਹਮਣੇ ਅਕਾਲ ਤਖ਼ਤ ਦੀ ਨੀਂਹ ਰਖੀ। ਉਨ੍ਹਾਂ ਨੇ ਪੁਰਾਣੀ ਚਲੀ ਆ ਰਹੀ ਮਰਯਾਦਾ ਨੂੰ ਇਕ ਦਮ ਬਦਲ ਦਿਤਾ ਤੇ ਮਾਲਾ ਦੀ ਥਾਂ ਗਾਤਰੇ ਦੋ ਤਲਵਾਰਾਂ ਸਜਾ ਲਈਆਂ—ਇਕ ਮੀਰੀ ਦੀ, ਇਕ ਪੀਰੀ ਦੀ। ਸੰਗਤਾਂ ਨੂੰ ਹੁਕਮ ਦਿਤਾ, ਕਿ ਅੱਗੋਂ ਲਈ ਉਹ ਸ਼ਸਤਰ ਤੇ ਘੋੜੇ ਭੇਟਾ ਵਜੋਂ ਲਿਆਇਆ ਕਰਨ। ਸੋ ਹਰ ਪਾਸਿਉਂ ਘੋੜੇ ਤੇ ਸ਼ਸਤਰ ਭੇਟਾ ਵਜੋਂ ਆਣੇ ਸ਼ੁਰੂ ਹੋ ਗਏ, ਤੇ ਨਾਲ ਹੀ ਉਹ ਨੌਜਵਾਨ ਵੀ ਇਕੱਠੇ ਹੋਣੇ ਸ਼ੁਰੂ ਹੋ ਗਏ, ਜੋ ਆਪਣੇ ਬਾਹੂ ਬਲ ਨਾਲ ਕੁਝ ਕਰਕੇ ਵਿਖਾਣਾ ਚਾਹੁੰਦੇ ਸਨ।

ਜਦੋਂ ਇਹ ਖ਼ਬਰ ਜਹਾਂਗੀਰ ਨੂੰ ਪੁਜੀ, ਤਾਂ ਉਸਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦਾ ਹੁਕਮ ਜਾਰੀ ਕੀਤਾ। ਇਸ ਤਰ੍ਹਾਂ ਗੁਰੂ ਜੀ ਕਈ ਸਾਲ ਉਸ ਕਿਲ੍ਹੇ ਵਿਚ ਕੈਦ ਰਹੇ। ਕੁਝ ਚਿਰ ਮਗਰੋਂ ਜਹਾਂਗੀਰ ਨੂੰ ਵਿਸ਼ਵਾਸ਼ ਹੋ ਗਿਆ, ਕਿ ਗੁਰੂ ਅਰਜਨ ਦੇਵ ਜੀ ਨੂੰ ਬੇ-ਕਸੂਰ ਹੀ ਕਤਲ ਕਰ ਦਿਤਾ ਗਿਆ ਸੀ, ਤੇ ਹੁਣ ਗੁਰੂ ਹਰਗੋਬਿੰਦ ਸਾਹਿਬ ਨੂੰ ਵੀ ਬਿਨਾਂ ਕਾਰਣ ਹੀ ਕੈਦ ਕੀਤਾ ਗਿਆ ਹੈ। ਸੋ ਉਨ੍ਹਾਂ ਦੀ ਰਿਹਾਈ ਦਾ ਫ਼ੌਰਨ ਹੁਕਮ ਜਾਰੀ ਕਰ ਦਿਤਾ ਗਿਆ ਤੇ ਇਸ ਮਗਰੋਂ ਬਾਦਸ਼ਾਹ ਨੇ ਗੁਰੂ ਜੀ ਵਲ ਦੋਸਤੀ ਦਾ ਹੱਥ ਵਧਾਇਆ। ਉਨ੍ਹਾਂ ਨੂੰ ਪ੍ਰੇਰ ਕੇ ਉਹ ਆਪਣੇ ਨਾਲ ਹੀ ਕਸ਼ਮੀਰ ਯਾਤਰਾ ਲਈ ਲੈ ਗਿਆ। ਗੁਰੂ ਹਰਗੋਬਿੰਦ ਸਾਹਿਬ ਜੀ ਦਾ ਮਹਾਤਮਾ ਰਾਮਦਾਸ ਜੀ ਨਾਲ ਉਪ੍ਰੋਕਤ ਵਾਰਤਾਲਾਪ, ਉਸੇ ਸਮੇਂ ਸ੍ਰੀ ਨਗਰ ਵਿਖੇ ਹੀ ਹੋਇਆ ਸੀ।

ਦਬਸਤਾਨੇ ਮਜ਼ਾਹਿਬ ਦਾ ਲਿਖਾਰੀ ਲਿਖਦਾ ਹੈ :

"ਸੰਨ 1627 ਈ: ਵਿਚ ਸ਼ਾਹਜਹਾਨ ਸਮੇਂ ਸ਼ਾਹੀ ਫ਼ੌਜ ਨੇ ਕਈ ਵਾਰ ਗੁਰੂ ਜੀ (ਗੁਰੂ ਹਰਗੋਬਿੰਦ ਸਾਹਿਬ) ਵਿਰੁਧ ਚੜ੍ਹਾਈ ਕੀਤੀ, ਪਰ ਅੱਲਾ ਤਾਅਲਾ ਨੇ ਹਰ ਵਾਰ ਉਨ੍ਹਾਂ ਦੀ ਰੱਖਿਆ ਕੀਤੀ। ਅੰਤ ਗੁਰੂ ਜੀ ਨੇ ਪੰਜਾਬ ਦਾ ਮੈਦਾਨੀ ਇਲਾਕਾ ਛੱਡ ਕੇ ਸ਼ਵਾਲਕ ਦੀਆਂ ਪਹਾੜੀਆਂ ਕੰਢੇ ਦਰਿਆ ਸਤਲੁਜ ਪਾਰ ਕਰ, ਕੀਰਤਪੁਰ ਵਿਖੇ ਜਾ ਡੇਰਾ ਲਾਇਆ। ਉਥੇ ਉਹ ਜੰਗੀ ਤਿਆਰੀਆਂ ਵਿਚ ਜੁਟ ਗਏ ਤੇ ਨਾਲ ਹੀ ਜ਼ੁਲਮੋ-ਸਿਤਮ ਦੇ ਸਤਾਏ ਲੋਕਾਂ ਦੀ ਪੁਸ਼ਤ-ਪਨਾਹ ਵੀ ਕਰਦੇ ਰਹੇ। ਉਸ ਸਮੇਂ ਗੁਰੂ ਜੀ ਦੇ ਤਬੇਲੇ ਵਿਚ ਸਤ ਸੌ ਘੋੜੇ, ਤਿੰਨ ਸੌ ਸਵਾਰ ਤੇ ਤੋਪਚੀ ਉਨ੍ਹਾਂ ਦੀ ਸੇਵਾ ਵਿਚ ਹਰ ਵਕਤ ਤਿਆਰ-ਬਰ-ਤਿਆਰ ਰਹਿੰਦੇ ਸਨ......।"

ਇਸ ਪਿਛੋਂ ਔਰੰਗਜ਼ੇਬ ਦੇ ਹੁਕਮ ਨਾਲ ਹਿੰਦੂ ਕੌਮ ਦੇ ਸੱਚੇ ਰੱਖਿਅਕ ਨਾਵੇਂ ਗੁਰੂ ਤੇਗ ਬਹਾਦਰ ਜੀ ਨੂੰ ਚਾਂਦਨੀ ਚੌਕ ਦਿੱਲੀ ਵਿਚ ਸ਼ਹੀਦ ਕੀਤਾ ਗਿਆ। ਤੇ ਫਿਰ ਦਸਵੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰੀ ਉਮਰ ਵਕਤ ਦੇ, ਮੁਗ਼ਲ ਜਰਵਾਣਿਆਂ ਤੇ ਉਨ੍ਹਾਂ ਦੇ ਪਿੱਠੂ ਹਿੰਦੂ ਪਹਾੜੀ ਰਾਜਿਆਂ ਨਾਲ ਜੂਝਣਾ ਪਿਆ। ਅੰਤ ਉਨ੍ਹਾਂ ਦੇ ਚਾਰ ਬੱਚਿਆਂ, ਮਾਤਾ ਗੁਜਰੀ ਅਤੇ ਹਜ਼ਾਰਾਂ ਸਿੱਖਾਂ ਨੂੰ ਔਰੰਗਜ਼ੇਬ ਦੇ ਜਬਰ, ਜ਼ੁਲਮ ਤੇ ਤਅੱਸਬ ਵਿਰੁੱਧ ਜਹਾਦ ਕਰਨ ਕਾਰਨ ਸ਼ਹੀਦ ਹੋਣਾ ਪਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜ਼ੁਲਮ ਦਾ ਟਾਕਰਾ ਕਰਨ ਲਈ ਇਕ ਅਨੋਖੇ ਪੰਥ ਦੀ ਸਾਜਨਾ ਕੀਤੀ। ਇਸਦੇ ਨਾਲ ਹੀ ਇਕ ਹੋਰ ਚਮਤਕਾਰ ਹੋਇਆ, ਜਿਸਦੀ ਮਿਸਾਲ ਸਾਰੇ ਸੰਸਾਰ ਵਿਚ ਨਹੀਂ ਮਿਲਦੀ, ਤੇ ਉਹ ਇਹ ਕਿ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਣ ਮਗਰੋਂ ਉਨ੍ਹਾਂ ਪੰਜਾਂ ਸਾਹਮਣੇ ਉਨ੍ਹਾਂ ਵਾਂਗ ਹੀ ਗੋਡੇ ਟੇਕ ਕੇ ਉਨ੍ਹਾਂ ਤੋਂ ਅੰਮ੍ਰਿਤ ਛਕਣ ਲਈ ਗੁਰੂ ਜੀ ਨੇ ਆਪ ਬਿਨੈ ਕੀਤੀ। ਇਸ ਤੋਂ ਪਹਿਲਾਂ ਹੀ ਉਨ੍ਹਾਂ ਨੇ ਗ਼ਰੀਬ ਅਮੀਰ, ਵੱਡੇ ਛੋਟੇ ਤੇ ਊਚ ਨੀਚ ਦਾ ਭੇਦ ਮਿਟਾ ਦਿਤਾ ਸੀ, ਪਰ ਹੁਣ ਗੁਰੂ ਤੇ ਚੇਲੇ ਦੇ ਫ਼ਰਕ ਨੂੰ ਵੀ ਮਿਟਾ ਦਿਤਾ ਤੇ ਪੰਜਾਂ ਸਿੱਖਾਂ ਨੂੰ ਗੁਰੂ ਦੀ ਥਾਂ ਸਥਾਪਤ ਕਰਕੇ ਸੰਸਾਰ ਨੂੰ ਇਕ ਨਵਾਂ ਰਾਹ ਦਰਸਾਇਆ। ਆਪੋ ਵਿਚ ਦੀ ਵਿਥ ਮਿਟਾ ਕੇ ਮਨੁੱਖ ਬਰਾਬਰੀ ਦੀ ਅਜਿਹੀ ਮਿਸਾਲ ਕਿਥੋਂ ਮਿਲ ਸਕਦੀ ਹੈ ? ਤਦੇ ਤਾਂ ਭਾਈ ਗੁਰਦਾਸ ਨੇ ਇਹ ਸ਼ਬਦ ਕਹੇ :

ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਗੁਰੂ ਗੋਬਿੰਦ ਸਿੰਘ ਜੀ ਸਦਾ ਆਪਣੇ ਬਚਾਅ ਦੀ ਲੜਾਈ ਲੜਦੇ ਰਹੇ। ਉਨ੍ਹਾਂ ਨੇ ਵੱਡੀਆਂ ਛੋਟੀਆਂ ਚੌਦ੍ਹਾਂ ਲੜਾਈਆਂ ਲੜੀਆਂ। ਉਨ੍ਹਾਂ ਵਿਚੋਂ ਕੋਈ ਵੀ ਉਨ੍ਹਾਂ ਨੇ ਆਪ ਸ਼ੁਰੂ ਨਹੀਂ ਕੀਤੀ। ਉਹ ਸਾਰੀਆਂ ਦੀਆਂ ਸਾਰੀਆਂ ਲੜਾਈਆਂ ਵਿਰੋਧੀਆਂ ਦੇ ਹਮਲਿਆਂ ਦੇ ਜਵਾਬ ਵਿਚ ਲੜੀਆਂ ਗਈਆਂ। ਬੰਦਾ ਬਹਾਦਰ ਦੀ ਪੰਜਾਬ ਆਮਦ ਤੇ ਸਿੱਖ ਲਹਿਰ ਇਕ ਨਵੇਂ ਦੌਰ ਵਿਚ ਦਾਖ਼ਲ ਹੋਈ। ਸਿੱਖਾਂ ਨੇ ਬੰਦੇ ਦੀ ਅਗਵਾਈ ਵਿਚ ਵਿਰੋਧੀਆਂ ਅਤੇ ਜਨਤਾ ਉਤੇ ਜ਼ੁਲਮ ਢਾਹੁਣ ਵਾਲੇ ਜ਼ਾਲਮ ਸ਼ਾਹਾਂ ਉਤੇ ਹਮਲੇ ਕੀਤੇ ਅਤੇ ਉਹਨਾਂ ਨੂੰ ਉਹਨਾਂ ਵਲੋਂ ਕੀਤੇ ਗਏ ਜ਼ੁਲਮਾਂ-ਜਬਰਾਂ ਲਈ ਕਰੜੀਆਂ ਸਜ਼ਾਵਾਂ ਦਿਤੀਆਂ।

ਪ੍ਰਸਿਧ ਇਤਿਹਾਸਕਾਰ ਭਾਈ ਰਤਨ ਸਿੰਘ ਭੰਗੂ ਨੇ ''ਪੰਥ ਪ੍ਰਕਾਸ਼'' ਵਿਚ ਉਸ ਸਮੇਂ ਹੋਈਆਂ ਜੰਗਾਂ ਦਾ ਆਪਣੇ ਪਿਤਾ ਜੀ ਤੋਂ ਸੁਣਿਆ, ਅੱਖੀਂ ਡਿਠਾ ਹਾਲ, ਦਰਜ ਕੀਤਾ ਹੈ। ਭਾਈ ਰਤਨ ਸਿੰਘ, ਮਹਿਤਾਬ ਸਿੰਘ ਮੀਰਾ ਕੋਟੀਆ, ਜਿਸਨੇ ਸ੍ਰੀ ਦਰਬਾਰ ਸਾਹਿਬ ਦੀ ਬੇਹੁਰਮਤੀ ਕਰ ਰਹੇ ਮੱਸੇ ਰੰਘੜ ਦਾ ਸਿਰ ਵਢਿਆ ਸੀ, ਦਾ ਪੋਤਾ ਸੀ। ਰਾਏ ਸਿੰਘ, ਜਿਸਨੇ ਅਠਾਰਵੀਂ ਸਦੀ ਦੇ ਅੱਧ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਤੀ ਤਕ ਦੇ ਸਮੇਂ ਹੋਈਆਂ ਸਾਰੀਆਂ ਛੋਟੀਆਂ ਵੱਡੀਆਂ ਲੜਾਈਆਂ ਵਿਚ ਭਾਗ ਲਿਆ ਸੀ, ਦਾ ਪੁੱਤਰ ਸੀ। ਰਤਨ ਸਿੰਘ ਭੰਗੂ ਨੇ ਪਿਤਾ ਤੋਂ ਇਨ੍ਹਾਂ ਲੜਾਈਆਂ ਦੇ ਅੱਖੀਂ ਵੇਖੇ ਵੇਰਵੇ ਸੁਣ ਕੇ ''ਪੰਥ ਪ੍ਰਕਾਸ਼'' ਤਿਆਰ ਕੀਤਾ। ਉਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ ਗ੍ਰੀਬ ਸਿਖਨ ਕੋ ਦੇਊਂ ਪਾਤਸ਼ਾਹੀ।
ਯਾਦ ਕਰੇ ਹਮਰੀ ਗੁਰਿਆਈ।

ਜਦੋਂ ਅਨੰਦਪੁਰ ਛੱਡ ਕੇ ਗੁਰੂ ਜੀ ਨਾਂਦੇੜ ਪੁਜੇ, ਤਾਂ ਉਨ੍ਹਾਂ ਨੇ ਮਾਧੋ ਦਾਸ ਨੂੰ ਅੰਮ੍ਰਿਤ ਛਕਾ ਕੇ ਇਕ ਸੰਨਿਆਸੀ ਤੋਂ ਖੜਗਧਾਰੀ ਜਰਨੈਲ ਬਣਾ ਪੰਜਾਬ ਘਲਿਆ। ਬੰਦਾ ਬਹਾਦਰ ਨੇ ਜਰਵਾਣਿਆਂ ਦੇ ਦੰਦ ਖੱਟੇ ਕਰ, ਉਨ੍ਹਾਂ ਨਰਕੀ ਕੀੜਿਆਂ ਨੂੰ ਮੌਤ ਦੇ ਘਾਟ ਉਤਾਰਿਆ, ਤੇ ਥੋੜ੍ਹੇ ਅਰਸੇ ਵਿਚ ਹੀ ਉਸਨੇ ਸਾਰੇ ਇਲਾਕੇ ਤੇ ਕਬਜ਼ਾ ਕਰ ਲਿਆ। ਉਸ ਨੇ ਢਹਿ ਢੇਰੀ ਹੋਏ ਮੁਖ਼ਲਸ ਗੜ੍ਹ ਦੇ ਕਿਲ੍ਹੇ ਦੀ ਮੁਰੰਮਤ ਕਰਾ ਕੇ ਉਸਦਾ ਨਾਂ "ਲੋਹਗੜ੍ਹ" ਰਖਿਆ, ਤੇ ਇਸੇ ਲੋਹ ਗੜ੍ਹ ਵਿਖੇ ਆਪਣੀ ਰਾਜਧਾਨੀ ਕਾਇਮ ਕੀਤੀ। ਇਥੇ ਹੀ ਉਸਨੇ ਪਰਜਾ ਤੰਤਰ ਰਾਜ ਦੀ ਨੀਂਹ ਰਖ ਕੇ ਆਪਣਾ ਸਿੱਕਾ ਚਲਾਇਆ, ਜਿਸ ਤੇ ਇਹ ਸ਼ਬਦ ਅੰਕਤ ਸਨ :

ਸਿਕਾ ਜਰ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਬ ਅਸਤ।
ਫ਼ਤਹਿ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ ਫ਼ਜ਼ਲਿ ਸਚਾ ਸਾਹਿਬ ਅਸਤ।

ਭਾਵ—ਗੁਰੂ ਨਾਨਕ ਦੀ ਬਖ਼ਸ਼ਸ਼ ਨਾਲ ਦੋ ਜਹਾਨ ਤੇ ਇਹ ਸਿਕਾ ਤਿਆਰ ਹੋਇਆ। ਰੱਬ ਦੀ ਮੇਹਰ ਨਾਲ ਸ਼ਾਹਾਂ ਦੇ ਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਹਿ ਹੋਈ।

ਬੰਦਾ ਬਹਾਦਰ ਇਕ ਜੁਗ ਪਲਟਾਊ ਜਰਨੈਲ ਸੀ। ਉਸਦੇ ਦਿਲ ਵਿਚ ਊਚ ਨੀਚ ਦਾ ਵਿਤਕਰਾ ਨਹੀਂ ਸੀ, ਸਗੋਂ ਉਸ ਵਿਚ ਬਰਾਬਰੀ ਦੀ ਧਾਰਨਾਂ ਸੀ। ਉਸ ਦੇ ਪਹਿਲੇ ਹੱਲਿਆਂ ਵਿਚ ਹੀ ਸਦੀਆਂ ਦੀ ਪਰਪਾਟੀ ਵਿਰੁੱਧ ਜਾਗੀਰਦਾਰੀ ਤੇ ਜ਼ਮੀਨਦਾਰੀ ਨੇਸਤੋ-ਨਾਬੂਦ ਹੋ ਗਈਆਂ। ਜੋ ਜ਼ਮੀਨਾਂ ਉਸ ਬਹਾਦਰ ਜਰਨੈਲ ਦੇ ਕਬਜ਼ੇ ਵਿਚ ਆਈਆਂ, ਉਹ ਹੱਲ-ਵਾਹਕਾਂ ਤੇ ਹੱਥੀਂ ਕਿਰਤ ਕਰਨ ਵਾਲਿਆਂ ਵਿਚ ਵੰਡ ਦਿਤੀਆਂ ਗਈਆਂ। ਇਸੇ ਤਰ੍ਹਾਂ ਬਾਕੀ ਦੇ ਸਿੱਖ ਹਾਕਮਾਂ ਨੇ ਵੀ ਜਿਥੇ ਜਿਥੇ ਕਬਜ਼ੇ ਕੀਤੇ, ਉਥੇ ਹਿੰਦੂ, ਮੁਸਲਮਾਨ ਤੇ ਸਿੱਖ ਦੇ ਵਿਤਕਰੇ ਨੂੰ ਤਿਆਗ ਕਿਰਤੀ ਕਿਸਾਨਾਂ ਨੂੰ ਧਰਤੀ ਦਾ ਮਾਲਕ ਬਣਾ ਦਿਤਾ।

ਬੰਦੇ ਬਹਾਦਰ ਸਮੇਂ, ਗੁਰੂ ਗੋਬਿੰਦ ਸਿੰਘ ਜੀ ਵਲੋਂ ਅਰੰਭ ਕੀਤੇ ਇਸ ਜੁਗ ਪਲਟਾਊ ਇਨਕਲਾਬ ਬਾਰੇ ਇਤਿਹਾਸਕਾਰ ਵਿਲੀਅਮ ਅਰਵਨ ਲਿਖਦਾ ਹੈ :

"ਸਿੱਖਾਂ ਦੇ ਕਬਜ਼ੇ ਵਿਚ ਆਏ ਸਾਰੇ ਇਲਾਕੇ ਵਿਚ ਪੁਰਾਣੀ ਪਰੰਪਰਾ ਦੇ ਉਲਟ ਇਕ ਤਰ੍ਹਾਂ ਦਾ ਇਨਕਲਾਬ ਆ ਗਿਆ। ਇਕ ਚਮਾਰ ਜਾਂ ਭੰਗੀ ਨੂੰ ਸਭ ਹਿੰਦੁਸਤਾਨੀ ਅਤਿ-ਨੀਵਾਂ ਸਮਝਦੇ ਸਨ। ਪਰ ਜਦ ਉਹੀ ਭੰਗੀ, ਬੰਦਾ ਬਹਾਦਰ ਪਾਸ ਪਹੁੰਚਦਾ, ਤਾਂ ਉਹ (ਊਚ ਨੀਚ ਬਰੋਬਰੀ ਦੀ ਪਿਰਤ ਮੁਤਾਬਕ) ਜੱਥੇਦਾਰੀ ਤੇ ਸਰਦਾਰੀ ਦਾ ਪ੍ਰਵਾਨਾ ਲੈ ਕੇ ਆਪਣੇ ਘਰ ਪਰਤਦਾ ਸੀ। ਉਸ ਮਗਰੋਂ ਉਹ ਉਸ ਇਲਾਕੇ ਦਾ ਹਾਕਮ ਬਣ ਜਾਂਦਾ ਸੀ। ਜਦੋਂ ਉਹ ਪਰਵਾਨਾ ਲੈ ਕੇ ਆਪਣੇ ਘਰ ਨੇੜੇ ਪਹੁੰਚਦਾ, ਤਾਂ ਸਦੀਆਂ ਤੋਂ ਇਸ ਸ਼੍ਰੇਣੀ ਨੂੰ ਨੀਚ ਸਮਝ ਪੈਰਾਂ ਹੇਠ ਮਧੋਲਣ ਵਾਲੇ ਉੱਚੀਆਂ ਜ਼ਾਤਾਂ ਦੇ ਅਭਿਮਾਨੀ ਲੋਕ ਉਸਦੇ ਸੁਆਗਤ ਲਈ ਉਸ ਅੱਗੇ ਹੱਥ ਬੰਨ੍ਹੀ ਖੜੋ ਜਾਂਦੇ, ਤੇ ਉਸਦੇ ਹੁਕਮ ਦੀ ਉਡੀਕ ਕਰਦੇ। ਕੀ ਮਜਾਲ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿ ਕੋਈ ਨਾਢੂ ਖ਼ਾਨ ਜਾਂ ਜਾਤ ਅਭਿਮਾਨੀ ਉਸਦੀ ਆਗਿਆ ਦੀ ਉਲੰਘਣਾ ਕਰ ਸਕੇ ਉਹ ਸੂਰਬੀਰ, ਜੋ ਜੰਗਾਂ ਜੁਧਾਂ ਵਿਚ ਤੇਗ਼ ਦੇ ਧਨੀ ਹੁੰਦੇ, ਇਸ ਤਰ੍ਹਾਂ ਦੇ ਹੁਕਮ ਲਿਆਣ ਵਾਲੇ ਨੀਚ ਜ਼ਾਤ ਦੇ ਵਿਅਕਤੀ ਸਾਹਮਣੇ ਹੱਥ ਬੰਨ੍ਹ ਇਵੇਂ ਖੜੋ ਜਾਂਦੇ, ਜਿਵੇਂ ਨਿਤਾਣੀਆਂ ਗਊਆਂ ਮਾਲਕ ਦੀ ਆਗਿਆ ਵਿਚ ਖੜੋਤੀਆਂ ਹੋਣ।" ਵਿਲੀਅਮ ਅਰਵਨ ਦਾ ਇਸ਼ਾਰਾ ਸ੍ਰ: ਭੂਮਾ ਸਿੰਘ ਤੇ ਉਸਦੇ ਪੁੱਤਰ ਭਾਈ ਹਰੀ ਸਿੰਘ ਭੰਗੀ ਵਲ ਹੈ, ਜੋ ਉਸ ਸਮੇਂ ਮਿਸਲ ਭੰਗੀਆਂ ਦਾ ਜੱਥੇਦਾਰ ਸੀ।

ਸੱਤ ਸੌ ਸਾਲ ਦੀ ਮੁਗ਼ਲ ਰਾਜ ਦੀ ਅੰਧੇਰ-ਗਰਦੀ ਤੇ ਜ਼ੁਲਮ ਕਾਰਨ ਜਦੋਂ ਇਸ ਇਲਾਕੇ ਤੇ ਬੰਦੇ ਦਾ ਕਬਜ਼ਾ ਹੋਇਆ, ਤਾਂ ਉਸਨੇ ਕਬਜ਼ੇ ਵਿਚ ਆਈਆਂ ਜ਼ਮੀਨਾਂ ਹਲ-ਵਾਹਕਾਂ ਵਿਚ ਵੰਡ ਦਿਤੀਆਂ। ਇਸ ਨਾਲ ਗ਼ਰੀਬ ਤੇ ਗ਼ੈਰ-ਮੁਸਲਮ ਜਨਤਾ ਵਿਚ ਵੀ ਇਕ ਤਰ੍ਹਾਂ ਦਾ ਭਰੋਸਾ ਪੈਦਾ ਹੋ ਗਿਆ। ਉਹ ਸਿੱਖਾਂ ਨੂੰ ਦੇਸ, ਧਰਮ ਤੇ ਜਨਤਾ ਦੇ ਰਖਵਾਲੇ ਸਮਝਣ ਲੱਗ ਪਏ। ਲੋਕ, ਹਕੂਮਤ ਹੱਥੋਂ ਇੰਨੇ ਦੁਖੀ ਸਨ, ਕਿ ਉਨ੍ਹਾਂ ਨੇ ਆਪਣੇ ਨਵੇਂ ਹਾਕਮ—ਬੰਦੇ ਬਹਾਦਰ—ਪਾਸ ਪਹੁੰਚ, ਆਪਣੇ ਨਾਲ ਹੋਏ ਅਨਿਆਂ ਤੇ ਬੇ-ਇਨਸਾਫ਼ੀ ਦੀਆਂ ਸ਼ਕਾਇਤਾਂ ਕੀਤੀਆਂ। ਬੰਦੇ ਤੇ ਉਸਦੇ ਮੁਖ਼ਤਾਰ ਵੱਖ-ਵੱਖ ਪਰਗਣਿਆਂ ਦੇ ਸਿੱਖ ਹਾਕਮਾਂ ਨੇ ਫ਼ੌਰਨ ਉਨ੍ਹਾਂ ਸ਼ਕਾਇਤਾਂ ਨੂੰ ਦੂਰ ਕਰਕੇ ਜਨਤਾ ਦੇ ਮਨ ਜਿੱਤ ਲਏ।

ਮੁਗ਼ਲ ਫ਼ੌਜ ਆਪਣਾ ਪੂਰਾ ਤਾਣ ਲਾ ਥੱਕੀ, ਪਰ ਬਹਾਦਰ ਸ਼ਾਹ ਦੀ ਕਮਾਨ ਹੇਠਾਂ ਲੱਖਾਂ ਦੀ ਗਿਣਤੀ ਵਿਚ ਸਾਰੇ ਸੂਬਿਆਂ ਦੀ ਸੰਗਠਤ ਫ਼ੌਜ ਵੀ ਬੰਦੇ ਬਹਾਦਰ ਦਾ ਕੁਝ ਵਿਗਾੜ ਨਾ ਸਕੀ। ਕਿੰਨੀ ਵਾਰ ਕੇਂਦਰੀ ਫ਼ੌਜ ਨੇ ਬੰਦੇ ਦੇ ਠਕਾਣਿਆਂ ਤੇ ਹਮਲਾ ਕੀਤਾ, ਪਰ ਹਰ ਵਾਰ ਬੰਦਾ, ਦੁਸ਼ਮਣ ਦੇ ਹਜ਼ਾਰਾਂ ਸਿਪਾਹੀ ਕਤਲ ਕਰਦਾ, ਉਨ੍ਹਾਂ ਦੇ ਹਥਿਆਰ ਤੇ ਮਾਲ ਧਨ ਹਥਿਆ ਆਪਣੇ ਸਿਰ-ਕਢ ਸਾਥੀਆਂ ਸਣੇ ਜੰਮੂ ਦੀਆਂ ਪਹਾੜੀਆਂ ਪਿਛੇ ਅਲੋਪ ਹੋ ਜਾਂਦਾ। ਬਹਾਦਰ ਸ਼ਾਹ ਇਸੇ ਦੁਖੋਂ ਮਰ ਗਿਆ, ਕਿ ਉਹ ਸਿੱਖਾਂ ਦੀ ਬਗ਼ਾਵਤ ਨੂੰ ਠਲ ਨਹੀਂ ਪਾ ਸਕਿਆ। ਉਸਨੇ ਸ਼ਾਹੀ ਫ਼ੁਰਮਾਨ ਰਾਹੀਂ ਸਭ ਨਾਨਕ ਨਾਮ ਲੇਵਾ (ਸਿੱਖਾਂ) ਨੂੰ ਕਤਲ ਕਰਨ ਦਾ ਹੁਕਮ ਦੇ ਦਿਤਾ, ਤੇ ਇਸ ਤਰ੍ਹਾਂ ਹਜ਼ਾਰਾਂ ਸਿੱਖ ਕਤਲ ਹੋ ਗਏ, ਪਰ ਉਨ੍ਹਾਂ ਈਨ ਨਹੀਂ ਮੰਨੀ।

ਜਦ ਸਰਕਾਰੀ ਫ਼ੌਜ ਜ਼ਰਾ ਵੀ ਸਸਤਾਣ ਲੱਗਦੀ, ਤਾਂ ਸਿੱਖ, ਬਾਜ਼ਾਂ ਵਾਂਗ ਫ਼ੌਜੀਆਂ ਤੇ ਝਪਟਦੇ ਤੇ ਘੜੀਆਂ ਪਲਾਂ ਵਿਚ ਦੁਸ਼ਮਣਾਂ ਨੂੰ ਤਹਿ ਤੇਗ਼ ਕਰਦੇ, ਜੋ ਮਿਲਿਆ ਉਸਨੂੰ ਕਾਬੂ ਕਰਕੇ, ਹਰਨ ਹੋ ਜਾਂਦੇ। ਇਹ ਪ੍ਰਥਾ ਸੰਨ 1708 ਈ: ਤੋਂ ਸੰਨ 1715 ਈ: ਤੀਕ ਜਾਰੀ ਰਹੀ। ਅਖ਼ੀਰ ਬਹਾਦਰ ਸ਼ਾਹ ਦੀ ਮੌਤ ਮਗਰੋਂ ਉਸਦੇ ਪੋਤੇ ਫ਼ਰਖ਼ਸੀਅਰ ਨੇ ਸੰਨ 1715 ਈ: ਵਿਚ ਫਿਰ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਣ ਦਾ ਬੀੜਾ ਚੁਕਿਆ। ਕੇਂਦਰੀ ਤੇ ਪਰਗਣਿਆਂ ਦੀ ਫ਼ੌਜ ਨੇ ਮਿਲ ਕੇ ਬੰਦਾ ਬਹਾਦਰ ਨੂੰ ਗ਼ੁਰਦਾਸ ਨੰਗਲ ਦੇ ਕਿਲ੍ਹੇ ਵਿਚ ਘੇਰ ਲਿਆ। ਸਿੱਖ ਬੜੀ ਦਲੇਰੀ ਨਾਲ ਲੜੇ, ਪਰ ਛੇਤੀ ਹੀ ਉਨ੍ਹਾਂ ਪਾਸ ਰਾਸ਼ਨ ਪਾਣੀ ਮੁਕ ਗਿਆ। ਫਿਰ ਵੀ ਉਨ੍ਹਾਂ ਨੇ ਗੜ੍ਹੀ ਅੰਦਰ ਦਰੱਖ਼ਤਾਂ ਦੇ ਪੱਤੇ ਤੇ ਛਿੱਲੜ, ਟਾਹਣੀਆਂ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਨਵਰਾਂ ਦਾ ਮਾਸ ਖਾ ਖਾ ਜੰਗ ਜਾਰੀ ਰਖੀ। ਇਥੋਂ ਤੀਕ ਨੌਬਤ ਆਣ ਪੁਜੀ, ਕਿ ਕਈ ਸੂਰਬੀਰਾਂ ਨੂੰ ਆਪਣੇ ਹੀ ਜਿਸਮ ਦਾ ਮਾਸ ਕਟ ਕੇ ਖਾਣਾ ਪਿਆ। ਜਦੋਂ ਅੰਦਰ ਬ੍ਰਿਛ ਵੀ ਖ਼ਤਮ ਹੋ ਗਏ, ਤੇ ਬਾਲਣ ਜੋਗੀ ਲੱਕੜ ਵੀ ਨਾ ਰਹੀ, ਤਾਂ ਸਿੱਖ, ਘੋੜਿਆਂ ਤੇ ਹੋਰ ਜਾਨਵਰਾਂ ਦਾ ਕੱਚਾ ਮਾਸ ਹੀ ਖਾ ਕੇ ਦੁਸ਼ਮਣ ਨਾਲ ਟੱਕਰ ਲੈਂਦੇ ਰਹੇ। ਪ੍ਰਸਿਧ ਇਤਿਹਾਸਕਾਰ ਕਾਮਰਾਨ ਖ਼ਾਨ ਤਜ਼ਿਕਰਾਤੇ ਸੁਲਤਾਨ ਵਿਚ ਲਿਖਦਾ ਹੈ—"ਇਸ ਸਭ ਕੁਝ ਦੇ ਬਾਵਜੂਦ ਇਸ ਜਹੰਨਮੀ ਸਿੱਖ ਸਰਦਾਰ (ਬੰਦਾ ਸਿੰਘ ਬਹਾਦਰ) ਤੇ ਉਸਦੇ ਸਾਥੀਆਂ ਨੇ ਪੂਰੇ ਅੱਠ ਮਹੀਨੇ ਮੁਗ਼ਲ ਰਾਜ ਦੀ ਤਕੜੀ ਫ਼ੌਜ ਦਾ ਟਾਕਰਾ ਕੀਤਾ। ਅੰਤ ਭੁਖ ਦੇ ਦੁਖ ਨਾਲ ਨਿਢਾਲ ਹੋ ਚੁਕੇ 794 ਸਿੱਖ ਫੜ ਕੇ ਦਿੱਲੀ ਪੁਚਾਏ ਗਏ। ਦਿੱਲੀ, ਚਾਂਦਨੀ ਚੌਕ ਵਿਚ ਮਾਰਚ ਸੰਨ 1716 ਈ: ਵਿਚ ਸੌ ਸੌ ਕਰਕੇ ਕਈ ਤਰ੍ਹਾਂ ਦੇ ਤਸੀਹੇ ਦੇ ਦੇ ਤੇ ਉਨ੍ਹਾਂ ਦੇ ਟੁਕੜੇ ਟੁਕੜੇ ਕਰਕੇ ਉਹ ਕਤਲ ਕਰ ਦਿਤੇ ਗਏ।"

ਇਕ ਗੱਲ ਯਾਦ ਰਖਣ ਵਾਲੀ ਹੈ, ਕਿ ਪੰਜਾਬ ਦੀ ਅਜ਼ਾਦੀ ਲਈ ਜੋ ਜੱਦੋ-ਜਹਿਦ ਬੰਦਾ ਬਹਾਦਰ ਨੇ ਅਰੰਭੀ, ਉਹ ਸਮੇਂ ਦੀ ਹਕੂਮਤ ਵਿਰੁੱਧ ਸੀ, ਮੁਸਲਮ ਜਨਤਾ ਵਿਰੁੱਧ ਨਹੀਂ ਸੀ। ਕਾਰਣ ਇਹ ਸੀ, ਕਿ ਸਿੱਖ ਗੁਰੂਆਂ ਜਾਂ ਬੰਦਾ ਬਹਾਦਰ ਤੇ ਉਸ ਪਿਛੋਂ ਸਿੱਖ ਮਿਸਲਦਾਰਾਂ 'ਚੋਂ ਕਿਸੇ ਨੇ ਵੀ ਤਲਵਾਰ ਦੇ ਜ਼ੋਰ ਨਾਲ ਸਿੱਖ ਧਰਮ ਨੂੰ ਪ੍ਰਚਾਰਨ ਦਾ ਯਤਨ ਨਹੀਂ ਕੀਤਾ। ਸਿੱਖ ਗੁਰੂਆਂ ਨੇ, ਦੇਸ਼ ਦੇ ਹਿੰਦੂ ਮੁਸਲਮ ਸੰਤਾਂ, ਪੀਰਾਂ, ਫ਼ਕੀਰਾਂ ਤੇ ਆਮ ਜਨਤਾ ਨਾਲ ਇਕੋ ਜਿਹਾ ਸਲੂਕ ਕੀਤਾ। ਇਸੇ ਕਾਰਣ, ਹਰ ਸੰਘਰਸ਼ ਸਮੇਂ ਆਮ ਮੁਸਲਮਾਨਾਂ ਨੇ ਸਿੱਖ ਗੁਰੂਆਂ ਤੇ ਸਿੱਖ ਸਰਦਾਰਾਂ ਦਾ ਸਾਥ ਦਿੱਤਾ। ਲੱਖਾਂ ਮੁਸਲਮ ਦਿਲਾਂ ਦੇ ਬਾਦਸ਼ਾਹ ਪੀਰ ਬੁਧੂ ਸ਼ਾਹ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਮਿੱਤਰਾਂ 'ਚੋਂ ਸਨ, ਨੇ ਪਹਾੜੀ ਰਾਜਿਆਂ ਨਾਲ ਯੁਧ ਸਮੇਂ ਗੁਰੂ ਜੀ ਦੇ ਮੋਢੇ ਨਾਲ ਮੋਢਾ ਡਾਹ ਕੇ ਵੈਰੀਆਂ ਦਾ ਟਾਕਰਾ ਕੀਤਾ, ਤੇ ਗੁਰੂ ਜੀ ਦੀ ਇਸ ਸੱਚ ਦੀ ਲੜਾਈ ਵਿਚ ਆਪਣੇ ਸੈਂਕੜੇ ਮੁਰੀਦ ਤੇ ਦੋ ਲਖ਼ਤੇ-ਜਿਗਰ ਵੀ ਸ਼ਹੀਦ ਕਰਵਾ ਦਿਤੇ।

ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਛੱਡਣ ਮਗਰੋਂ, ਜਿਥੇ ਨਵਾਬ ਸਰਹੰਦ ਵਜ਼ੀਰ ਖ਼ਾਨ ਨੇ ਆਪਣੇ ਵਜ਼ੀਰ ਸੁਚਾ ਨੰਦ ਦੀ ਸਲਾਹ ਨਾਲ ਗੁਰੂ ਜੀ ਦੇ ਦੋ ਮਾਸੂਮ ਬੱਚਿਆਂ ਨੂੰ ਕੰਧਾਂ ਵਿਚ ਚਿਣ ਕੇ ਸ਼ਹੀਦ ਕੀਤਾ, ਉਥੇ ਗੁਰੂ ਜੀ ਦੇ ਕਿਲ੍ਹਾ ਛੱਡਣ ਮਗਰੋਂ ਤੇ ਨਾਂਦੇੜ ਕਿਆਮ ਸਮੇਂ ਸੱਯਦ ਬੁਧੂ ਸ਼ਾਹ ਨੂੰ ਫੜ ਕੇ ਗੁਰੂ ਜੀ ਦਾ ਸਾਥ ਦੇਣ ਦਾ ਇਲਜ਼ਾਮ ਲਾ ਕੇ ਤਰ੍ਹਾਂ ਤਰ੍ਹਾਂ ਦੇ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ, ਤਾਂ ਜੋ ਪੰਜਾਬ ਵਿਚ ਕੋਈ ਵੀ ਬੰਦਾ ਗੁਰੂ ਜੀ ਦਾ ਹਮਾਇਤੀ ਬਾਕੀ ਨਾ ਰਹੇ।

ਗੁਰੂ ਜੀ ਦੇ ਮੁਸਲਮਾਨ ਸ਼ਰਧਾਲੂ ਪਠਾਣ ਗ਼ਨੀ ਖ਼ਾਂ ਨਬੀ ਖ਼ਾਂ, ਜੋ ਘੋੜਿਆਂ ਦੇ ਪ੍ਰਸਿਧ ਵਪਾਰੀ ਸਨ, ਤੇ ਕਾਬਲ ਕੰਧਾਰ ਤੋਂ ਘੋੜੇ ਲਿਆ ਕੇ ਅਨੰਦਪੁਰ ਸਾਹਿਬ ਵੇਚਿਆ ਕਰਦੇ ਸਨ, ਅਚਾਨਕ ਮਾਛੀਵਾੜੇ ਗੁਰੂ ਜੀ ਨੂੰ ਮਿਲ ਗਏ। ਉਨ੍ਹਾਂ ਨੇ ਗੁਰੂ ਜੀ ਦੀ ਸ਼ਹਿਨਸ਼ਾਹੀ ਚੜ੍ਹਤ ਵੇਖੀ ਹੋਈ ਸੀ। ਅੱਜ ਉਨ੍ਹਾਂ ਨੂੰ ਪੈਰੋਂ ਨੰਗੇ, ਤੇ ਸਰੀਰ ਤੇ ਫਟੇ ਪੁਰਾਣੇ ਕਪੜੇ ਪਹਿਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਈ ਦਿਨਾਂ ਦੇ ਕੜਾਕੇ ਵਿਚ ਅਲਮਸਤ ਅਵਸਥਾ ਵਿਚ ਵੇਖ ਕੇ ਉਨ੍ਹਾਂ ਦੋਹਾਂ ਪਠਾਣ ਵੀਰਾਂ ਦਾ ਦਿਲ ਦਹਿਲ ਗਿਆ। ਉਹ ਗੁਰੂ ਜੀ ਨੂੰ ਆਪਣੇ ਪਿੰਡ ਲੈ ਗਏ। ਇਨ੍ਹਾਂ ਦੋਹਾਂ ਬਹਾਦਰ ਪਠਾਣਾਂ ਨੇ ਉਨ੍ਹਾਂ ਨੂੰ ਆਪਣੇ ਘਰ ਪਨਾਹ ਦਿਤੀ, ਤੇ ਪਿੱਛਾ ਕਰਦੀ ਆ ਰਹੀ ਫ਼ੌਜ ਦੇ ਕਮਾਂਡਰ ਨੂੰ ਇਹ ਦਸ ਕੇ ਅੱਗੇ ਤੋਰ ਦਿੱਤਾ, ਕਿ ਸਾਡੇ ਘਰ ਸਿਰਫ਼ ਸਾਡਾ ਦਾਮਾਦ ਹੈ, ਹੋਰ ਕੋਈ ਓਪਰਾ ਬੰਦਾ ਨਹੀਂ। ਫਿਰ ਇਹ ਦੋਵੇਂ ਸ਼ਰਧਾਲੂ ਪਠਾਣ, ਗੁਰੂ ਜੀ ਨੂੰ ਨੀਲੇ ਬਸਤਰ ਪਹਿਨਾ ਤੇ ਉੱਚ ਦਾ ਪੀਰ ਦਸ ਕੇ ਪਿੱਛਾ ਕਰਦੀ ਆ ਰਹੀ ਮੁਗ਼ਲ ਫ਼ੌਜ ਤੋਂ ਸਾਫ਼ ਬਚਾ ਕੇ ਲੈ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

[2]

ਜਿਵੇਂ ਕਿ ਪਾਠਕ ਪਿਛੇ ਪੜ੍ਹ ਆਏ ਹਨ, ਅਨੰਦਪੁਰ ਸਾਹਿਬ ਰਹਿੰਦਿਆਂ ਗੁਰੂ ਜੀ ਦੀ ਪਹਿਲੀ ਲੜਾਈ ਜਦ ਪਹਾੜੀ ਰਾਜਿਆਂ ਨਾਲ ਹੋਈ ਤਾਂ ਗੁਰੂ ਜੀ ਦੇ ਪ੍ਰੇਮੀ ਸੱਯਦ ਬੁਧੂ ਸ਼ਾਹ ਵਲੋਂ 500 ਪਠਾਣਾਂ 'ਚੋਂ 400 ਪਠਾਣ ਮੌਕਿਹਿ ਤਾੜ ਕੇ ਪਹਾੜੀ ਰਾਜਿਆਂ ਨਾਲ ਜਾ ਮਿਲੇ, ਤੇ ਪਿਛੇ ਕਾਲੇ ਖ਼ਾਨ ਦੀ ਕਮਾਨ ਹੇਠ ਕੇਵਲ ਇਕ ਸੌ ਪਠਾਣ, ਤੇ ਗਿਣਤੀ ਦੇ ਫ਼ੌਜੀ ਤੇ ਸੇਵਕ ਹੀ ਰਹਿ ਗਏ ਸਨ। ਇਨ੍ਹਾਂ ਆਪਾ ਵਾਰੂ ਫ਼ੌਜੀਆਂ ਨੇ ਪਹਾੜੀ ਫ਼ੌਜ ਨਾਲ ਭੰਗਾਣੀ ਵਿਖੇ ਤਕੜੀ ਲਹੂ-ਲੁਹਾਨ ਟੱਕਰ ਲਈ। ਇਸ ਲੜਾਈ ਲਈ ਪੌਂਟਾ ਸਾਹਿਬ ਤੋਂ ਤੁਰਨ ਸਮੇਂ ਹੀ ਗੁਰੂ ਜੀ, ਸੱਯਦ ਬੁਧੂ ਸ਼ਾਹ ਵਲ ਗਿਲਾ ਪੱਤਰ ਲਿਖ ਸਢੌਰੇ ਵਲ ਗਏ ਸਨ। ਭਲਾ ਸੱਯਦ ਬੁਧੂ ਸ਼ਾਹ ਵਰਗਾ ਬਹਾਦਰ ਪਠਾਣ ਇਹ ਕਿਵੇਂ ਸਹਾਰ ਸਕਦਾ, ਕਿ ਉਸਦੀ ਘੱਲੀ ਉਮਤ ਗੁਰੂ ਜੀ ਨਾਲ ਗ਼ੱਦਾਰੀ ਕਰ ਜਾਏ। ਉਹ ਫ਼ੌਰਨ ਆਪਣੇ ਮੁਰੀਦਾਂ ਦੇ ਨਾਲ ਹੀ ਆਪਣੇ ਚਾਰੇ ਪੁੱਤਰ ਤੇ ਭਤੀਜੇ ਤੇ 700 ਦੇ ਲਗਪਗ ਹਥਿਆਰ-ਬੰਦ ਫ਼ੌਜੀ ਲੈ ਕੇ ਉਸ ਵੇਲੇ ਬਾਜ਼ ਵਾਂਗ ਪਹਾੜੀ ਰਾਜਿਆਂ ਦੀ ਫ਼ੌਜੀ ਟੁਕੜੀ ਤੇ ਜਾ ਝਪਟੇ, ਜਦ ਪਹਾੜੀਆਂ ਦਾ ਪਲੜਾ ਭਾਰੀ ਹੋ ਰਿਹਾ ਸੀ। ਇਹ ਲੜਾਈ ਸੱਯਦ ਸਾਹਿਬ ਦੇ ਮੁਰੀਦ ਫ਼ੌਜੀਆਂ ਤੇ ਕਾਲੇ ਖ਼ਾਂ ਦੀ ਕਮਾਨ ਹੇਠਾਂ ਇਕ ਸੌ ਪਠਾਣਾਂ ਦੀ ਸਹਾਇਤਾ ਨਾਲ "ਅਕਾਲ ਅਕਾਲ" ਦੇ ਜੈਕਾਰਿਆਂ ਨਾਲ ਜਿੱਤੀ ਗਈ ਤੇ ਦੁਸ਼ਮਣ ਆਪਣੇ ਸੈਂਕੜੇ ਸਿਪਾਹੀ ਮਰਵਾ ਕੇ ਸਿੱਕਾ ਬਾਰੂਦ ਤੇ ਹਥਿਆਰ ਛੱਡ ਕੇ ਮੈਦਾਨੋਂ ਭਜ ਗਏ।

ਇਸ ਲੜਾਈ ਵਿਚ ਸੱਯਦ ਜੀ ਦੇ ਦੋ ਬੇਟੇ, ਇਕ ਭਤੀਜਾ ਤੇ ਬਹੁਤ ਸਾਰੇ ਮੁਰੀਦ ਸ਼ਹੀਦ ਹੋ ਗਏ। ਇਨ੍ਹੀਂ ਦਿਨੀਂ ਸੱਯਦ ਖ਼ਾਂ ਨਾਂ ਦਾ ਇਕ ਤਕੜਾ ਫ਼ੌਜੀ ਮੁਗ਼ਲ ਫ਼ੌਜ ਵਿਚ ਭਰਤੀ ਹੋ ਕੇ ਆ ਗਿਆ ਸੀ, ਜੋ ਉੱਨਤੀ ਕਰਦਾ ਕਰਦਾ ਸਾਧਾਰਨ ਸਿਪਾਹੀ ਤੋਂ ਫ਼ੌਜ ਦਾ ਕਮਾਂਡਰ ਬਣ ਗਿਆ ਸੀ। ਇਕ ਵਾਰ ਜਦੋਂ ਉਹ ਸਢੌਰੇ ਆਪਣੀ ਭੈਣ ਨਸੀਰਾਂ ਨੂੰ ਮਿਲਣ ਆਇਆ, ਤਾਂ ਉਸਦੀ ਭੈਣ ਰੁਦਨ ਕਰ ਰਹੀ ਸੀ। ਬੇਗਮ ਨਸੀਰਾਂ, ਸੱਯਦ ਬੁਧੂ ਸ਼ਾਹ ਦੀ ਪਤਨੀ ਸੀ। ਉਸਨੂੰ ਰੁਦਨ ਭਰੀ ਅਵਸਥਾ ਵਿਚ ਵੇਖ ਕੇ ਸੱਯਦ ਖ਼ਾਨ ਦੇ ਪੁਛਣ ਤੇ ਨਸੀਰਾਂ ਨੇ ਜਦ ਸਾਰੀ ਗੱਲ ਦੱਸੀ, ਤਾਂ ਸੱਯਦ ਖ਼ਾਨ ਨੇ ਗੁਰੂ ਜੀ ਦੀ ਸ਼ਾਨ ਵਿਚ ਕੁਝ ਕੌੜੇ ਸ਼ਬਦ ਵਰਤੇ। ਨਸੀਰਾਂ ਨੇ ਉਸਨੂੰ ਅਜਿਹਾ ਕਰਨ ਤੋਂ ਰੋਕਿਆ, ਤੇ ਕਹਿਣ ਲੱਗੀ, "ਵੀਰਾ! ਮੈਂ ਗੁਰੂ ਜੀ ਨੂੰ ਆਪਣਾ ਪਿਤਾ ਸਮਝਦੀ ਹਾਂ। ਜੇ ਉਨ੍ਹਾਂ ਖ਼ਾਤਰ ਮੇਰੇ ਦੋ ਬੇਟੇ ਸ਼ਹੀਦ ਹੋ ਗਏ, ਤਾਂ ਮੈਂ ਆਪਣੇ ਆਪ ਨੂੰ ਭਾਗਾਂ ਵਾਲੀ ਗਿਣਾਂਗੀ।" ਸੱਯਦ ਖ਼ਾਨ ਇਹ ਸੁਣ ਚੁਪ ਹੋ ਗਿਆ, ਪਰ ਉਸਨੇ ਦਿਲ ਵਿਚ ਪੱਕੀ ਧਾਰ ਲਈ, ਕਿ ਉਹ ਗੁਰੂ ਜੀ ਤੋਂ ਆਪਣੇ ਭਣੇਵਿਆਂ ਦੀ ਮੌਤ ਦਾ ਬਦਲਾ ਲੈ ਕੇ ਛੱਡੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਤਫ਼ਾਕ ਨਾਲ ਜਦੋਂ ਮੁਗ਼ਲ ਫ਼ੌਜ ਨੇ ਅਨੰਦਪੁਰ ਨੂੰ ਘੇਰੇ ਵਿਚ ਲਿਆ, ਤਾਂ ਇਸੇ ਸੱਯਦ ਖ਼ਾਂ ਨੂੰ ਕਮਾਂਡਰ ਨੀਅਤ ਕੀਤਾ ਗਿਆ। ਦੂ-ਬਦੂ ਲੜਾਈ ਸਮੇਂ ਇਕ ਵਾਰ ਸੱਯਦ ਖ਼ਾਂ ਨੂੰ ਗੁਰੂ ਜੀ ਨਾਲ ਦੋ ਹੱਥ ਕਰਨ ਦਾ ਅੱਛਾ ਮੌਕਾ ਮਿਲ ਗਿਆ। ਅਜੇ ਉਹ ਗੁਰੂ ਜੀ ਨਾਲ ਟੱਕਰ ਲੈਣ ਲਈ ਵਿਉਂਤ ਬਣਾ ਹੀ ਰਿਹਾ ਸੀ, ਕਿ ਸਾਹਮਣਿਓਂ ਨੀਲੇ ਘੋੜੇ ਤੇ ਸਵਾਰ ਗੁਰੂ ਜੀ ਘੋੜਾ ਦੌੜਾਂਦੇ ਸੱਯਦ ਖ਼ਾਂ ਵਲ ਵਧੇ। ਸੱਯਦ ਖ਼ਾਂ ਨੇ ਆਪਣੀ ਦੋ ਨਾਲੀ ਗੁਰੂ ਜੀ ਵਲ ਕੀਤੀ, ਪਰ ਗੋਲੀ ਕਿਸੇ ਹੋਰ ਪਾਸੇ ਜਾ ਲੱਗੀ। ਉਸਨੂੰ ਇਉਂ ਜਾਪਿਆ, ਜਿਵੇਂ ਸਾਹਮਣੇ ਗੁਰੂ ਜੀ ਦੀ ਥਾਂ ਉਸਦੀ ਭੈਣ ਨਸੀਰਾਂ ਹੱਥ ਜੋੜੀ ਅੱਲਾ ਤਾਅਲਾ ਅੱਗੇ ਅਰਜੋਈਆਂ ਕਰ ਰਹੀ ਹੋਵੇ, ਕਿ ਹੇ ਖ਼ੁਦਾਇਆ ! ਮੇਰੇ ਮੁਰਸ਼ਦ ਨੂੰ ਕੋਈ ਆਂਚ ਨਾ ਆਣ ਦਈਂ। ਇੰਨੇ ਨੂੰ ਉਸਦੀ ਭੈਣ ਦੀ ਤਸਵੀਰ ਉਸ ਦੀਆਂ ਅੱਖਾਂ ਅੱਗੋਂ ਅਲੋਪ ਹੋ ਗਈ ਤੇ ਮੁੜ ਪਹਿਲਾਂ ਵਾਂਗ ਨੀਲੇ ਘੋੜੇ ਦਾ ਸਵਾਰ ਸਾਹਮਣੇ ਖੜੋਤਾ ਨਜ਼ਰ ਆਇਆ। ਜਰਨੈਲ ਸੱਯਦ ਖ਼ਾਂ ਦੀਆਂ ਅੱਖਾਂ ਮੁੰਦੀਆਂ ਗਈਆਂ, ਤੇ ਉਸਨੇ ਆਪਣੀ ਗਰਦਨ ਗੁਰੂ ਜੀ ਦੇ ਚਰਨਾਂ ਵਲ, ਜੋ ਘੋੜੇ ਦੀ ਰਕਾਬ ਵਿਚ ਸਨ, ਝੁਕਾ ਦਿਤੀ। ਮਿੰਟਾਂ ਵਿਚ ਹੀ ਪਤਾ ਨਹੀਂ ਉਸ ਤੇ ਕੀ ਜਾਦੂ ਹੋ ਗਿਆ ? ਜਦ ਉਸਨੇ ਮੁੜ ਅੱਖਾਂ ਖੋਹਲ ਕੇ ਵੇਖਿਆ ਤਾਂ ਉਹ ਪਿਆਰੀ ਮੂਰਤ ਅਲੋਪ ਸੀ। ਉਸਨੂੰ ਇਉਂ ਜਾਪਿਆ ਜਿਵੇਂ ਗੁਰੂ ਜੀ ਪ੍ਰੇਰਨਾ ਦੇ ਗਏ ਹੋਣ, ਕਿ ਉਹ ਹਥਿਆਰ ਛੱਡ ਕਿਸੇ ਇਕਾਂਤ ਥਾਂ ਤੇ ਬੈਠ ਅੱਲਾ ਤਾਅਲਾ ਦੀ ਯਾਦ ਵਿਚ ਜੁੜ ਜਾਏ। ਉਸ ਸਮੇਂ ਲਹੂ-ਲੁਹਾਨ ਲੜਾਈ ਖ਼ੂਬ ਜ਼ੋਰਾਂ ਨਾਲ ਛਿੜੀ ਹੋਈ ਸੀ। ਦੋਹਾਂ ਪਾਸਿਆਂ ਦੇ ਬਹਾਦਰ ਸੂਰਮੇ ਇਕ ਦੂਜੇ ਦੇ ਆਹੂ ਲਾਂਹਦੇ ਮੈਦਾਨ ਵਿਚ ਤਹਿ ਤੇਗ਼ ਹੋ ਰਹੇ ਸਨ, ਪਰ ਸੱਯਦ ਖ਼ਾਨ ਦੀ ਤਲਵਾਰ ਮਿਆਨ ਵਿਚ ਜਾ ਚੁਕੀ ਸੀ, ਤੇ ਦੋ ਨਾਲੀ ਕੰਮ ਕਰਨੋਂ ਜਵਾਬ ਦੇ ਗਈ ਸੀ। ਉਹ ਲੜਾਈ ਦੇ ਮੈਦਾਨੋਂ ਪਿਛੇ ਹਟ ਗਿਆ। ਉਸਨੇ ਆਪਣੀ ਵਰਦੀ ਫਾੜ ਦਿਤੀ। ਹਥਿਆਰ ਦੂਰ ਵਗਾਹ ਮਾਰੇ, ਤੇ ਮਾਮੂਲੀ ਬਸਤਰ ਪਹਿਨ ਉਸਨੇ ਗੁਰੂ ਜੀ ਦੇ ਇਸ਼ਾਰੇ ਇਸ਼ਾਰੇ ਨਾਲ ਹੀ ਦੱਸੇ ਪਹਾੜੀ ਅਸਥਾਨ ਤੇ ਇਕ ਲੁਕੀ-ਛਿਪੀ ਇਕਾਂਤ ਗੁਫ਼ਾ ਵਿਚ ਅੱਲਾ ਦੀ ਯਾਦ ਵਿਚ ਜਾ ਡੇਰਾ ਲਾਇਆ।

ਜਦੋਂ ਗੁਰੂ ਜੀ ਅਨੰਦਪੁਰ ਛੱਡਣ ਮਗਰੋਂ ਮਾਲਵੇ 'ਚੋਂ ਹੁੰਦੇ ਹੋਏ ਨਾਦੇੜ ਜਾ ਪਹੁੰਚੇ ਤਾਂ ਅਬਚਲ ਨਗਰ ਵਿਖੇ ਅਨੰਦਪੁਰ ਵਾਂਗ ਦੀਵਾਨ ਸਜਣ ਲੱਗ ਪਏ। ਉਨ੍ਹੀਂ ਦਿਨੀਂ ਇਹੀ ਸੱਯਦ ਖ਼ਾਂ ਆਪਣੇ ਮੁਰਸ਼ਦ ਦੇ ਵਿਛੋੜੇ ਕਾਰਨ ਡਾਢਾ ਨਿਢਾਲ ਹੋ ਗਿਆ। ਉਹ ਆਪਣੀ ਭੈਣ ਨਸੀਰਾਂ ਨੂੰ ਮਿਲਿਆ। ਉਹ ਵੀ ਪ੍ਰੀਤਮ ਵਿਛੋੜੇ ਵਿਚ ਰੁਦਨ ਕਰਦੀ ਰਹਿੰਦੀ ਸੀ। ਸੱਯਦ ਖ਼ਾਂ, ਗੁਰੂ ਜੀ ਨੂੰ ਮਾਛੀਵਾੜੇ ਦੇ ਜੰਗਲ ਵਿਚ ਢੂੰਡਦਾ ਮਾਲਵੇ ਜਾ ਪਹੁੰਚਿਆ। ਉਥੋਂ ਉਸਨੂੰ ਪਤਾ ਲੱਗਾ, ਕਿ ਅੱਜ ਕਲ੍ਹ ਗੁਰੂ ਜੀ ਦੂਰ-ਦੁਰਾਡੇ ਦੇਸ਼ ਦੱਖਣ ਚਲੇ ਗਏ ਹਨ। ਉਹ ਦਿਨ ਰਾਤ ਦੀਆਂ ਮੰਜ਼ਲਾਂ ਮਾਰਦਾ ਨਾਂਦੇੜ ਜਾ ਪਹੁੰਚਿਆ। ਇਥੇ ਆਪਣੇ ਅਰਸ਼ੀ ਪ੍ਰੀਤਮ ਨੂੰ ਵੇਖ ਉਹ ਗਦ-ਗਦ ਹੋ ਗਿਆ। ਗੁਰੂ ਜੀ ਤੋਂ ਉਸਨੂੰ ਬੜਾ ਪਿਆਰ ਮਿਲਿਆ। ਉਹ ਦਿਨ ਰਾਤ ਉਨ੍ਹਾਂ ਦੀ ਸੰਗਤ ਵਿਚ ਹੀ ਰਿਹਾ ਕਰੇ। ਗੁਰੂ ਜੀ ਵੀ ਉਸਨੂੰ ਵਾਪਸ ਘਰ ਪਰਤਣ ਦੀ ਆਗਿਆ ਨਹੀਂ ਸਨ ਦੇਂਦੇ। ਇਸ ਤਰ੍ਹਾਂ ਇਲਾਹੀ ਅਨੰਦ ਮਾਣਦਿਆਂ ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹੀਨੇ ਬੀਤ ਗਏ। ਸੱਯਦ ਖ਼ਾਂ ਨੂੰ ਆਪਣੇ ਘਰ ਤੇ ਪਰਵਾਰ ਦੀ ਵੀ ਸੋਝੀ ਨਾ ਰਹੀ। ਅਚਾਨਕ ਇਕ ਦਿਨ ਇਕ ਹਰਕਾਰਾ ਸਾਰੇ ਪੰਜਾਬ ਦੀ ਧਰਤੀ ਛਾਣਦਾ ਨਾਂਦੇੜ ਆਣ ਪੁਜਾ। ਉਸ ਸਮੇਂ ਗੁਰੂ ਜੀ ਆਪਣੇ ਪ੍ਰੇਮੀਆਂ ਨਾਲ ਵਾਰਤਾਲਾਪ ਕਰ ਰਹੇ ਸਨ। ਬੜਾ ਅਨੰਦਮਈ ਦ੍ਰਿਸ਼ ਸੀ। ਹਰਕਾਰੇ ਨੇ ਚਿੱਠੀ ਸੱਯਦ ਖ਼ਾਂ ਹੱਥ ਫੜਾਈ। ਸੱਯਦ ਖ਼ਾਂ ਨੇ ਚਿੱਠੀ ਪੜ੍ਹ ਕੇ ਗੁਰੂ ਜੀ ਦੇ ਹਵਾਲੇ ਕਰ ਦਿਤੀ। ਇਹ ਚਿੱਠੀ ਉਸਦੀ ਭੈਣ ਨਸੀਰਾਂ ਵਲੋਂ ਸੀ। ਗੁਰੂ ਜੀ ਨੇ ਚਿੱਠੀ ਪੜ੍ਹੀ, ਉਸ ਵਿਚ ਲਿਖਿਆ ਸੀ, "ਮੇਰਿਆ ਵੀਰਾ ! ਸ਼ਾਹ ਸਾਹਿਬ (ਸੱਯਦ ਬੁਧੂ ਸ਼ਾਹ) ਨੂੰ ਜ਼ਾਲਮਾਂ ਨੇ, ਕਲ੍ਹ ਨਵਾਬ ਉਸਮਾਨ ਖ਼ਾਨ ਦੇ ਹੁਕਮ ਨਾਲ ਫੜ ਲਿਆ ਸੀ, ਤੇ ਉਨ੍ਹਾਂ ਨੂੰ ਜੰਗਲ ਵਿਚ ਲਿਜਾ ਕੇ ਤਸੀਹੇ ਦੇ ਦੇ ਬੜੀ ਬੁਰੀ ਤਰ੍ਹਾਂ ਸ਼ਹੀਦ ਕਰ ਦਿਤਾ ਹੈ। ਹੁਣ ਮੇਰੀ ਵਾਰੀ ਹੈ। ਆਪਣੇ ਪ੍ਰੀਤਮ ਦੇ ਦਰਸ਼ਨ ਕੀਤਿਆਂ ਜੁਗੜੇ ਬੀਤ ਗਏ ਹਨ। ਉਸ ਪਿਆਰੇ ਦੀ ਪਿਆਰੀ ਯਾਦ ਤੇ ਸੂਰਬੀਰ ਦਾ ਇਲਾਹੀ ਸੁਹੱਪਣ ਆਪਣੀਆਂ ਅੱਖੀਆਂ ਵਿਚ ਸਮੋਈ ਬੈਠੀ ਹਾਂ। ਇਸੇ ਲਈ ਮੌਤ ਤੋਂ ਬਿਲਕੁਲ ਡਰ ਨਹੀਂ ਲੱਗਦਾ। ਮੇਰਾ ਅੰਦਰ ਅੱਜ ਭਰਿਆ ਲੱਗਦਾ ਹੈ। ਮੌਤ ਨੂੰ ਜੱਫੀ ਪਾਣ ਸਮੇਂ ਮੈਨੂੰ ਦੁਖ ਨਹੀਂ ਹੋਵੇਗਾ। ਅੱਜ ਨਵਾਬ ਉਸਮਾਨ ਖ਼ਾਂ ਦੇ ਸਿਪਾਹੀ ਘਰ ਘਰ ਫਿਰ ਕੇ ਤਲਾਸ਼ੀਆਂ ਲੈ ਰਹੇ ਹਨ। ਮੇਰੀ ਵਾਰੀ ਅੱਜ ਜਾਂ ਭਲਕ ਆਈ ਸਮਝੋ......।"

ਚਿੱਠੀ ਵਿਚ ਅੱਗੇ ਲਿਖਿਆ ਸੀ : "ਅੱਜ ਦੂਜਾ ਦਿਨ ਹੈ, ਵੀਰ ! ਜ਼ਾਲਮ ਸਾਡੇ ਘਰ ਪਹੁੰਚ ਗਏ ਹਨ। ਮੈਂ ਆਪਣੇ ਸਿਰ ਤੇ ਸਫ਼ੈਦ ਪਟਕਾ ਲਪੇਟ ਲਿਆ ਹੈ, ਤੇ ਆਪਣੇ ਗਾਤਰੇ ਕਿਰਪਾਨ ਸਜਾ ਲਈ ਹੈ। ਹੁਣ ਮੈਂ ਇਕ ਸਿਪਾਹੀ ਦੀ ਵਰਦੀ ਵਿਚ ਹਾਂ। ਤੇਰੀ ਭੈਣ ਨਸੀਰਾਂ, ਆਪਣੇ ਪਿਆਰੇ ਪ੍ਰੀਤਮ ਦੀ ਨਸੀਰਾਂ, ਆਪਣੀ ਮੌਤ ਸਮੇਂ ਬਹੁਤ ਖ਼ੁਸ਼ ਹੈ। ਵੀਰ, ਅਲਵਿਦਾ ! ਬਸ ਮੈਂ ਹੁਣ ਜਾ ਰਹੀ ਹਾਂ !! ਸਵੱਰਗ ਵਿਚ ਆਪਣੇ ਪ੍ਰੀਤਮ ਤੇ ਵੀਰੇ ਨਾਲ ਮੁਲਾਕਾਤ ਹੋਵੇਗੀ...ਅਲਵਿਦਾ......।"

ਗੁਰੂ ਜੀ ਨੇ ਚਿੱਠੀ ਪੜ੍ਹੀ ਤੇ ਅੱਖਾਂ ਮੁੰਦ ਲਈਆਂ। ਕਿੰਨਾ ਚਿਰ ਉਹ ਆਪਣੀ ਬੇਟੀ ਨਸੀਰਾਂ ਦੀ ਯਾਦ ਵਿਚ ਗੜੂੰਦ ਰਹੇ......।[1]

ਇਹ ਸਾਰੀਆਂ ਖ਼ਬਰਾਂ ਬੰਦੇ ਨੂੰ ਪਹੁੰਚ ਰਹੀਆਂ ਸਨ। ਉਸਨੂੰ ਆਪਣੇ ਗੁਰੂ ਦੇ ਮਾਸੂਮ ਬਾਲਾਂ ਦੀ ਸ਼ਹਾਦਤ ਚੰਗੀ ਤਰ੍ਹਾਂ ਯਾਦ ਸੀ। ਸੂਰਬੀਰ ਬੰਦਾ ਬਹਾਦਰ, ਗੁਰੂ ਜੀ ਦੇ ਪਿਆਰੇ ਸੱਯਦ ਬੁਧੂ ਸ਼ਾਹ, ਉਨ੍ਹਾਂ ਦੀ ਬੇਗਮ ਨਸੀਰਾਂ ਤੇ ਹੋਰ ਕਿੰਨੇ ਹੀ ਬੇਗੁਨਾਹ ਹਿੰਦੂ ਮੁਸਲਮਾਨਾਂ ਦੇ ਕਾਤਲ ਵਜ਼ੀਰ ਖ਼ਾਂ ਅਤੇ ਗੁਰੂ ਮਾਰੀ ਸਰਹੰਦ ਤੇ ਕਚੀਚੀਆਂ ਵਟ ਰਿਹਾ ਸੀ ਤੇ ਅਖ਼ੀਰ ਜਦ ਸਿੱਖਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਬਜਾ ਦਿਤੀ, ਤੇ ਜ਼ਾਲਮ ਵਜ਼ੀਰ ਖ਼ਾਂ ਤੇ ਉਸਦੇ ਹਮਾਇਤੀ ਦੀਵਾਨ ਸੁਚਾ ਨੰਦ ਦੀਆਂ ਲਾਸ਼ਾਂ ਸਰਹੰਦ ਦੀਆਂ ਗਲੀਆਂ ਵਿਚ ਰੁਲ ਰਹੀਆਂ ਸਨ, ਤਾਂ ਵੀ ਬੰਦੇ ਨੂੰ ਹਾਲੀਂ ਪੂਰੀ ਤਰ੍ਹਾਂ ਸੰਤੋਸ਼ ਨਹੀਂ ਸੀ। ਉਹ ਜਰਵਾਣਿਆਂ ਤੋਂ, ਹਰ

1. ਪ੍ਰੋ: ਪੂਰਨ ਸਿੰਘ—ਸਿੱਖ ਮਾਰਟਰਜ਼

CC-0. In Public Domain. Gurukul Kangri Collection, Haridwar

ਕੀਮਤ ਤੇ, ਗੁਰੂਆਂ ਦੀ ਸਾਰੀ ਧਰਤੀ—ਪੰਜਾਬ—ਖ਼ਾਲੀ ਕਰਾਉਣਾ ਚਾਹੁੰਦਾ ਸੀ। ਉਹ
Digitized by Arya Samaj Foundation Chennai and eGangotri
ਕਿਸੇ ਮਜ਼ਬ ਦਾ ਵੈਰੀ ਨਹੀਂ ਸੀ। ਉਹ ਜ਼ੁਲਮ ਤੇ ਅਨਿਆਂ ਦਾ ਕੱਟੜ ਦੁਸ਼ਮਣ ਸੀ। ਉਸਦੀ ਅਪਣੀ ਫ਼ੌਜ ਵਿਚ ਪੰਜ ਹਜ਼ਾਰ ਮੁਸਲਮਾਨ ਭਰਤੀ ਸਨ, ਜਿਨ੍ਹਾਂ ਨੇ ਕਈ ਜੰਗਾਂ ਵਿਚ ਬੰਦੇ ਦਾ ਸਾਥ ਦਿਤਾ। ਉਨ੍ਹਾਂ ਮੁਸਲਮ ਫ਼ੌਜੀਆਂ ਨੂੰ ਖ਼ੁਤਬੇ, ਨਮਾਜ਼ ਤੇ ਰੋਜ਼ੇ ਰਖਣ ਦੀ ਪੂਰੀ ਪੂਰੀ ਖੁਲ੍ਹ ਸੀ। ਬੰਦੇ ਬਹਾਦਰ ਨੇ ਐਲਾਨ ਕੀਤਾ ਸੀ, ਕਿ "ਮੁਸਲਮਾਨਾਂ ਨਾਲ ਸਾਡਾ ਕੋਈ ਵਿਰੋਧ ਨਹੀਂ।"[1]

ਇਹੀ ਨੀਤੀ ਗੁਰੂ ਗੋਬਿੰਦ ਸਿੰਘ ਜੀ ਤੋਂ ਲੈ ਕੇ ਸਿੱਖ ਮਿਸਲਦਾਰਾਂ ਤੇ ਉਸ ਤੋਂ ਪਿਛੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਤੀਕ ਇਨ ਬਿਨ ਇਸੇ ਤਰ੍ਹਾਂ ਹੀ ਅਪਨਾਈ ਜਾਂਦੀ ਰਹੀ। ਸਿੱਖਾਂ ਦੇ ਪਵਿੱਤਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਨੀਂਹ ਵੀ ਇਕ ਪੁਜੇ ਹੋਏ ਮਹਾਨ ਮੁਸਲਮ ਸੰਤ ਮੀਆਂ ਮੀਰ ਜੀ ਨੇ ਰਖੀ ਸੀ।

ਬੰਦਾ ਸਿੰਘ ਬਹਾਦਰ ਨੇ ਜੋ ਆਜ਼ਾਦੀ ਦੀ ਤੜਪ ਪੰਜਾਬੀਆਂ, ਤੇ ਵਿਸ਼ੇਸ਼ ਕਰਕੇ ਸਿੱਖ ਹਿਰਦਿਆਂ ਵਿਚ ਪੈਦਾ ਕੀਤੀ ਸੀ, ਉਹ ਬੰਦਾ ਸਿੰਘ ਦੀ ਸ਼ਹਾਦਤ ਮਗਰੋਂ ਸੰਨ 1716 ਤੋਂ 1765 ਈ: ਤੀਕ ਇਨਕਲਾਬ ਦਾ ਰੂਪ ਧਾਰਨ ਕਰ ਗਈ। ਉਹ ਕਿੰਨਾ ਤਕੜਾ ਸੰਘਰਸ਼ ਸੀ, ਜੋ ਈਰਾਨੀ ਤੇ ਦੁਰਾਨੀ ਹਮਲਾਆਵਰਾਂ ਵਿਰੁਧ ਲਗਾਤਾਰ ਚਲਦਾ ਰਿਹਾ। ਬੰਦਾ ਬਹਾਦਰ ਦੀ ਸ਼ਹਾਦਤ ਮਗਰੋਂ ਲਗਪਗ ਪੂਰੀ ਅੱਧੀ ਸਦੀ ਸਿੱਖਾਂ ਤੇ ਜ਼ੁਲਮਾਂ ਤੇ ਅੱਤਿਆਚਾਰਾਂ ਦੇ ਝਖੜ ਝੁਲਦੇ ਰਹੇ।

ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੇ ਸੰਨ 1710 ਈ: ਵਿਚ ਸਿੱਖਾਂ ਦੇ ਕਤਲੇ-ਆਮ ਦਾ ਫ਼ੁਰਮਾਨ ਜਾਰੀ ਕਰ ਦਿਤਾ ਸੀ, ਪਰ ਉਹ ਆਪ ਛੇਤੀ ਹੀ ਮੌਤ ਦੀ ਗੋਦ ਵਿਚ ਜਾ ਸੁੱਤਾ। ਇਸ ਮਗਰੋਂ ਉਸਦੇ ਪੋਤੇ ਫ਼ਰਖ਼ਸੀਅਰ ਨੇ ਬੰਦੇ ਬਹਾਦਰ ਦੀ ਸ਼ਹਾਦਤ ਮਗਰੋਂ ਫਿਰ ਉਹੀ ਹੁਕਮ ਦੋਹਰਾ ਦਿਤਾ। ਉਹ, ਇਸ ਬਾਗ਼ੀ ਜਥੇਬੰਦੀ ਨੂੰ ਜੜ੍ਹੋਂ ਖ਼ਤਮ ਕਰਨ ਤੇ ਤੁਲਿਆ ਹੋਇਆ ਸੀ। ਉਸ ਸਮੇਂ ਪਿੰਡਾਂ ਤੇ ਸ਼ਹਿਰਾਂ 'ਚੋਂ ਹੀ ਨਹੀਂ, ਜੰਗਲਾਂ ਤੇ ਪਹਾੜਾਂ 'ਚੋਂ ਵੀ ਢੂੰਡ ਢੂੰਡ ਕੇ ਸਿੱਖਾਂ ਨੂੰ ਕਤਲ ਕੀਤਾ ਗਿਆ।

ਬੰਦਾ ਬਹਾਦਰ ਨੂੰ ਦਿੱਲੀ ਵਿਖੇ ਸ਼ਹੀਦ ਕਰਨ ਤੋਂ ਪਹਿਲਾਂ ਫ਼ਰਖ਼ਸੀਅਰ ਨੇ ਪੁਛਿਆ, "ਐ ਬਾਗ਼ੀ ਸਗ (ਕੁੱਤੇ) ਤੂ ਕਿਹੜੀ ਮੌਤ ਮਰਨੀ ਚਾਹੁੰਦਾ ਏਂ ?"

ਬੰਦਾ ਬਹਾਦਰ ਨੇ ਬੜੀ ਦਲੇਰੀ ਨਾਲ ਉੱਤਰ ਦਿਤਾ, "ਜਿਸ ਤਰ੍ਹਾਂ ਦੀ ਮੌਤ ਤੂੰ ਆਪਣੇ ਲਈ ਪਸੰਦ ਕਰਦਾ ਏਂ, ਉਹੀ ਮੈਨੂੰ ਕਬੂਲ ਹੈ।"

ਫ਼ਰਖ਼ਸੀਅਰ ਉਸ ਸਮੇਂ ਸ਼ਹਿਨਸ਼ਾਹ ਹਿੰਦ ਦੇ ਮਹਾਨ ਤਖ਼ਤ ਤੇ ਬੈਠਾ ਸੀ। ਉਸ ਹੰਕਾਰੀ ਨੂੰ ਕੀ ਪਤਾ ਸੀ, ਕਿ ਬੰਦੇ ਬਹਾਦਰ ਦੀ ਭਵਿੱਖ ਬਾਣੀ ਸੱਚੀ ਹੋ ਕੇ ਰਹੇਗੀ। ਪੂਰੇ ਤਿੰਨ ਸਾਲ ਉਸਨੇ ਸਿੱਖਾਂ ਦੇ ਖ਼ੂਨ ਨਾਲ ਪੰਜਾਬ ਦੇ ਨਾਲ ਲੱਗਦੇ ਜੰਗਲਾਂ ਤੇ ਪਹਾੜਾਂ ਨੂੰ

---

1. ਅਖ਼ਬਾਰ ਦਰਬਾਰੇ ਮੁਅੱਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰੰਗ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਸ਼ਹੀਦ ਹੋ ਗਏ। ਉਸ ਸਮੇਂ ਸਿੰਘਾਂ ਨੇ ਪੰਜਾਬ ਦੇ ਪਿੰਡਾਂ ਨੂੰ ਤਿਆਗ ਦਿਤਾ। ਉਹ ਅਨੰਦਪੁਰ ਨੇੜੇ ਦੀਆਂ ਪਹਾੜੀਆਂ, ਕਾਹਨੂਵਾਨ ਦੇ ਛੰਭ, ਤੇ ਲਖੀ ਜੰਗਲ ਵਿਚ ਲੁਕ-ਛਿਪ ਕੇ ਦਿਨ-ਕਟੀ ਕਰਨ ਲੱਗੇ।

ਸੰਨ 1719 ਵਿਚ ਬੰਦੇ ਬਹਾਦਰ ਦੀ ਭਵਿਖ ਬਾਣੀ ਸੱਚੀ ਹੋ ਕੇ ਰਹੀ। 28 ਫ਼ਰਵਰੀ, 1719 ਈ: ਨੂੰ ਫ਼ਰਖ਼ਸੀਅਰ ਵਿਰੁਧ ਇਕ ਸਾਜ਼ਸ਼ ਰਚੀ ਗਈ। ਉਸਨੂੰ ਮਹੱਲ ਦੇ ਅੰਦਰ ਫੜ ਕੇ ਰੱਸੀਆਂ ਨਾਲ ਜਕੜ ਦਿਤਾ ਗਿਆ। ਇਸ ਮਗਰੋਂ ਉਸ ਦੀਆਂ ਅੱਖਾਂ ਕਢ ਦਿਤੀਆਂ ਗਈਆਂ। ਉਸਨੂੰ ਕਤਲ ਕਰਨ ਮਗਰੋਂ ਬਹਾਦਰ ਸ਼ਾਹ ਦੇ ਦੂਜੇ ਪੋਤੇ ਰਫ਼ੀਓ-ਦਰ-ਜਾਤ ਨੂੰ ਜਿਹਲੋਂ ਕਢ ਕੇ ਜਿਹਲ ਵਾਲੇ ਕਪੜਿਆਂ ਵਿਚ ਹੀ ਤਖ਼ਤ ਤੇ ਬਿਠਾ ਦਿਤਾ ਗਿਆ, ਕਿਉਂਕਿ ਮਹੱਲ ਅੰਦਰ ਤੇ ਬਾਹਿਰ ਇੰਨਾ ਸ਼ੋਰ ਤੇ ਹਲਚਲ ਸੀ, ਕਿ ਤਖ਼ਤ ਤੇ ਬਿਠਾਣ ਤੋਂ ਪਹਿਲਾਂ ਉਸਨੂੰ ਨੁਹਾਣ ਤੇ ਸ਼ਾਹੀ ਬਸਤਰ ਪੁਆਣ ਦਾ ਵੀ ਸਮਾਂ ਨਹੀਂ ਸੀ। ਉਸ ਸਮੇਂ ਪੰਜਾਬ ਵਿਚ ਅਬਦੁਲ ਸਮਦ ਖ਼ਾਨ ਦੀ ਹਕੂਮਤ ਸੀ, ਪਰ ਸੰਨ 1726 ਈ: ਵਿਚ ਜਦ ਜ਼ਕਰੀਆ ਖ਼ਾਂ ਵਰਗੇ ਜ਼ਾਲਮ ਤੇ ਮੁਤੱਸਬ ਸੂਬੇਦਾਰ ਨੇ ਹਕੂਮਤ ਦੀ ਵਾਗਡੋਰ ਸੰਭਾਲੀ, ਤਾਂ ਉਹ ਸਿੱਖਾਂ ਨੂੰ ਸਿਰਿਉਂ ਹੀ ਖ਼ਤਮ ਕਰਨ ਵਿਚ ਆਪਣੇ ਪਿਓ ਅਬਦੁਲ ਸਮਦ ਖ਼ਾਨ ਤੋਂ ਵੀ ਚਾਰ ਕਦਮ ਅੱਗੇ ਲੰਘ ਜਾਣਾ ਚਾਹੁੰਦਾ ਸੀ। ਇਹ ਸਮਾਂ ਸਿੱਖਾਂ ਤੇ ਸਖ਼ਤ ਕਹਿਰਾਂ ਦਾ ਵਕਤ ਸੀ, ਫਿਰ ਵੀ ਸਿੱਖ, ਜਬਰੋ-ਸਿਤਮ ਦੀ ਇੰਨੀ ਤੇਜ਼ ਚਲ ਰਹੀ ਚੱਕੀ ਦੇ ਬਾਵਜੂਦ ਦਾਅ ਤਾੜ ਕੇ ਮੈਦਾਨ ਵਿਚ ਨਿਤਰ ਆਉਂਦੇ ਤੇ ਕਿਸੇ ਪੁਲਸੀ ਚੌਕੀ ਜਾਂ ਖ਼ਜ਼ਾਨੇ ਤੇ ਹੱਥ ਸਾਫ਼ ਕਰਕੇ ਹਰਨ ਹੋ ਜਾਂਦੇ।

ਕੰਧਾਰ ਦੇ ਇਮਾਮ ਕੁਲੀ ਦੇ ਬੇਟੇ ਨਾਦਰ ਕੁਲੀ (ਨਾਦਰ ਸ਼ਾਹ) ਨੇ ਸੰਨ 1739 ਈ: ਵਿਚ ਹਿੰਦ ਤੇ ਹਮਲਾ ਕਰ ਦਿਤਾ। ਉਹ ਪੰਜਾਬ ਤੋਂ ਹੋ ਕੇ ਦਿੱਲੀ ਤੀਕ ਲੁਟ-ਮਾਰ ਕਰਦਾ ਅੰਧੇਰੀ ਵਾਂਗ ਦਿੱਲੀ ਸ਼ਹਿਰ ਵਿਚ ਦਾਖ਼ਲ ਹੋ ਗਿਆ ਤੇ ਬੇਕਸੂਰ ਦਿੱਲੀ ਵਾਸੀਆਂ ਦੇ ਕਤਲੇ-ਆਮ ਦਾ ਹੁਕਮ ਦੇ ਦਿਤਾ। ਦਿੱਲੀ ਤੋਂ ਕਰੋੜਾਂ ਰੁਪਿਆਂ ਦਾ ਮਾਲ ਲੁਟ-ਪੁਟ ਤੇ ਜ਼ਕਰੀਆ ਖ਼ਾਨ ਤੋਂ ਇਕ ਕਰੋੜ ਨਕਦ ਦਾ ਤਾਵਾਨ ਵਸੂਲ ਕਰਨ ਮਗਰੋਂ ਉਹ ਪੰਜਾਬ 'ਚੋਂ ਲੰਘ ਰਿਹਾ ਸੀ, ਤਾਂ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਬੈਠੇ ਸਿੱਖ ਇਹ ਬਰਦਾਸ਼ਤ ਨਾ ਕਰ ਸਕੇ, ਕਿ ਇਹ ਲੁਟੇਰਾ ਭਾਰਤ ਦੀ ਇੰਨੀ ਦੌਲਤ ਲੁਟ ਕੇ ਬੇ-ਰੋਕ ਟੋਕ ਈਰਾਨ ਜਾ ਪਹੁੰਚੇ। ਉਹ ਪਹਾੜਾਂ 'ਚੋਂ ਨਿਕਲੇ ਤੇ ਨਾਦਰ ਦੀ ਲੁਟ ਤੇ ਜਾ ਪਏ। ਲੁਟ ਦਾ ਬਹੁਤ ਸਾਰਾ ਮਾਲ ਸਮੇਟ ਉਹ ਫਿਰ ਸ਼ਿਵਾਲਕ ਦੀਆਂ ਪਹਾੜੀਆਂ ਪਿਛੇ ਅਲੋਪ ਹੋ ਗਏ। ਇਕ ਗੁਮਨਾਮ ਜਿਹੇ ਫ਼ੌਜੀ ਦਸਤੇ ਦੀ ਇਹ ਦਲੇਰੀ ਵੇਖ ਨਾਦਰ ਸ਼ਾਹ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਪੁਛਿਆ, "ਇਹ ਲੋਕ ਕੌਣ ਹਨ, ਜੋ ਸਾਡੀ ਲੱਖਾਂ ਦੀ ਫ਼ੌਜ ਤੇ ਕਦੀ ਪਿਛੇ, ਕਦੀ ਅੱਗੇ ਤੇ ਕਦੀ ਵਿਚਕਾਰ ਆ ਛਾਪਾ ਮਾਰ, ਸਾਡੇ ਫੌਜੀਆਂ ਦੇ ਤਿਆਰ ਹੋਣ ਤੋਂ ਪਹਿਲਾਂ ਹੀ ਲੁਟ-ਮਾਰ ਤੇ ਕਤਲ ਕਰਕੇ ਅਲੋਪ ਹੋ ਜਾਂਦੇ ਹਨ? ਮੈਨੂੰ ਇਨ੍ਹਾਂ ਦੀ ਰਿਹਾਇਸ਼ ਦਸ, ਤਾਂਜੋ ਮੈਂ ਇਨ੍ਹਾਂ ਦਾ ਨਾਮੋ-ਨਿਸ਼ਾਨ ਮਿਟਾ ਦਿਆਂ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਕਰੀਆ ਖ਼ਾਨ ਕੁਝ ਦੇਰ ਚੁਪ ਰਹਿਣ ਮਗਰੋਂ ਬੋਲਿਆ, "ਹਜ਼ੂਰ ! ਇਹ ਲੋਕ, ਹਿੰਦੂਆਂ ਮੁਸਲਮਾਨਾਂ ਤੋਂ ਬਿਲਕੁਲ ਨਿਆਰੇ ਹਨ, ਤੇ ਸਿੱਖ ਧਰਮ ਦੇ ਅਨੁਆਈ ਹਨ। ਜੰਗਲ ਬੇਲੇ ਤੇ ਪਹਾੜ ਇਨ੍ਹਾਂ ਦਾ ਮੁਲਕ ਹੈ, ਤੇ ਘੋੜਿਆਂ ਦੀਆਂ ਕਾਠੀਆਂ ਇਨ੍ਹਾਂ ਦਾ ਰੈਣ ਬਸੇਰਾ ਹੈ। ਇਹ ਘੋੜੇ ਤੇ ਚੜ੍ਹੇ ਚੜ੍ਹੇ ਤੇ ਧਰਤੀ ਤੇ ਖੜੇ ਖੜੋਤੇ ਸੌਂ ਜਾਂਦੇ ਹਨ, ਤੇ ਤੁਰਦੇ ਹੋਏ ਤੇ ਨੱਠੇ ਜਾਂਦੇ ਹੀ, ਜੋ ਮਿਲੇ ਉਹ ਖਾ ਲੈਂਦੇ ਹਨ। ਇਨ੍ਹਾਂ ਨੇ ਲੂਣ, ਮਿਰਚ ਮਸਾਲੇ ਤੇ ਘਿਓ ਕਦੀ ਚਖ ਕੇ ਵੀ ਨਹੀਂ ਵੇਖਿਆ, ਨਾ ਇਨ੍ਹਾਂ ਨੂੰ ਇਹ ਨਿਆਮਤਾਂ ਮੁਯੱਸਰ ਹੀ ਹਨ। ਨਾਂਹ ਇਹ ਗਰਮੀਆਂ ਵਿਚ ਪਾਣੀ ਲਭਦੇ ਹਨ, ਨਾ ਸਰਦੀਆਂ ਵਿਚ ਠੰਢ ਤੋਂ ਬਚਣ ਲਈ ਅਗਨੀ। ਅਸੀਂ ਇਨ੍ਹਾਂ ਨੂੰ ਤਸੀਹੇ ਦੇ ਦੇ ਮਾਰਦੇ ਹਾਂ, ਪਰ ਇਹ, ਇਨ੍ਹਾਂ ਦੁਖ ਕਲੇਸ਼ਾਂ ਨੂੰ ਪ੍ਰਭੂ ਦਾ ਭਾਣਾ ਕਰਕੇ ਮੰਨਦੇ ਹਨ। ਇਕ ਇਕ ਸਿੱਖ ਸਾਡੇ ਸੌ ਸੌ ਫੌਜੀਆਂ ਨਾਲ ਲੜਨ ਲਈ ਮੈਦਾਨ ਵਿਚ ਆ ਨਿਤਰਦਾ ਹੈ। ਇਹ ਲੋਕ ਮੌਤ ਤੋਂ ਬਿਲਕੁਲ ਨਹੀਂ ਡਰਦੇ। ਅਸੀਂ ਇਨ੍ਹਾਂ ਨੂੰ ਕਤਲ ਕਰ ਕਰ ਥੱਕ ਗਏ ਹਾਂ, ਫਿਰ ਵੀ ਇਹ ਲੋਕ ਵਧੀ ਚਲੇ ਜਾਂਦੇ ਹਨ।"

ਇਹ ਸੁਣ ਨਾਦਰ ਸ਼ਾਹ ਬੜਾ ਹੈਰਾਨ ਹੋਇਆ, ਤੇ ਜ਼ਕਰੀਏ ਨੂੰ ਪੁਛਿਆ, "ਇਹ ਲੋਕ ਕਿਸ ਪੀਰ ਦੀ ਉਮਤ ਹਨ ?"

ਜ਼ਕਰੀਆ ਬੋਲਿਆ, "ਹਜ਼ੂਰ ! ਬਾਬਾ ਨਾਨਕ ਫ਼ਕੀਰ ਇਨ੍ਹਾਂ ਦਾ ਮੁਰਸ਼ਦ ਸੀ। ਉਸਦੇ ਜਾਂਨਸ਼ੀਨ ਗੁਰੂ ਅਰਜਨ ਦੇਵ ਨੂੰ ਜਹਾਂਗੀਰ ਨੇ, ਤੇ ਗੁਰੂ ਤੇਗ ਬਹਾਦਰ ਨੂੰ ਔਰੰਗਜ਼ੇਬ ਨੇ ਕਤਲ ਕਰਵਾ ਦਿਤਾ। ਇਨ੍ਹਾਂ ਦੇ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਦੇ ਦੋ ਪੁਤਰ ਔਰੰਗਜ਼ੇਬ ਵਿਰੁਧ ਲੜਦਿਆਂ ਹੋਇਆਂ ਲੜਾਈ ਵਿਚ ਮਾਰੇ ਗਏ ਤੇ ਦੋ ਪੁਤਰਾਂ ਨੂੰ ਸਰਹੰਦ ਦੇ ਨਵਾਬ ਵਜ਼ੀਰ ਖ਼ਾਂ ਨੇ ਜੀਂਦਿਆਂ ਜੀਅ ਕੰਧਾਂ ਵਿਚ ਚਿਣਵਾ ਦਿਤਾ। ਇਨ੍ਹਾਂ ਦੇ ਇਕ ਵਡੇ ਆਗੂ ਬੰਦਾ ਬਹਾਦਰ ਨੂੰ ਫ਼ਰਖ਼ਸੀਅਰ ਨੇ ਦਿੱਲੀ ਕਤਲ ਕਰਵਾ ਦਿਤਾ। ਇਸ ਮਗਰੋਂ ਹਜ਼ਾਰਾਂ ਹੀ ਸਿੱਖ ਫੜ ਫੜ ਅਸੀਂ ਕਤਲ ਕੀਤੇ, ਪਰ ਪਤਾ ਨਹੀਂ ਇਹ ਕਿਧਰੋਂ ਫਿਰ ਆ ਸਿਰ ਕਢਦੇ ਹਨ ?"

ਜ਼ਕਰੀਏ ਦੀ ਗੱਲ ਸੁਣ ਈਰਾਨੀ ਲੁਟੇਰਾ ਨਾਦਰ ਸ਼ਾਹ ਹੱਸ ਪਿਆ, ਤੇ ਕਹਿਣ ਲੱਗਾ, "ਜੇ ਇਹ ਗੱਲ ਸੱਚ ਹੈ, ਤਾਂ ਇਨ੍ਹਾਂ ਤੋਂ ਡਰਨਾ ਚਾਹੀਦੈ। ਉਹ ਸਮਾਂ ਨੇੜੇ ਹੀ ਸਮਝੋ, ਜਦ ਇਹ ਲੋਕ ਇਸ ਮੁਲਕ ਦੇ ਹਾਕਮ ਬਣ ਕੇ ਇਥੇ ਹਕੂਮਤ ਕਰਨਗੇ।"

ਨਾਦਰ ਸ਼ਾਹ ਦੀ ਭਵਿੱਖ ਬਾਣੀ ਸੁਣ ਜ਼ਕਰੀਏ ਨੂੰ ਬੜੀ ਨਮੋਸ਼ੀ ਹੋਈ। ਉਸਨੇ ਅੱਗੇ ਹੀ ਸਿੱਖਾਂ ਨਾਲ ਘਟ ਨਹੀਂ ਸੀ ਗੁਜ਼ਾਰੀ, ਪਰ ਨਾਦਰ ਸ਼ਾਹ, ਆਪਣੇ ਦੇਸ਼ ਵਾਪਸ ਪਰਤ ਜਾਣ ਮਗਰੋਂ ਸੰਨ 1739 ਤੋਂ ਸੰਨ 1745 ਈ: ਤੀਕ ਪੂਰੇ ਛੇ ਸਾਲ ਆਪਣੀ ਸਾਰੀ ਸ਼ਕਤੀ ਸਿੱਖਾਂ ਦਾ ਖੁਰਾ ਖੋਜ ਮਿਟਾਣ ਤੇ ਲਗਾ ਦਿਤੀ। ਇਸ ਅਰਸੇ ਵਿਚ ਸਾਰੇ ਪੰਜਾਬ ਵਿਚ ਕੋਈ ਸਿੱਖ ਨਜ਼ਰ ਨਹੀਂ ਸੀ ਆਉਂਦਾ, ਹਾਂ, ਕਦੀ ਕਦਾਈਂ ਉਹ ਦਾਅ ਮਾਰੀ ਜ਼ਰੂਰ ਕਰ ਜਾਂਦੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹੀਂ ਦਿਨੀਂ ਸਿੱਖ ਇਤਿਹਾਸ ਦੀ ਇਕ ਬੜੀ ਵਚਿੱਤਰ ਘਟਨਾ ਵਾਪਰੀ । ਸੰਨ 1739 ਈ: ਦੇ ਅੰਤ ਦੀ ਗੱਲ ਹੈ । ਨਾਦਰ ਸ਼ਾਹ ਦੇ ਈਰਾਨ ਪਰਤ ਜਾਣ ਮਗਰੋਂ ਜਦ ਜ਼ਕਰੀਆ ਖ਼ਾਨ ਨੇ ਸਿੰਘਾਂ ਦਾ ਪਿੰਡਾਂ 'ਚੋਂ ਖੁਰਾ ਖੋਜ ਮਿਟਾ ਦਿਤਾ, ਤਾਂ ਇਕ ਦਿਨ ਤਰਨ ਤਾਰਨ ਤੋਂ ਤਿੰਨ ਕੁ ਮੀਲ ਦੂਰ, ਨੂਰ ਦੀ ਸਰਾਂ ਦੇ ਨੇੜੇ ਕੁਝ ਰਾਹੀਆਂ ਨੇ ਇਕ ਸਿੱਖ ਨੂੰ ਝਾੜੀਆਂ ਪਿਛੇ ਲੁਕ-ਛੁਪ ਕੇ ਜਾਂਦਿਆਂ ਵੇਖਿਆ । ਇਕ ਰਾਹੀ ਦੂਜੇ ਨੂੰ ਕਹਿਣ ਲੱਗਾ, "ਔਹ ਕੋਈ ਸਿੱਖ ਜਾ ਰਿਹਾ ਲੱਗਦੈ।"

ਦੂਜਾ : "ਨਹੀਂ ਬਈ, ਇਹ ਸਿੱਖ ਨਹੀਂ ਹੋਣਾ । ਸਾਰੇ ਸਿੱਖ ਤਾਂ ਸਾਡੀ ਫੌਜ ਨੇ ਮਾਰ ਮੁਕਾਏ ਹਨ ।"

ਪਹਿਲਾ : "ਨਹੀਂ ਬਈ, ਹੈ ਉਹ ਸਿੱਖ ਈ । ਮੈਂ ਆਪਣੀਆਂ ਅੱਖਾਂ ਨਾਲ ਉਸਨੂੰ ਛੁਪ ਕੇ ਨਠਦਿਆਂ ਵੇਖਿਆ ਹੈ ।"

ਦੂਜਾ : "ਤਾਂ ਫਿਰ ਇਹ ਸਿੱਖ ਨਹੀਂ, ਕੋਈ ਗੀਦੀ ਹੋਵੇਗਾ, ਜੋ ਹਕੂਮਤ ਦੇ ਡਰੋਂ ਨਠਿਆ ਫਿਰਦੈ ।"

ਇਹ ਗੱਲਾਂ ਕਰਦੇ ਰਾਹੀ ਤਾਂ ਲੰਘ ਗਏ, ਪਰ ਬੋਤਾ ਸਿੰਘ ਸੰਧੂ ਜੋ ਝਾੜੀਆਂ ਪਿਛੋਂ ਦੀ ਹੋ ਕੇ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਨ ਲਈ ਜਾ ਰਿਹਾ ਸੀ, ਨੂੰ ਇਹ ਤਾਹਨਾ ਗੋਲੀ ਵਾਂਗ ਲੱਗਾ । ਇੰਨੇ ਨੂੰ ਉਸਦਾ ਸਾਥੀ ਗਰਜਾ ਸਿੰਘ ਰੰਗਰੇਟਾ ਵੀ ਉਸਨੂੰ ਆਣ ਮਿਲਿਆ । ਜਦ ਬੋਤਾ ਸਿੰਘ, ਗਰਜਾ ਸਿੰਘ ਨੂੰ ਇਹ ਗੱਲ ਸੁਣਾ ਰਿਹਾ ਸੀ,ਤਾਂ ਗੁਸੇ ਨਾਲ ਲਾਲ ਸੂਹਾ ਹੋ ਬੋਤਾ ਸਿੰਘ ਨੇ ਆਪਣਾ ਸੋਟਾ ਧਰਤੀ ਤੇ ਜ਼ੋਰ ਦੀ ਮਾਰਿਆ । ਉਸੇ ਸਮੇਂ ਦੋਹਾਂ ਸਿੱਖਾਂ ਨੇ ਇਕ ਦਮ ਫੈਸਲਾ ਕਰ ਲਿਆ, ਕਿ ਹੁਣ ਅਸਾਂ ਇਥੋਂ ਗੀਦੀਆਂ ਵਾਂਗ ਨਠ ਕੇ ਨਹੀਂ ਜਾਣਾ । ਹਕੂਮਤ ਨੂੰ ਦਸ ਦੇਣਾ ਹੈ, ਕਿ ਸਿੱਖ ਹਾਲੀਂ ਜੀਂਦੇ ਹਨ । ਇਹ ਦੋਵੇਂ ਬੇ-ਹਥਿਆਰ ਸਨ । ਦੋਹਾਂ ਸੂਰਮਿਆਂ ਨੇ ਨਾਲ ਦੇ ਬ੍ਰਿਛ ਤੋਂ ਦੋ ਮੋਟੇ ਸੋਟੇ ਛਾਂਗ ਲਏ, ਤੇ ਉਨ੍ਹਾਂ ਨੇ ਸਰਾਂ ਦੇ ਨੇੜੇ ਹੀ ਡੇਰਾ ਗੱਡ ਦਿਤਾ । ਆਏ ਗਏ ਗੱਡੇ ਤੋਂ ਉਨ੍ਹਾਂ ਇਕ ਆਨਾ ਗੱਡਾ ਅਤੇ ਖੋਤੇ ਤੋਂ ਇਕ ਪੈਸਾ ਮਸੂਲ ਲੈਣਾ ਸ਼ੁਰੂ ਕਰ ਦਿਤਾ । ਜਦੋਂ ਕਈ ਮਹੀਨੇ ਉਹ ਇਸ ਤਰ੍ਹਾਂ ਮਸੂਲ ਉਗਰਾਂਹਦੇ ਰਹੇ, ਪਰ ਹਕੂਮਤ ਵਲੋਂ ਕੋਈ ਕਦਮ ਨਾ ਚੁਕਿਆ ਗਿਆ, ਤਾਂ ਬੋਤਾ ਸਿੰਘ ਕਾਹਲਾ ਪੈ ਗਿਆ । ਉਸਨੇ ਇਕ ਗੱਡੇ ਵਾਲੇ ਹੱਥ ਜ਼ਕਰੀਆ ਖ਼ਾਨ ਨੂੰ ਚਿੱਠੀ ਲਿਖੀ :

"ਚਿਠੀ ਲਿਖੇ ਸਿੰਘ ਬੋਤਾ, ਹਥ ਹੈ ਸੋਟਾ ਜੋ ਰਾਹ ਮਲ ਖਲੋਤਾ ।
ਆਨਾ ਲਾਇਆ ਗਡੇ ਨੂੰ, ਪੈਸਾ ਲਾਇਆ ਖੋਤਾ ।
ਆਖੋ ਭਾਬੀ ਖਾਨੋ (ਬੇਗਮ ਜ਼ਕਰੀਆ ਖ਼ਾਨ) ਨੂੰ ਯੋਂ ਆਖੇ ਸਿੰਘ ਬੋਤਾ ।"

ਜਦ ਇਹ ਚਿੱਠੀ ਜ਼ਕਰੀਆ ਖ਼ਾਂ ਨੇ ਪੜ੍ਹੀ ਤਾਂ ਉਸ ਗ਼ੁਸਾ ਖਾ ਫੌਰਨ ਫੌਜ ਦੀ ਇਕ ਤਕੜੀ ਟੁਕੜੀ ਇਨ੍ਹਾਂ ਸਿੰਘਾਂ ਨੂੰ ਸੋਧਣ ਲਈ ਘਲ ਦਿਤੀ । ਦੋਹਾਂ ਸਿੰਘਾਂ ਨੇ ਪਿੱਠ ਨਾਲ ਪਿੱਠ ਜੋੜ ਕੇ ਆਪਣੇ ਸੋਟਿਆਂ ਨਾਲ ਫ਼ੌਜ ਦਾ ਟਾਕਰਾ ਕਰਨਾ ਸ਼ੁਰੂ ਕਰ ਦਿਤਾ, ਤੇ ਕਈਆਂ ਨੂੰ ਮੌਤ ਦੇ ਘਾਟ ਉਤਾਰਦੇ ਹੋਏ ਦੋਵੇਂ ਸੂਰਬੀਰ ਸ਼ਹੀਦ ਹੋ ਗਏ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੁਲਾਈ ਸੰਨ 1746 ਈ: ਵਿਚ ਜ਼ਕਰੀਆ ਖ਼ਾਂ ਦੀ ਮੌਤ ਹੋ ਗਈ ਤਾਂ ਉਸਦੇ ਪੁਤਰ ਯਾਹੀਆ ਖ਼ਾਨ ਨੇ ਲਾਹੌਰ ਦੀ ਹਕੂਮਤ ਸੰਭਾਲੀ । ਉਸ ਸਮੇਂ ਦਿੱਲੀ ਦੇ ਤਖ਼ਤ ਤੇ ਮੀਰ ਮੰਨੂੰ ਬੈਠਾ ਹੋਇਆ ਸੀ । ਉਸਨੇ ਵਿਸ਼ੇਸ਼ ਫ਼ਰਮਾਨ ਰਾਹੀਂ ਯਾਹੀਆ ਖ਼ਾਨ ਨੂੰ ਹੁਕਮ ਦਿਤਾ, ਕਿ ਇਸ ਬਾਗ਼ੀ ਟੋਲੇ ਦੇ ਬਚੇ ਖੁਚੇ ਸਭ ਬੰਦੇ ਕਤਲ ਕਰ ਦਿਤੇ ਜਾਣ । ਯਾਹੀਆ ਖ਼ਾਨ ਨੇ ਜ਼ਕਰੀਆ ਖ਼ਾਨ ਨੂੰ ਵੀ ਮਾਤ ਪਾ ਦਿਤਾ, ਉਸਨੇ ਸਿੰਘਾਂ ਨੂੰ ਚੁਣ ਚੁਣ ਕੇ ਕਤਲ ਕਰਵਾਇਆ। ਪ੍ਰਸਿਧ ਮੁਸਲਮ ਇਤਿਹਾਸਕਾਰ ਮੁਹੰਮਦ ਲਤੀਫ਼ ਸਿੱਖਾਂ ਤੇ ਪਈ ਇਸ ਬਿਪਤਾ ਬਾਰੇ ਲਿਖਦਾ ਹੈ :

''ਸੈਂਕੜਿਆਂ ਦੀ ਗਿਣਤੀ ਵਿਚ ਹਰ ਰੋਜ਼ ਸਿੱਖ ਫੜ ਕੇ ਲਾਹੌਰ ਲਿਆਏ ਜਾਂਦੇ, ਤੇ ਘੋੜਾ ਮੰਡੀ ਵਿਚ ਲਿਆ ਕੇ ਉਨ੍ਹਾਂ ਨੂੰ ਕਤਲ ਕੀਤਾ ਜਾਂਦਾ । ਜਦ ਸਿੰਘ ਖ਼ਤਮ ਹੋ ਗਏ ਤਾਂ ਉਨ੍ਹਾਂ ਦੀ ਥਾਂ ਸਿੰਘਣੀਆ ਤੇ ਬਾਲਕਾਂ ਨੂੰ ਜ਼ਬਾਹ ਕੀਤਾ ਜਾਣ ਲੱਗਾ ।''

ਮੰਨੂੰ ਦੇ ਅੰਨ੍ਹੇ ਜ਼ੁਲਮ ਤੇ ਜਬਰ ਸਮੇਂ ਸਿੰਘਾਂ ਵਿਚ ਇਹ ਅਖਾਣ ਪ੍ਰਚਲਤ ਹੋ ਗਿਆ :

ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ,
ਜਿਉਂ ਜਿਉਂ ਮੰਨੂੰ ਵਢਦਾ, ਅਸੀਂ ਦੂਣੇ ਚੌਣੇ ਹੋਏ ।

ਤੇ ਇਹੀ ਮੀਰ ਮੰਨੂੰ 2 ਨਵੰਬਰ ਸੰਨ 17.53 ਈ: ਨੂੰ ਸਿੱਖਾਂ ਦਾ ਪਿੱਛਾ ਕਰਦਾ ਕਰਦਾ ਮਲਕਪੁਰ ਨੇੜੇ ਇਕ ਕਮਾਦ ਦੇ ਖੇਤ 'ਚੋਂ ਸਿੰਘਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ । ਉਸਦਾ ਘੋੜਾ ਗੋਲੀਆਂ ਦੀ ਅਵਾਜ਼ ਸੁਣ ਕੇ ਬੇਕਾਬੂ ਹੋ ਗਿਆ ਤੇ ਮੀਰ ਮੰਨੂੰ ਦਾ ਇਕ ਪੈਰ ਰਕਾਬ ਵਿਚ ਫਸ ਗਿਆ । ਘੋੜਾ ਉਸਨੂੰ ਧਰਤੀ ਤੇ ਘਸੀਟਦਾ ਹੋਇਆ ਕਈ ਮੀਲ ਦੂਰ ਲੈ ਗਿਆ । ਦੋ ਦਿਨਾਂ ਬਾਅਦ ਉਸਦੀ ਮੌਤ ਹੋ ਗਈ । ਇਸ ਤਰ੍ਹਾਂ ਮੀਰ ਮੰਨੂੰ ਵੀ ਫ਼ਰਖ਼ਸੀਅਰ ਵਾਂਗ ਬਹੁਤ ਬੁਰੀ ਮੌਤੇ ਮਰਿਆ ।

ਅਹਿਮਦ ਸ਼ਾਹ ਦੁਰਾਨੀ ਨੇ ਭਾਰਤ ਤੇ ਕਈ ਹਮਲੇ ਕੀਤੇ, ਤੇ ਹਰ ਵਾਰ ਕਰੋੜਾਂ ਰੁਪਿਆਂ ਦਾ ਲੁਟ ਦਾ ਮਾਲ ਆਪਣੇ ਵਤਨ ਲਿਜਾਂਦਾ ਰਿਹਾ । 14 ਜਨਵਰੀ 1761 ਈ: ਨੂੰ ਪਾਨੀਪਤ ਦੇ ਮੈਦਾਨ ਵਿਚ ਦੁਰਾਨੀ ਨੇ ਮਰਹੱਟਿਆਂ ਨੂੰ ਤਕੜੀ ਹਾਰ ਦਿਤੀ । ਉਸ ਸਮੇਂ ਉਸ ਨੇ ਪੰਜਾਬ ਫ਼ਤਹਿ ਕਰਨ ਦਾ ਫ਼ੈਸਲਾ ਕੀਤਾ, ਪਰ ਸਿੱਖ ਉਸਦੇ ਰਾਹ ਵਿਚ ਲੋਹੇ ਦੀ ਦੀਵਾਰ ਬਣ ਖੜੋਤੇ । ਸਿੱਖਾਂ ਨੇ ਉਸਨੂੰ ਸਖ਼ਤ ਪਰੇਸ਼ਾਨ ਕੀਤਾ । ਉਸਦੇ ਵਾਪਸ ਜਾਂਦਿਆਂ ਹੀ ਸਿੱਖ ਫਿਰ ਪੰਜਾਬ ਦੇ ਮੈਦਾਨਾਂ ਵਿਚ ਉਤਰ ਆਏ, ਤੇ ਹਕੂਮਤ ਦੇ ਸਾਰੇ ਪ੍ਰਬੰਧ ਖੇਰੂੰ ਖੇਰੂੰ ਕਰ ਦਿਤੇ । ਦੁਰਾਨੀ ਦੇ ਮੁਕੱਰਰ ਕੀਤੇ ਸਾਰੇ ਹੁਕਮਰਾਨਾਂ ਨੂੰ ਉਨ੍ਹਾਂ ਨੇ ਢਾਹ ਢੇਰੀ ਕਰ ਦਿਤਾ । ਇਨ੍ਹਾਂ ਝੜਪਾਂ ਵਿਚ ਬਹੁਤ ਸਾਰੇ ਹਥਿਆਰ ਸਿੱਖਾਂ ਦੇ ਹੱਥ ਆਏ । ਇਸ ਨਾਲ ਉਨ੍ਹਾਂ ਦੇ ਹੌਸਲੇ ਹੋਰ ਵੀ ਵਧ ਗਏ, ਤੇ ਉਨ੍ਹਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਹੌਰ ਸ਼ਹਿਰ ਤੇ ਜਾ ਹਮਲਾ ਕੀਤਾ । ਬਹੁਤਾ ਖ਼ੂਨ ਖ਼ਰਾਬਾ ਹੋਣ ਤੋਂ ਬਿਨਾਂ ਹੀ ਸਿੱਖਾਂ ਨੇ ਲਾਹੌਰ ਤੇ ਕਬਜ਼ਾ ਕਰ ਲਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੱਚਮੁਚ ਇਤਿਹਾਸ ਆਪਣੇ ਆਪ ਨੂੰ ਮੁੜ ਮੁੜ ਦੁਹਰਾਂਦਾ ਹੈ। ਕੁਝ ਦਹਾਕੇ ਸਾਲ ਪਹਿਲਾਂ ਜਿਨ੍ਹਾਂ ਸਿੰਘਾਂ ਦੇ ਸਿਰਾਂ ਦਾ ਮੁੱਲ ਮੁਕੱਰਰ ਸੀ, ਤੇ ਜਿਨ੍ਹਾਂ ਦਾ ਪੰਜਾਬ ਦੇ ਪਿੰਡਾਂ ਵਿਚ ਹੀ ਨਹੀਂ, ਜੰਗਲ ਬੇਲਿਆਂ ਵਿਚ ਵਿਚਰਨਾ ਵੀ ਅਸੰਭਵ ਬਣਾ ਦਿਤਾ ਗਿਆ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਸਿਰਫ਼ ਅੱਧੀ ਸਦੀ ਮਗਰੋਂ ਸਿੱਖਾਂ ਦੇ ਜੱਥੇਦਾਰ ਸ੍ਰ: ਜੱਸਾ ਸਿੰਘ ਆਹਲੂਵਾਲੀਆ ਨੂੰ "ਸੁਲਤਾਨ-ਉਲ-ਕੌਮ" ਦਾ ਲਕਬ ਦੇ ਕੇ ਲਾਹੌਰ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਗਿਆ। ਬੰਦਾ ਬਹਾਦਰ, ਸਿੱਖਾਂ ਦਾ ਪਹਿਲਾ ਜਰਨੈਲ ਸੀ, ਜਿਸਨੇ ਆਪਣੇ ਨਾਂ ਦਾ ਸਿੱਕਾ ਚਲਾਇਆ ਤੇ ਦੂਜਾ ਸ੍ਰ: ਜੱਸਾ ਸਿੰਘ ਆਹਲੂਵਾਲੀਆ—"ਸੁਲਤਾਨੇ ਕੌਮ" ਸੀ, ਜਿਸਨੇ ਆਪਣੇ ਸਿੱਕੇ ਤੇ ਬੰਦਾ ਸਿੰਘ ਬਹਾਦਰ ਵਾਲੇ ਸ਼ਬਦ ਹੀ ਅੰਕਤ ਕਰਾਏ :

> ਦੇਗੋ ਤੇਗੋ ਫ਼ਤਹਿ ੳ ਨਸਰਤ ਬੇਦਰਿੰਗ
> ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ

ਉਸ ਸਮੇਂ ਕਿਸੇ ਮਨਚਲੇ ਪੰਜਾਬੀ ਨੇ ਇਸ ਖ਼ਾਲਸਾਈ ਸਿੱਕੇ ਦੀਆਂ ਕੁਝ ਮੋਹਰਾਂ ਤੇ ਇਹ ਸਤਰਾਂ ਉਕਰਾ ਕੇ ਅਹਿਮਦ ਸ਼ਾਹ ਦੁਰਾਨੀ ਨੂੰ ਕੰਧਾਰ ਘਲ ਦਿਤੀਆਂ :

> ਸਿਕਾ ਜ਼ਦ ਬ-ਫ਼ਜ਼ਿਲ ਅਕਾਲ।
> ਮੁਲਕ ਅਹਿਮਦ, ਗ੍ਰਿਫ਼ਤ ਜਸਾ ਕਲਾਲ।

ਭਾਵ—ਰੱਬ ਦੀ ਮਿਹਰ ਨਾਲ ਅਹਿਮਦ ਸ਼ਾਹ ਦੁਰਾਨੀ ਦੇ ਪੰਜਾਬ ਨੂੰ ਜੱਸੇ ਕਲਾਲ ਨੇ ਜਬਰਨ ਖੋਹ ਲਿਆ ਹੈ।

ਇਸ ਪਿਛੋਂ ਪੰਜਾਬ ਵਿਚ ਬਹਾਦਰ ਸੂਰਬੀਰ ਸਿੱਖਾਂ ਦੀ ਹੀ ਹਕੂਮਤ ਰਹੀ। ਅਰੰਭ ਵਿਚ ਪੰਜਾਬ ਤੇ ਬਾਰਾਂ ਮਿਸਲਾਂ ਦਾ ਕਬਜ਼ਾ ਰਿਹਾ। ਇਸ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਸਮੁੱਚੇ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਇਸ ਤਰ੍ਹਾਂ ਪਹਿਲੀ ਵਾਰ ਬਿਨਾਂ ਹਿੰਦੂ, ਮੁਸਲਮ, ਸਿੱਖ ਦੇ ਵਿਤਕਰੇ ਦੇ ਪੰਜਾਬ ਵਿਚ—ਪੰਜਾਬੀਆਂ ਦਾ ਰਾਜ ਕਾਇਮ ਹੋ ਗਿਆ ਤੇ ਨਿਰੋਲ ਪੰਜਾਬੀਆਂ ਦੇ ਇਸ ਰਾਜ ਦੀ ਨੀਂਹ ਬੰਦਾ ਸਿੰਘ ਬਹਾਦਰ ਨੇ ਹੀ ਰਖੀ ਸੀ।

●

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਸਿੰਘ ਬਹਾਦਰ ਬਾਰੇ ਇਤਿਹਾਸਕਾਰਾਂ ਦੀ ਰਾਏ

ਬੰਦਾ ਆਪਣੇ ਨੇਤਾ (ਗੁਰੂ ਗੋਬਿੰਦ ਸਿੰਘ ਜੀ) ਨਾਲ ਬਹੁਤ ਗੱਲਾਂ ਵਿਚ ਮਿਲਦਾ ਸੀ। ਉਸਦੀ ਸ਼ਖ਼ਸੀਅਤ ਦਾ ਪ੍ਰਭਾਵ, ਉਸ ਦੀਆਂ ਚਮਕਦੀਆਂ ਅੱਖਾਂ ਤੇ ਉਸਦੀ ਤੇਜ਼ ਨਜ਼ਰ ਵੈਰੀ ਤੇ ਪ੍ਰਭਾਵ ਪਾਏ ਬਿਨਾਂ ਨਹੀਂ ਸਨ ਰਹਿੰਦੀਆਂ। [ਇਤਿਹਾਸਕਾਰ ਮੁਹੰਮਦ ਸ਼ਫ਼ੀ

ਬੰਦਾ ਬਹਾਦਰ ਨੇ ਮੁਸਲਮਾਨਾਂ ਤੇ ਕੋਈ ਧਾਰਮਕ ਬੰਦਸ਼ ਨਹੀਂ ਲਗਾਈ। ਉਸਨੇ ਬੂੜੀਏ ਦੇ ਮੁਸਲਮਾਨ ਜ਼ਿਮੀਂਦਾਰ ਜਾਨ ਮੁਹੰਮਦ ਨੂੰ ਪਰਗਨੇ ਦਾ ਮੁਖੀ ਮੁਕੱਰਰ ਕੀਤਾ। ਜੋ ਵੀ ਮੁਸਲਮਾਨ ਉਸ ਪਾਸ ਆਉਂਦਾ, ਬੰਦਾ ਬਹਾਦਰ ਉਸਦੀ ਰੋਜ਼ਾਨਾ ਤਨਖ਼ਾਹ ਨੀਯਤ ਕਰ ਦੇਂਦਾ। ਉਸਨੇ ਮੁਸਲਮਾਨਾਂ ਨੂੰ ਨਮਾਜ਼ ਤੇ ਖ਼ੁਤਬਾ ਪੜ੍ਹਨ ਦੀ ਆਗਿਆ ਦਿੱਤੀ ਹੋਈ ਹੈ। ਇਸ ਵਕਤ ਵੀ ਪੰਜ ਹਜ਼ਾਰ ਮੁਸਲਮਾਨ ਫ਼ੌਜੀ ਬੰਦੇ ਦੀ ਫ਼ੌਜ ਵਿਚ ਹਨ, ਜਿਨ੍ਹਾਂ ਨੂੰ ਬਾਂਗ ਦੇਣ ਤੇ ਨਮਾਜ਼ ਪੜ੍ਹਨ ਦੀ ਪੂਰੀ ਖੁਲ੍ਹ ਹੈ।
[18 ਅਪ੍ਰੈਲ 1714 ਈ: ਨੂੰ ਪੰਜਾਬ 'ਚੋਂ ਦਿੱਲੀ ਦਰਬਾਰ ਵਿਚ ਪਹੁੰਚਿਆ ਰੋਜ਼ਨਾਮਚਾ

ਇਸ ਡਰਾਮੇ ਦਾ ਪਲਾਟ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤਾ ਤੇ ਐਕਟਰ ਵੀ ਉਨ੍ਹਾਂ ਬੜੀ ਸੂਝ ਬੂਝ ਨਾਲ ਆਪ ਹੀ ਤਿਆਰ ਕੀਤੇ, ਪਰ ਇਹ ਬੰਦਾ ਬਹਾਦਰ ਹੀ ਸੀ, ਜਿਸਨੇ ਸਾਰੇ ਐਕਟਰਾਂ ਨੂੰ ਲੋਕਾਂ ਸਾਹਮਣੇ ਬੜੀ ਸਿਆਣਪ ਨਾਲ ਪੇਸ਼ ਕੀਤਾ। ਗੁਰੂ ਜੀ ਨੇ ਧਰਤੀ ਵਿਚ ਬੀਜ ਪਾਇਆ ਅਤੇ ਫ਼ਸਲ ਬੰਦਾ ਸਿੰਘ ਨੇ ਕੱਟੀ। [ਡਾ: ਗੋਕਲ ਚੰਦ ਨਾਰੰਗ

ਬੰਦਾ ਬਹਾਦਰ ਦਾ ਸੰਸਾਰ ਭਰ ਦੇ ਬਹਾਦਰ ਯੋਧਿਆਂ ਵਿਚ ਬਹੁਤ ਉੱਚਾ ਸਥਾਨ ਹੈ। ਉਸਦਾ ਨਾਂ ਹੀ ਪੰਜਾਬ ਤੇ ਪੰਜਾਬੋਂ ਬਾਹਰ ਦੇ ਮੁਗ਼ਲਾਂ ਵਿਚ ਦਹਿਸ਼ਤ ਫੈਲਾਣ ਲਈ ਕਾਫ਼ੀ ਹੁੰਦਾ ਸੀ। [ਅੰਗਰੇਜ਼ ਇਤਿਹਾਸਕਾਰ—ਮੈਗਰੇਗਰ

ਹਰ ਕਾਰਜ ਕਰਨ ਤੋਂ ਪਹਿਲਾਂ ਬੰਦਾ ਸਿੰਘ ਅਰਦਾਸ ਕਰਦਾ ਸੀ। ਜੋ ਵੀ ਉਸ ਪਾਸ ਅਸ਼ੀਰਵਾਦ ਲੈਣ ਜਾਂਦਾ ਸੀ, ਉਸਨੂੰ ਉਹ ਸਿਰਫ਼ "ਵਾਹਿਗੁਰੂ" ਦਾ ਮੰਤਰ ਦਿੰਦਾ ਤੇ ਨਾਮ ਜਪਣ ਦਾ ਉਪਦੇਸ਼ ਦਿੰਦਾ ਸੀ। [ਕਵੀ ਰਤਨ ਸਿੰਘ ਭੰਗੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਸਿੰਘ ਹਰ ਬੰਦੇ ਦਾ ਦਿਲ ਫ਼ੌਰਨ ਜਿੱਤ੍ਹ ਲੈਂਦਾ ਹੈ। ਜੋ ਉਸ ਪਾਸ ਆਉਂਦਾ, ਭਾਵੇਂ ਉਹ ਹਿੰਦੂ ਹੋਵੇ, ਭਾਵੇਂ ਮੁਸਲਮਾਨ—ਉਹ ਹਰ ਮਿਲਣ ਵਾਲੇ ਵਿਅਕਤੀ ਨੂੰ "ਸਿੰਘ ਸਾਹਿਬ" ਕਹਿ ਕੇ ਬੁਲਾਉਂਦਾ ਸੀ। [ਅਮੀਨ-ਉਲ-ਦੌਲਾ

ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਸਦਕਾ ਹੀ ਪੰਜਾਬੀਆਂ ਨੇ ਪਹਿਲੀ ਵਾਰ ਸਦੀਆਂ ਬਾਅਦ ਆਜ਼ਾਦੀ ਦਾ ਸਵਾਦ ਚੱਖਿਆ। ਬੰਦਾ ਸਿੰਘ ਪਹਿਲਾ ਜਰਨੈਲ ਸੀ, ਜਿਸਨੇ ਮੁਗਲਾਂ ਦੇ ਰਾਜ ਨੂੰ ਕਰੜੀ ਸੱਟ ਮਾਰੀ। ਬੰਦਾ ਸਿੰਘ ਨੇ ਹੀ ਮੁਗਲਾਂ ਦੇ ਮਜ਼ਬੂਤ ਗੜ੍ਹ ਨੂੰ ਤੋੜ ਕੇ ਸਿੱਖਾਂ ਨੂੰ ਰਾਜ ਅਸਥਾਪਨ ਕਰਨ ਯੋਗ ਬਣਾਇਆ। ਸਿੱਖ ਰਾਜ ਦੀਆਂ ਨੀਂਹਾਂ ਬੰਦਾ ਸਿੰਘ ਹੀ ਰਖ ਗਿਆ ਸੀ। [ਡਾ: ਗੰਡਾ ਸਿੰਘ

ਬੰਦਾ ਸਿੰਘ ਬਹਾਦਰ ਪਿੰਡ ਪੰਡੋਰ (ਬਿਸਤ ਜਲੰਧਰ ਦੁਆਬ) ਦਾ ਰਹਿਣ ਵਾਲਾ ਸੀ। ਉਹ ਇਕ ਬੈਰਾਗੀ ਫ਼ਕੀਰ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਉਹ ਬਹੁਤ ਸਾਲ ਦੋਸਤ ਰਿਹਾ।

[History of Origin & Progress of the Sikhs—Alexendar Browne

ਬੰਦਾ ਬੈਰਾਗੀ ਸਿਆਲਕੋਟ ਜ਼ਿਲੇ ਦਾ ਇਕ ਪੰਜਾਬੀ ਖਤਰੀ ਸੀ।

[A Glossary of the tribes & casts of the Punjab

ਗੁਰੂ ਗੋਬਿੰਦ ਸਿੰਘ ਜੀ ਤੇ ਬੰਦਾ ਬਹਾਦਰ ਵਿਚਕਾਰ ਅਟੁਟ ਪਿਆਰ ਸੀ। ਇਥੋਂ ਤੀਕ ਕਿ ਗੁਰੂ ਜੀ ਨੇ ਆਪਣੇ ਪਿਛੋਂ ਬੰਦਾ ਬਹਾਦਰ ਦੀ ਗੱਦੀ-ਨਸ਼ੀਨੀ ਦਾ ਐਲਾਨ ਵੀ ਕਰ ਦਿਤਾ ਸੀ, ਪਰ ਗੁਰੂ ਦੇ ਤੌਰ ਤੇ ਨਹੀਂ, ਇਕ ਜਰਨੈਲ ਦੇ ਤੌਰ ਤੇ।

And to whom He (Guru Gobind Singh) become so much attached that be nominated his successor—not as Guru, but as commander of the forces of Khasla.

[Short History of the Sikhs

Forwarded with compliments from
the Department of Education,
Govt. of India

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦਾ ਬਹਾਦਰ ਵਲੋਂ ਸਿੰਘਾਂ ਨੂੰ ਘੱਲੇ ਇਕ ਹੁਕਮਨਾਮੇ ਦੀ ਨਕਲ

੧ ਓ ਫਤੇ ਦਰਸ਼ਨ—

ਸਿਰੀ ਸਚੇ ਸਾਹਿਬ ਜੀ ਦਾ ਹੁਕਮ ਹੈ, ਸਰਬੱਤ ਖਾਲਸਾ ਜਉਨਪੁਰ ਕਾ ਗੁਰੂ ਰਖੇਗਾ। ਗੁਰ ਗੁਰ ਜਪਣਾ ਜਨਮ ਸਵਰੈਗਾ। ਤੁਸੀਂ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ। ਪੰਜ ਹਥਿਆਰ ਬੰਨ੍ਹਿ ਕੈ ਹੁਕੰਮ ਦੇਖਦਿਆਂ ਦਰਸ਼ਨ ਆਵਣਾ। ਖਾਲਸੇ ਦੀ ਰਹਿਤ ਰਹਿਣਾ। ਭੰਗ, ਤਮਾਕੂ, ਅਫ਼ੀਮ, ਪੋਸਤ, ਦਾਰੂ, ਅਮਲ ਕੋਈ ਨਹੀਂ ਖਾਣਾ। ਮਾਸ; ਮਛਲੀ, ਪਿਆਜ਼ ਨਹੀਂ ਖਾਣਾ। ਚੋਰੀ ਯਾਰੀ ਨਹੀਂ ਕਰਨੀ। ਅਸਾਂ ਸਤਜੁਗ ਵਰਤਾਇਆ ਹੈ। ਆਪੋ ਵਿਚ ਪਿਆਰ ਕਰਨਾ ਮੇਰਾ ਹੁਕਮ ਹੈ। ਜੋ ਖਾਲਸੇ ਦੀ ਰਹਿਤ ਰਹੇਗਾ, ਤਿਸਦੀ ਗੁਰੂ ਬਹੁੜੀ ਕਰੇਗਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
GURUKUL KANGRI LIBRARY
Acces on
Class on
Tag etc.
Checked
Any Other
26-9

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar